# ਵਤਨ

www.watanpunjabi.ca

ਫਰਵਰੀ-ਅਗਸਤ 2011

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਅੰਜੂ ਹੁੰਦਲ ਅਤੇ ਪਾਲ ਬਿਨਿੰਗ

ਇਸ ਅੰਕ ਵਿੱਚ


| | | | ਸਫਾ |
|---|---|---|---|
| ਸੰਪਰਕ | | | 2 |
| ਸ਼ਰਧਾਂਜਲੀ | | | |
| | ਕੈਨੇਡਾ ਦੇ ਪੰਜਾਬੀ ਸਾਹਿਤ ਵਿੱਚ ਡਾ: ਦਰਸ਼ਨ ਗਿੱਲ ਦਾ ਨਾਂ ਹਮੇਸ਼ਾਂ ਯਾਦ ਰਹੇਗਾ | ਸੰਪਾਦਕ | 3 |
| | ਸੋਹਣ ਕਾਦਰੀ - ਰਵਾਇਤ ਸ਼ਿਕਨ ਕਲਾਕਾਰ | ਬਲਰਾਜ ਚੀਮਾ | 4 |
| ਕਹਾਣੀਆਂ | | | |
| | ਯੁੱਧ ਅਤੇ ਬੁੱਧ | ਮਧੂ ਕਾਂਕਰੀਆ | 6 |
| | ਪਾਲੀ | ਰਣਬੀਰ ਜੌਹਲ | 14 |
| ਕਵਿਤਾਵਾਂ | | | |
| | ਤਿੰਨ ਕਵਿਤਾਵਾਂ | ਮੰਗੇ ਸਪਰਾਏ | 17 |
| ਨਾਟਕ | | | |
| | ਤਿੜਕਦੇ ਰਿਸ਼ਤੇ | ਨਾਹਰ ਔਜਲਾ | 18 |
| ਲੜੀਵਾਰ ਨਾਵਲ | | | |
| | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 24 |
| ਪਰਦਾ ਜੋ ਉੱਠ ਗਿਆ | | | |
| | ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ | ਸੁਖਵੰਤ ਹੁੰਦਲ | 34 |
| ਲੇਖ | | | |
| | ਪੰਜਾਬੀ ਭਾਈਚਾਰਾ ਅਤੇ ਧਰਮ | ਸਾਧੂ ਬਿਨਿੰਗ | 52 |
| | ਅਸਲ ਲੋਕ ਕਵੀ ਸੰਤ ਰਾਮ ਉਦਾਸੀ | ਸੁਖਦੇਵ ਸਿੱਧੂ | 57 |
| ਪੁਸਤਕ ਰਿਵੀਊ | | | |
| | ਸਕੀਨਾ | ਸਾਧੂ ਬਿਨਿੰਗ | 62 |
| ਰਿਪੋਰਟਾਂ | | | |
| | ਪੰਜਾਬੀ ਕਲਮਾਂ ਦਾ ਕਾਫਲਾ ਟਰਾਂਟੋ | ਉਂਕਾਰਪ੍ਰੀਤ | 64 |
| | ਇਕ ਤਰਕਸ਼ੀਲ ਵਿਆਹ | ਪ੍ਰਮਿੰਦਰ ਸਵੈਚ | 66 |

**ਸੰਪਰਕ**

| | | |
|---|---|---|
| **ਸੁਖਵੰਤ ਹੁੰਦਲ** | sukhwanthundal123@gmail.com | **604-595-5767** |
| **ਸਾਧੂ ਬਿਨਿੰਗ** | sadhu.binning@gmail.com | **604-437-9014** |
| **ਹਰਪ੍ਰੀਤ ਸੇਖਾ** | hsekha@hotmail.com | **604-599-4986** |
| **ਪਾਲ ਬਿਨਿੰਗ** | paulbinning67@gmail.com | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3

---

## ਕਾਪੀਰਾਇਟ ਨੋਟਿਸ

ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। – ਅਦਾਰਾ ਵਤਨ

---

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan. All officeholders and members of Watan, past and present, have been and are honorary associates.

---

# ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: sukhwanthundal123@gmail.com ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.** ●

ਸ਼ਰਧਾਂਜਲੀ

# ਕੈਨੇਡਾ ਦੇ ਪੰਜਾਬੀ ਸਾਹਿਤਕ ਇਤਿਹਾਸ ਵਿੱਚ ਡਾ: ਦਰਸ਼ਨ ਗਿੱਲ ਦਾ ਨਾਂ ਹਮੇਸ਼ਾਂ ਯਾਦ ਰਹੇਗਾ



ਕਵੀ, ਆਲੋਚਕ, ਅਨੁਵਾਦਕ, ਸੰਪਾਦਕ ਅਤੇ ਬ੍ਰਾਡਕਾਸਟਰ ਡਾ: ਦਰਸ਼ਨ ਗਿੱਲ 10 ਜੂਨ 2011 ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ। ਇਸ ਸਮੇਂ ਉਹ 68 ਸਾਲਾਂ ਦੇ ਸਨ।

ਉਹਨਾਂ ਦਾ ਪਹਿਲਾ ਕਾਵਿ-ਸੰਗ੍ਰਹਿ "ਰੂਪ ਅਰੂਪ" ਸੰਨ 1976 ਵਿੱਚ ਛਪਿਆ। ਉਸ ਤੋਂ ਬਾਅਦ ਉਹ ਆਪਣੇ ਲਿਖਣ ਕਾਰਜ ਵਿੱਚ ਪੂਰੀ ਲਗਾਤਾਰਤਾ ਨਾਲ ਜੁਟੇ ਰਹੇ। ਆਪਣੇ ਸਮੁੱਚੇ ਜੀਵਨਕਾਲ ਦੌਰਾਨ ਉਹਨਾਂ ਨੇ ਡੇਢ ਦਰਜਨ ਦੇ ਕਰੀਬ ਕਿਤਾਬਾਂ ਲਿਖੀਆਂ ਜਿਹਨਾਂ ਵਿੱਚ ਦਸ ਕਾਵਿ-ਸੰਗ੍ਰਹਿ, ਤਿੰਨ ਆਲੋਚਨਾ ਦੀਆਂ ਕਿਤਾਬਾਂ, ਇਕ ਸੰਪਾਦਿਤ ਕਾਵਿ-ਸੰਗ੍ਰਹਿ, ਅਤੇ ਦੋ ਅਨੁਵਾਦਤ ਕਿਤਾਬਾਂ ਸ਼ਾਮਲ ਹਨ। ਉਹਨਾਂ ਵਲੋਂ ਚੀਫ ਡੈਨ ਜਾਰਜ ਦੀ ਪੁਸਤਕ *ਮਾਈ ਹਰਟ ਸੋਅਰਜ਼* ਦਾ ਪੰਜਾਬੀ ਅਨੁਵਾਦ ਉਕਾਬ ਦੀ ਉਡਾਣ 1980 ਵਿਚ ਪ੍ਰਕਾਸ਼ਤ ਕੀਤਾ ਗਿਆ ਜੋ ਇਸ ਮੁਲਕ ਦੇ ਅਸਲੀ ਵਾਸ਼ਿੰਦਿਆਂ ਨਾਲ ਪੰਜਾਬੀ ਭਾਈਚਾਰੇ ਦੀਆਂ ਜੜ੍ਹਾਂ ਪੱਕੀਆਂ ਕਰਨ ਵਲ ਇਕ ਵੱਡਮੁੱਲਾ ਕਦਮ ਸੀ।

ਉਹ 1972 ਵਿੱਚ ਕਨੇਡਾ ਆਏ ਸਨ ਅਤੇ ਕੁੱਝ ਸਮਾਂ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਇਲਾਕੇ ਵਿੱਚ ਰਹਿ ਕੇ ਸੰਨ 1982 ਵਿੱਚ ਵੈਨਕੂਵਰ ਆ ਗਏ। ਉਸ ਸਮੇਂ ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਉਹ ਗਰੇਟਰ ਵੈਨਕੂਵਰ ਦੇ ਆਲੇ ਦੁਆਲੇ ਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਪੂਰੀ ਸ਼ਿੱਦਤ ਨਾਲ ਹਿੱਸਾ ਲੈਂਦੇ ਰਹੇ। ਉਹ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਸਰਗਰਮ ਮੈਂਬਰ ਸਨ ਅਤੇ ਕਈ ਵਾਰ ਇਸ ਦੇ ਕੋਆਰਡੀਨੇਟਰ ਵੀ ਰਹੇ। ਪੰਜਾਬੀ ਲੇਖਕ ਮੰਚ ਵਲੋਂ ਆਯੋਜਿਤ ਪ੍ਰੋਗਰਾਮਾਂ, ਕਾਨਫਰੰਸਾਂ, ਸੈਮੀਨਾਰਾਂ ਅਤੇ ਹੋਰ ਗਤੀਵਿਧੀਆਂ ਨੂੰ ਕਰਵਾਉਣ ਅਤੇ ਨੇਪਰੇ ਚਾੜ੍ਹਨ ਵਿੱਚ ਉਹ ਹਮੇਸ਼ਾਂ ਹੀ ਮਹੱਤਵਪੂਰਨ ਰੋਲ ਅਦਾ ਕਰਦੇ ਰਹੇ। ਉਹਨਾਂ ਦੀ ਸਾਹਿਤਕ ਸਰਗਰਮੀ ਦਾ ਘੇਰਾ ਸਿਰਫ ਵੈਨਕੂਵਰ ਦੇ ਆਲੇ ਦੁਆਲੇ ਤੱਕ ਹੀ ਸੀਮਤ ਨਹੀਂ ਸੀ, ਸਗੋਂ ਉਹ ਕੈਨੇਡਾ ਦੇ ਦੂਸਰੇ ਸ਼ਹਿਰਾਂ (ਕੈਲਗਰੀ, ਕਿਲੋਨਾ ਆਦਿ) ਵਿੱਚ ਹੋਣ ਵਾਲੇ ਸਾਹਿਤਕ ਪ੍ਰੋਗਰਾਮਾਂ ਦੇ ਵੀ ਪ੍ਰੇਰਣਾ ਸਰੋਤ ਹੁੰਦੇ ਸਨ।

ਸੰਨ 1982 ਵਿੱਚ ਵੈਨਕੂਵਰ ਆਉਣ ਤੋਂ ਬਾਅਦ ਉਨ੍ਹਾਂ ਨੇ ਹਫਤਾਵਾਰੀ ਅਖਬਾਰ "ਕੈਨੇਡਾ ਦਰਪਣ" ਸ਼ੁਰੂ ਕੀਤਾ ਅਤੇ ਬਹੁਤ ਹੀ ਚੁਣੌਤੀਆਂ ਭਰਪੂਰ ਸਥਿਤੀਆਂ ਵਿੱਚ ਇਸ ਅਖਬਾਰ ਨੂੰ 7 ਸਾਲਾਂ ਤੱਕ ਚਲਦਾ ਰੱਖਿਆ। ਆਪਣੀ ਪ੍ਰਕਾਸ਼ਨਾ ਦੇ ਸਮੁੱਚੇ ਦੌਰ ਦੌਰਾਨ ਕੈਨੇਡਾ ਦਰਪਣ ਖੱਬੇਪੱਖੀ ਅਤੇ ਸੈਕੂਲਰ ਵਿਚਾਰਾਂ ਦਾ ਧਾਰਨੀ ਅਤੇ ਮੂਲਵਾਦ, ਕੱਟੜਵਾਦ ਅਤੇ ਖਾਲਿਸਤਾਨੀ ਪੱਖੀ ਵਿਚਾਰਾਂ ਦਾ ਵਿਰੋਧੀ ਰਿਹਾ। ਉਸ ਸਮੇਂ ਦੇ ਦਹਿਸ਼ਤ ਭਰੇ ਮਾਹੌਲ ਵਿੱਚ ਇਸ ਤਰ੍ਹਾਂ ਦੇ ਵਿਚਾਰਾਂ ਦੇ ਅਦਾਨ ਪ੍ਰਦਾਨ ਲਈ ਮੰਚ ਪ੍ਰਦਾਨ ਕਰਨਾ ਇਕ ਬਹੁਤ ਹੀ ਮਹੱਤਵਪੂਰਨ ਕੰਮ ਸੀ ਜਿਸ ਨੂੰ ਡਾ: ਗਿੱਲ ਨੇ ਬਹੁਤ ਹੀ ਹੌਂਸਲੇ ਨਾਲ ਨਿਭਾਇਆ।

ਪਿਛਲੇ ਕੁਝ ਸਾਲਾਂ ਤੋਂ ਡਾ: ਗਿੱਲ ਰੇਡੀਓ ਉੱਪਰ ਪੰਜਾਬੀ ਸਾਹਿਤ ਬਾਰੇ ਹਫਤਾਵਾਰੀ ਪ੍ਰੋਗਰਾਮ ਸਾਹਿਤਨਾਮਾ ਪੇਸ਼ ਕਰਿਆ ਕਰਦੇ ਸਨ। ਇਸ ਪ੍ਰੋਗਰਾਮ ਨੇ ਆਮ ਲੋਕਾਂ ਤੱਕ ਪੰਜਾਬੀ ਸਾਹਿਤ ਪਹੁੰਚਾਉਣ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਤਰ੍ਹਾਂ ਉਹਨਾਂ ਪੰਜਾਬੀ ਸਾਹਿਤ ਦੀਆਂ ਕਿਤਾਬਾਂ ਨੂੰ ਆਮ ਲੋਕਾਂ ਦੀ ਪਹੁੰਚ ਵਿਚ ਲਿਆਉਣ ਲਈ ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਨੂੰ ਏਥੇ ਆ ਕੇ ਕਿਤਾਬਾਂ ਦੀ ਨੁਮਾਇਸ਼ ਲਾਉਣ ਵਿਚ ਮਦਦ ਕੀਤੀ।

ਡਾ: ਗਿੱਲ ਵਲੋਂ ਪੰਜਾਬੀ ਸਾਹਿਤ ਵਿੱਚ ਪਾਏ ਸਮੁੱਚੇ ਯੋਗਦਾਨ ਨੂੰ ਧਿਆਨ ਵਿੱਚ ਰੱਖਦਿਆਂ ਭਾਸ਼ਾ ਵਿਭਾਗ ਨੇ ਸੰਨ 2010 ਉਹਨਾਂ ਨੂੰ ਸ਼੍ਰੋਮਣੀ ਪਰਵਾਸੀ ਸਾਹਿਤਕਾਰ ਦਾ ਇਨਾਮ ਦਿੱਤਾ।

ਡਾ: ਦਰਸ਼ਨ ਗਿੱਲ ਪਿਛਲੇ ਚਾਰ ਦਹਾਕਿਆਂ ਦੌਰਾਨ ਕੈਨੇਡਾ ਦੇ ਪੰਜਾਬੀ ਸਾਹਿਤਕ ਪਿੜ ਵਿੱਚ ਬਹੁਤ ਹੀ ਸਰਗਰਮੀ ਅਤੇ ਸ਼ਿੱਦਤ ਨਾਲ ਵਿਚਰਦੇ ਰਹੇ ਹਨ। ਆਪਣੇ ਸਮੁੱਚੇ ਸਾਹਿਤਕ ਜੀਵਨ ਦੌਰਾਨ ਉਹਨਾਂ ਨੇ ਬ੍ਰਿਟਿਸ਼ ਕੋਲੰਬੀਆ ਦੇ ਸਾਹਿਤਕ ਪਿੜ ਵਿੱਚ ਵਾਪਰੀਆਂ ਗਤੀਵਿਧੀਆਂ ਨੂੰ ਹਾਂ-ਪੱਖੀ ਰੂਪ ਦੇਣ ਵਿੱਚ ਇਕ ਅਹਿਮ ਅਤੇ ਜ਼ਿਕਰਯੋਗ ਭੂਮਿਕਾ ਨਿਭਾਈ ਹੈ। ਨਤੀਜੇ ਵੱਜੋਂ ਕੈਨੇਡਾ ਦੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਉਹਨਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਏਗਾ। ●

ਸ਼ਰਧਾਂਜਲੀ

# ਸੋਹਣ ਕਾਦਰੀ –ਰਵਾਇਤ ਸ਼ਿਕਨ ਕਲਾਕਾਰ



**(1932 – 2011)**

(ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਚਿੱਤਰਕਾਰ ਸੋਹਣ ਕਾਦਰੀ 1 ਮਾਰਚ 2011 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਇਹ ਲੇਖ ਉਹਨਾਂ ਦੀ ਯਾਦ ਨੂੰ ਸਮਰਪਤ ਹੈ।)

**ਬਲਰਾਜ ਚੀਮਾ**

bsc123@rogers.com

ਕਲਾਕਾਰ ਆਪਣੀ ਇਕੱਲਤਾ ਦੀ ਕਾਲ ਕੋਠੜੀ ਵਿੱਚ ਬੈਠੇ ਦਿਨ ਰਾਤ ਨੂੰ ਵਸਾਰ ਕੇ ਕਮਲਿਆਂ ਵਾਂਗ ਬੁਰਸ਼ ਜਾਂ ਕਾਨੀ ਨਾਲ ਸਿਰਜਣ ਕਿਰਿਆ ਜਾਂ ਪ੍ਰਕਿਰਿਆ ਵਿੱਚ ਗੁਆਚੇ ਰਹਿੰਦੇ ਹਨ। ਉਨ੍ਹਾਂ ਦੇ ਦੁਆਲੇ ਦੂਜੇ ਲੋਕ ਕਮਲਿਆਂ ਵਾਂਗ ਹਿੰਸਾ, ਈਰਖਾ, ਯੁੱਧਾਂ, ਇਲਤਾਂ, ਰੀਤੀਆਂ-ਕੁਰੀਤੀਆਂ, ਚਾਲਾਂ-ਕੁਚਾਲਾਂ ਦੇ ਸੰਸਾਰ ਵਿੱਚ ਗੁੰਮ ਹੁੰਦੇ ਹਨ। ਨਿੱਤ ਦੇ ਜੀਵਨ ਘੋਲ਼ ਵਿੱਚ ਲੜਦੇ, ਝਗੜਦੇ, ਮਾਰਦੇ-ਕੁੱਟਦੇ ਤੇ ਭੱਜਦੇ-ਦੌੜਦੇ, ਪੈਸਾ ਕਮਾਉਂਦੇ, ਮਾਰੋ-ਮਾਰ ਵਿੱਚ ਬੇਹੋਸ਼ ਲੋਕਾਂ ਦੇ ਸਮੁੰਦਰ ਵਿੱਚ ਕਲਾਕਾਰ ਹੋਸ਼ ਦੇ ਇੱਕ ਟਾਪੂ ਵਾਂਗ ਲੱਗਦੇ ਹਨ। ਜਦੋਂ ਬਾਹਰਲੀ ਦੁਨੀਆ ਤਬਾਹੀ ਤੇ ਨਹਿਸ਼ ਤਹਿਸ਼ ਦੇ ਅਮਲ ਵਿੱਚ ਜੁਟੀ ਹੁੰਦੀ ਹੈ ਕਲਾਕਾਰ ਸਿਰਜਣਾ ਦੇ ਸੰਸਾਰ ਵਿੱਚ ਸਿਮਟਿਆ ਹੁੰਦਾ ਹੈ। ਅਜਿਹਾ ਹੀ ਟਾਪੂ ਸੀ ਸੋਹਣ ਕਾਦਰੀ ਜੋ 78 ਸਾਲ ਇਸ ਧਰਤੀ ਦੇ ਫ਼ਲ਼, ਫੁਲ ਤੇ ਰਸ, ਜੜੀਆਂ ਬੂਟੀਆਂ ਤੇ ਨੇਅਮਤਾਂ ਭੋਗਣ ਪਿੱਛੋਂ ਪਹਿਲੀ ਮਾਰਚ, 2011 ਨੂੰ ਬ੍ਰਹਿਮੰਡ ਦੇ ਇਸ ਪਸਾਰੇ ਨੂੰ ਬਾਈ ਬਾਈ ਕਹਿ ਗਿਆ।

ਕਪੂਰਥਲੇ ਜ਼ਿਲੇ 'ਚ ਫਗਵਾੜੇ ਨਾਲ ਲਗਦੇ ਨਿੱਕੇ ਜਿਹੇ ਪਿੰਡ ਚਾਚੋਕੀ ਵਿੱਚ 1932 ਵਿੱਚ ਪੈਦਾ ਹੋਇਆ, ਇਲਾਕੇ ਦੇ ਸਕੂਲਾਂ ਵਿੱਚ ਪੜ੍ਹਿਆ, ਗੌਰਮਿੰਟ ਕਾਲਜ ਸ਼ਿਮਲੇ ਤੋਂ ਮਾਸਟਰ ਆਫ਼ ਫ਼ਾਈਨ ਆਰਟਸ ਕੀਤੀ। ਕੁਝ ਸਮਾਂ ਪੋਸਟ ਗਰੈਜੂਏਟ ਪੱਧਰ ਦੀਆਂ ਕਲਾਸਾਂ ਪੜ੍ਹਾਉਣ ਪਿੱਛੋਂ 1963 ਵਿੱਚ ਉਹ ਸੁਤੰਤਰ ਆਰਟਿਸਟ ਵਜੋਂ ਕੰਮ ਕਰਦਾ ਰਿਹਾ ਤੇ 1966 ਵਿੱਚ ਈਸਟ ਅਫ਼ਰੀਕਾ ਅਤੇ ਬਾਅਦ ਵਿੱਚ ਯੋਰਪ ਅਤੇ ਅਮਰੀਕਾ ਚਲਾ ਗਿਆ। 1966 ਤੋਂ 1970 ਤੀਕ ਜ਼ਿਊਰਿਕ ਅਤੇ ਪੈਰਿਸ ਵਿੱਚ ਤੇ ਮੁੜ ਕੇ 1970 ਤੋਂ 26 ਸਾਲ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਗੁਜ਼ਾਰਨ ਪਿੱਛੋਂ ਮਿਸੀਸਾਗਾ (ਓਨਟੇਰੀਓ, ਕੈਨੇਡਾ) ਆ ਵੱਸਿਆ। ਅਸਲ ਵਿੱਚ ਕਾਦਰੀ ਕਾਲਜ ਦੇ ਸਾਲਾਂ ਦੌਰਾਨ ਹੀ ਇੱਕ ਗੁਰਦਾ ਗੁਆ ਬੈਠਾ ਸੀ ਤੇ ਇੱਕ ਗੁਰਦੇ ਸਹਾਰੇ ਸਰੀਰ ਚਲਾਈ ਜਾਂਦਾ ਸੀ। ਜੀਵਨ ਅਤੇ ਕਲਾ ਪ੍ਰਤੀ ਉਸ ਦੀ ਪ੍ਰਤੀਬੱਧਤਾ ਤੇ ਸਿਰੜ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ। ਪਿਛਲੇ ਲਗਭਗ 50 ਸਾਲਾਂ ਤੋਂ ਉਹ ਇੱਕ ਕਿਡਨੀ ਸਹਾਰੇ ਹੀ ਸਾਧਾਰਨ ਮਨੁੱਖ ਵਾਂਗ ਵਿਚਰਦਾ ਰਿਹਾ ਪਰ ਅਸਧਾਰਨ ਕਲਾ ਕ੍ਰਿਤੀਆਂ ਦੀ ਸਿਰਜਣਾ ਕਰਦਾ ਰਿਹਾ। ਪਰ ਹੁਣ ਕਾਫ਼ੀ ਸਮੇਂ ਤੋਂ ਦੂਜੀ ਕਿਡਨੀ ਵੀ ਉਸ ਨੂੰ ਪਰੇਸ਼ਾਨ ਕਰਨ ਲੱਗ ਪਈ ਸੀ। ਦੂਜੀ ਕਿਡਨੀ ਦੀ ਬਿਮਾਰੀ ਕਾਰਨ ਉਹ ਡਾਇਲਿਸਿਸ ਦੀ ਸਹਾਇਤਾ ਨਾਲ ਜੀ ਰਿਹਾ ਸੀ। ਦਹਾਕੇ ਤੋਂ ਵੱਧ ਸਮੇਂ ਤੋਂ ਆਪਣੀ ਕਲਾਕਾਰ ਮਹਿਬੂਬਾ ਜੋਐਨ ਨਾਲ ਰਹਿ ਰਿਹਾ ਸੀ ਅਤੇ ਕੋਈ 2 ਕੁ ਸਾਲ ਤੋਂ ਉਹ ਓਨਟੇਰੀਓ ਵਿੱਚ ਮੇਰੇ ਕਾਂਡੋਮੀਨੀਅਮ ਦੇ ਨਜ਼ਦੀਕ ਇੱਕ ਲਗਯਰੀ ਕਾਂਡੋ ਵਿੱਚ ਆ ਟਿਕਿਆ ਸੀ। ਸਾਲਾਂ ਬੱਧੀ ਗੁਰਦੇ ਦੀ ਬਿਮਾਰੀ ਨਾਲ ਘੁਲ਼ ਕੇ ਉਹ 1 ਮਾਰਚ, 2011 ਨੂੰ ਇਥੇ ਹੀ ਸੁਆਸ ਤਿਆਗ ਗਿਆ।

ਪਰ ਸਹੀ ਕਲਾਕਾਰ ਸਮੇਂ ਤੇ ਸਥਾਨ ਦੀਆਂ ਹੱਦ ਬੰਦੀਆਂ ਤੋਂ ਮੁਕਤ ਹੁੰਦੇ ਹਨ; ਉਹ ਧਰਤੀ ਦੀ ਕਿਸੇ ਇੱਕ ਟੁਕੜੀ ਦੇ ਨਹੀਂ ਹੁੰਦੇ; ਉਨ੍ਹਾਂ ਦਾ ਪਸਾਰ ਸਾਰਾ ਸੰਸਾਰ ਹੁੰਦਾ ਹੈ। ਖ਼ਾਸ ਕਰ ਸੋਹਣ ਕਾਦਰੀ ਇੱਕ ਤਾਂਤਰਕ ਤੇ ਬੁੱਧੀ ਵਾਲਾ ਮਨੁੱਖ ਹੋਣ ਕਰਕੇ ਸਹੀ ਅਰਥਾਂ ਵਿੱਚ ਸੰਸਾਰ ਦਾ ਸ਼ਹਿਰੀ ਸੀ।

50ਵਿਆਂ ਦੌਰਾਨ ਫ਼ਾਈਨ ਆਰਟਸ ਦੀ ਪੜ੍ਹਾਈ ਸਮੇਂ ਉਸ ਦੇ ਹਾਣੀਆਂ ਵਿੱਚੋਂ ਹਰਦੇਵ ਸਿੰਘ ਸਭ ਤੋਂ ਸੀਨੀਅਰ ਸੀ, ਸ਼ਿਵ ਸਿੰਘ (ਬੁੱਤਘਾੜੀ ਅਤੇ ਚਿਤਰਕਲਾ), ਰਛਪਾਲ ਸਿੰਘ ਰਣੀਆ (ਚਿਤਰਕਲਾ), ਚਾਰਲੀ (ਚਿਤਰਕਲਾ), ਆਦਿ ਕਈ ਜੁਆਨ ਚਿਤਰ ਕਲਾ ਜਗਤ

ਦੇ ਸੁਫ਼ਨੇ ਲੈ ਰਹੇ ਸਨ। ਇਹ ਸਾਰੇ ਇੱਕੋ ਹੀ ਸਕੂਲ ਵਿੱਚ ਅੱਗੇ ਪਿਛੇ ਪੜ੍ਹਦੇ ਰਹੇ। ਪਿੱਛੋਂ ਆਪਣੇ ਸੁਫ਼ਨੇ ਸਾਕਾਰ ਕਰਨ ਲਈ ਵਿਦੇਸ਼ਾਂ ਨੂੰ ਧਾ ਪਏ। ਰਣੀਆ ਕੈਨੇਡਾ ਆ ਗਿਆ ਤੇ ਹਰਦੇਵ ਪਹਿਲਾਂ ਪੋਲੈਂਡ ਤੇ ਫ਼ਿਰ ਕੈਨੇਡਾ ਆ ਵੱਸਿਆ, ਸ਼ਿਵ ਸਿੰਘ ਜਰਮਨੀ ਗਿਆ ਤੇ ਸਿਖਲਾਈ ਪਿਛੋਂ ਹੁਣ ਚੰਡੀਗੜ੍ਹ ਆਪਣਾ ਸਟੂਡੀਓ ਸਜਾ ਕੇ ਬੈਠਾ ਹੈ, ਚਾਰਲੀ ਵੀ ਕੈਨੇਡਾ ਵਿੱਚ ਆ ਵੱਸਿਆ। ਯੰਗੋ ਵਰਮਾ (ਜਿਹੜਾ ਦਿਲੀ ਸਕੂਲ ਆਫ਼ ਆਰਟਸ ਵਿੱਚ ਵਿਦਿਆਰਥੀ ਸੀ) ਵੀ ਸ਼ਿਵ ਸਿੰਘ ਵਾਂਗ ਬੁੱਤ ਘਾੜੇ ਤੋਂ ਚਿਤਰ ਕਲਾ ਵੱਲ ਪਰਤਿਆ; ਇਹ ਦੋਵੇਂ ਹੀ ਜਰਮਨੀ ਵਿੱਚ ਸਿਖਿਆ ਹਾਸਲ ਕਰਦੇ ਰਹੇ ਹਨ। ਯੰਗੋ ਵਰਮਾ ਵੀ ਹੁਣ ਕੈਨੇਡਾ ਵਸਦਾ ਹੈ।

ਕਾਦਰੀ ਇੱਕ ਸੰਪੂਰਨ ਸੁਤੰਤਰ ਸੋਚ ਵਾਲਾ ਵਿਅਕਤੀ ਸੀ ਜੋ ਸੰਸਥਾਪਤ ਧਰਮ, ਸਮਾਜਕ ਬੰਧਸ਼ਾਂ, ਦੁਨੀਆਵੀ ਵਲਗਣਾਂ ਤੋਂ ਬਾਗ਼ੀ ਰਿਹਾ। ਸੰਸਾਰ ਦੀਆਂ ਕਈ ਵਰਜਿਤ ਵਸਤਾਂ ਨੂੰ ਭੋਗਦਾ ਰਿਹਾ ਅਤੇ ਇੰਜ ਆਪਣੇ ਮਨ, ਤਨ ਦੀ ਰੁਚੀ-ਰੁਝਾਣ ਨੂੰ ਰਿਝਾਉਣ ਵਿੱਚ ਉਸ ਕਦੇ ਸੰਸਾਰਕ ਸੰਗ ਨਹੀਂ ਮਹਿਸੂਸ ਕੀਤੀ; ਇਸੇ ਕਰ ਕੇ ਅਸੀਂ ਮੰਨਦੇ ਹਾਂ ਕਿ ਉਹ ਇੱਕ ਤਰ੍ਹਾਂ ਨਾਲ ਸਰਬ ਸੰਪੰਨ ਭਰਪੂਰ ਜੀਵਨ ਜੀਵਿਆ ਸੀ। ਸਕੈਂਡੇਨੇਵੀਆ ਦੇ ਦੇਸ਼ਾਂ ਵਿੱਚ ਨਸ਼ਿਆਂ ਦੀ ਵਰਤੋਂ ਬਾਰੇ ਬਾਕੀ ਦੇ ਪਛਮੀ ਦੇਸ਼ਾਂ ਦੇ ਮੁਕਾਬਲੇ ਖੁੱਲ੍ਹ ਹੈ; ਉਥੇ ਅਮਰੀਕਾ ਵਾਲੀ ਵਾਧੂ ਕਰੜਾਈ ਨਹੀਂ; ਅਮਰੀਕਾ ਵਿੱਚ ਨਸ਼ਿਆਂ ਉੱਤੇ ਬੇਤਰਕ ਕਾਨੂੰਨੀ ਬੰਦਸ਼ਾਂ ਕਾਰਨ ਨਸ਼ਿਆਂ ਦੀ ਵੱਧ ਤੇ ਘਾਤਕ ਵਰਤੋਂ ਹੁੰਦੀ ਹੈ ਤੇ ਜੁਰਮ ਨੂੰ ਉਤਸਾਹਤ ਕਰਦੀ ਹੈ ਜਿਸ ਕਾਰਨ ਅਮਰੀਕਨ ਜੇਲ੍ਹਾਂ ਭਰੀਆਂ ਪਈਆਂ ਹਨ। ਇਸ ਦੇ ਮੁਕਾਬਲੇ ਸਕੈਂਡੇਨੇਵੀਆ ਦੇ ਜਾਗ੍ਰਿਤ ਦੇਸ਼ਾਂ ਵਿੱਚ ਅਮਰੀਕਾ ਵਾਲੀ ਮੁਜਰਮਾਨਾ ਬੰਦਸ਼ ਨਾ ਹੋਣ ਕਾਰਨ ਇਸ ਜੁਰਮ ਦੀ ਮਾਤਰਾ ਤੇ ਬਾਰਬਾਰਤਾ ਵੀ ਘਟ ਹੈ; ਸੋਹਣ ਕਾਦਰੀ ਨੇ ਸ਼ਾਇਦ ਡੈਨਮਾਰਕ ਵਿੱਚ ਰਹਿਣ ਦੀ ਚੋਣ ਵੀ ਇਸੇ ਕਰ ਕੇ ਹੀ ਕੀਤੀ ਸੀ।

ਉਸ ਨੇ ਪਰੰਪਰਾ ਤੋਂ ਹਟ ਕੇ ਉੱਤਰੀ ਭਾਰਤ ਦੇ ਕਲਾਕਾਰਾਂ ਵਿੱਚ ਨਵੀਂ ਨੀਝ ਭਰਨ ਦੀ ਲੀਹ ਚਲਾਈ ਤੇ ਬਾਅਦ ਵਿੱਚ ਪੱਛਮ ਵਿੱਚ ਆ ਕੇ ਇਥੋਂ ਦੇ ਪ੍ਰਭਾਵ ਗ੍ਰਹਿਣ ਕੀਤੇ। ਉਸ ਨੇ ਯਥਾਰਥਵਾਦੀ ਤੇ ਇਸ ਦੇ ਪ੍ਰਤੀਨਿਧਤੁਵ ਵਾਲੀ ਸਿਰਜਣਾ ਨੂੰ ਤਿਆਗ ਕੇ ਐਕਸਪ੍ਰੈਸ਼ਨਿਜ਼, ਇੰਪਰੈਸ਼ਨਿਜ਼, ਐਬਸਟਰੈਕਟ ਆਦਿ ਆਧੁਨਿਕ ਕਲਾ ਸੰਕਲਪਾਂ ਤੇ ਸਕੂਲਾਂ ਨੂੰ ਅਪਣਾਇਆ। ਕਾਦਰੀ ਕਿਉਂਕਿ ਰੂਹ ਅਤੇ ਰੀਤਾਂ ਪੱਖੋਂ ਸੁਤੰਤਰ ਸੀ ਇਸ ਲਈ ਉਹ ਘਸੀਆਂ ਪਿਟੀਆਂ ਲਕੀਰਾਂ ਉੱਤੇ ਚੱਲਣ ਦੀ ਮਾਰ ਤੋਂ ਬਚਿਆ ਰਿਹਾ; ਇਹ ਸੁਤੰਤਰਤਾ ਉਸ ਦੀ ਪੇਂਟਿੰਗ ਤੇ ਕਵਿਤਾ ਦੋਹਾਂ ਵਿੱਚੋਂ ਝਾਕਦੀ ਹੈ।

ਕਾਦਰੀ ਚਿੱਤਰਕਾਰ ਤਾਂ ਸੀ ਪਰ ਨਾਲ ਹੀ ਸਮਰੱਥ ਕਵੀ ਵੀ ਸੀ। ਉਹ ਕਵਿਤਾ ਵਿੱਚ ਵੀ ਪਰੰਪਰਾ ਤੋਂ ਬਾਗ਼ੀ ਹੋ ਕੇ ਵਿਚਰਦਾ ਸੀ। ਉਸ ਦੀ ਕਵਿਤਾ ਰਸਮੀ ਬੰਦਸ਼ਾਂ ਤੇ ਬੱਝੀਆਂ ਘੁੱਟੀਆਂ ਲਕੀਰਾਂ ਤੋਂ ਸੁਤੰਤਰ ਸੀ। ਉਸ ਦੀ ਕਾਵਿ ਪੁਸਤਕ "ਦੀ ਡੌਟ ਐਂਡ ਦੀ ਡੌਟਸ" ਅਖਾਣਾਂ ਵਾਂਗ *ਥੋੜ੍ਹੇ ਸ਼ਬਦਾਂ ਵਿੱਚ ਕਹੀਆਂ ਭਾਵਪੂਰਤ ਗੱਲਾਂ* ਵਰਗੀਆਂ ਕਵਿਤਾਵਾਂ ਹਨ। ਉਸ ਅੰਦਰ ਰਹੱਸਯ ਅਤੇ ਉਸ ਦੀ ਕਵਿਤਾ ਅੰਦਰਲਾ ਉਸ ਰਹੱਸਯ ਦਾ ਪ੍ਰਗਟਾਅ ਬਿਲਕੁਲ ਇੱਕਮਕਿ ਹਨ। ਇਹ ਡੇਨਿਸ਼ ਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਵਿੱਚ 1995 ਵਿੱਚ ਪ੍ਰਕਾਸ਼ਤ ਹੋਈ ਸੀ। ਉਸ ਦੀਆਂ ਦੂਜੀਆਂ ਪੰਜਾਬੀ ਕਾਵਿ ਰਚਨਾਵਾਂ ਵੀ ਗੰਭੀਰ ਰਹੱਸਭਾਵੀ ਪਾਠਕਾਂ ਆਲੋਚਕਾਂ ਦਾ ਧਿਆਨ ਖਿੱਚਦੀਆਂ ਹਨ।

ਪਰ ਅੰਦਰੋਂ ਉਹ ਜੀਵਨ ਰਹੱਸਯ ਦੇ ਧੁਰ ਅੰਦਰ ਦਾਖ਼ਲ ਹੋ ਕੇ ਇਸ ਕਾਸਮਿਕ ਰਹੱਸ ਨੂੰ ਘੋਖਣਾ ਚਾਹੁੰਦਾ ਸੀ। ਇਹ ਹੀ ਕਾਰਨ ਸੀ ਕਿ ਉਹ ਬੂੰਦ ਸਮੁੰਦਰ, ਮਿੱਟੀ ਮਿੱਟੀ ਜਿਹੇ ਨਾਵਾਂ ਨਾਲ ਪੁਸਤਕਾਂ ਦੀ ਜਾਣ-ਪਛਾਣ ਕਰਵਾਉਂਦਾ ਸੀ। ਸਭ ਤੋਂ ਪਹਿਲੀ ਪੁਸਤਕ ਅਮਰ ਜਯੋਤੀ ਸੀ।

ਬਾਕੀ ਦੇ ਕਈ ਪੰਜਾਬੀ ਤੇ ਵਿਦੇਸ਼ੀ ਕਲਾਕਾਰਾਂ ਵਾਂਗ ਉਹ ਗ਼ਰੀਬੀ ਜਾਂ ਮੁਥਾਜੀ ਵਾਲਾ ਜੀਵਨ ਬਤੀਤ ਨਹੀਂ ਸੀ ਕਰ ਰਿਹਾ। ਦੇਸ਼ ਵਿਦੇਸ਼ ਦੀਆਂ ਵੱਖ ਵੱਖ ਗੈਲਰੀਆਂ ਵਿੱਚ ਉਸ ਦਾ ਆਉਣਾ-ਜਾਣਾ ਬਣਿਆ ਰਹਿੰਦਾ ਸੀ। ਕਲਾ ਜਗਤ ਵਿੱਚ ਉਸ ਦੀ ਪ੍ਰਸਿੱਧੀ ਹੁਣ ਯੌਰਪ, ਉੱਤਰੀ ਅਮਰੀਕਾ, ਏਸ਼ੀਆ ਦੇ ਨਾਮਵਰ ਕਲਾ ਕੇਂਦਰਾਂ ਵਿੱਚ ਆਪਣੀ ਜਗ੍ਹਾ ਬਣਾ ਚੁੱਕੀ ਸੀ। ਵੱਖ ਵੱਖ ਆਰਟ ਗੈਲਰੀਆਂ ਜਿਵੇਂ ਕਿ ਮੁੰਬਈ, ਦਿੱਲੀ, ਡੈਨਮਾਰਕ, ਪੈਰਿਸ ਜਿਹੇ ਸੁਪ੍ਰਸਿੱਧ ਸੈਂਟਰਾਂ ਵਿੱਚ ਉਸ ਦੀਆਂ ਕਲਾ ਕ੍ਰਿਤੀਆਂ ਸਲਾਹੀਆਂ ਗਈਆਂ ਸਨ ਅਤੇ ਆਕਸ਼ਨ ਹਾਊਸ ਅਤੇ ਆਰਟ ਆਲੋਚਕ ਉਸ ਨੂੰ ਸਹੀ ਸਥਾਨ ਦੇਣ ਵਿੱਚ ਝਿਜਕਦੇ ਨਹੀਂ ਸਨ। ਮਾਂਟਰੀਅਲ, ਲਾਸ ਐਂਜਲਿਸ, ਵਿੱਚ ਵੀ ਕਾਦਰੀ ਦੀਆਂ ਨੁਮਾਇਸ਼ਾਂ ਲੱਗਦੀਆਂ ਰਹੀਆਂ ਹਨ। ਕੁਮਾਰ ਆਰਟ ਗੈਲਰੀ, ਨਵੀ ਦਿੱਲੀ ਨੇ ਸੋਹਣ ਕਾਦਰੀ ਨਾਂ ਦੀ ਉਸ ਦੀਆਂ ਪੇਂਟਿੰਗਾਂ ਦੀ ਬਹੁਤ ਭਾਰੀ ਆਕਾਰ ਵਾਲੀ *ਕਾਫ਼ੀ ਟੇਬਲ ਪੁਸਤਕ* ਗਲੋਸੀ ਪੇਪਰ ਉੱਤੇ ਛਾਪੀ ਸੀ। ਉਸ ਦੀਆਂ ਕਲਾ ਕ੍ਰਿਤੀਆਂ ਦੀ ਇੱਕ ਪੁਸਤਕ ਪਹਿਲਾਂ ਸੁੰਦਰਮ ਟੈਗੋਰ ਗੈਲਰੀ (ਜਿਸ ਦੀਆਂ ਬਰਾਂਚਾਂ ਨਿਊ ਯੌਰਕ, ਬੈਵਰਲੀ ਹਿੱਲਜ਼ ਅਤੇ ਹਾਂਗਕੌਂਗ ਵਿੱਚ ਹਨ) ਵੀ ਪ੍ਰਕਾਸ਼ਤ ਕਰਵਾ ਚੁੱਕੀ ਸੀ। ਸੁੰਦਰਮ ਟੈਗੋਰ ਗੈਲਰੀ ਵਾਲਿਆਂ ਉਸ ਉੱਤੇ ਡਾਕੂਮੈਂਟਰੀ ਵੀ ਬਣਾਈ ਸੀ। ਉਸ ਦੀਆਂ ਦੋ ਪੇਂਟਿੰਗਾਂ ਏ. ਜੀ. ਓ. (ਓਨਟੇਰੀਓ ਆਰਟ ਗੈਲਰੀ) ਦੀ ਸ਼ੋਭਾ ਬਣ ਚੁੱਕੀਆਂ ਹਨ। ਦਿੱਲੀ ਦੀ ਨੈਸ਼ਨਲ ਆਰਟ ਗੈਲਰੀ ਵਿੱਚ ਵੀ ਉਸ ਦੀਆਂ ਕਿਰਤਾਂ ਨਮਾਇਸ਼ਤ ਹਨ। ਇੰਡੀਗੋਬਲੂ ਆਰਟ ਸਿੰਘਾਪੁਰ ਵਿਖੇ ਵੀ ਉਸ ਦੀਆਂ ਪੇਂਟਿੰਗਾਂ ਸੁਸ਼ੋਭਤ ਹਨ। ਇਹ ਤੱਥ ਦੱਸਦੇ ਹਨ ਕਿ ਵਿੱਤੀ ਤੌਰ ’ਤੇ ਆਰਟ ਗੈਲਰੀਆਂ ਤੇ ਆਰਟ ਹਾਊਸਾਂ ਵੱਲੋਂ ਉਸ ਦੀਆਂ ਕਿਰਤਾਂ ਦਾ ਉਸ ਨੂੰ ਪੂਰਾ ਮੁੱਲ ਮਿਲਦਾ ਰਿਹਾ।

ਉਸ ਦੀ ਕਲਾ ਦਾ ਪੁਜਾਰੀ ਸੁੰਦਰਮ ਟੈਗੋਰ (ਸੁੰਦਰਮ ਟੈਗੋਰ ਗੈਲਰੀ ਦਾ ਮਾਲਕ ਤੇ ਰਾਬਿੰਦਰ ਨਾਥ ਟੈਗੋਰ ਦਾ ਚੌਥੀ ਪੀੜ੍ਹੀ ਦਾ ਧਾਰੀ ਟੈਗੋਰ ਸੁੰਦਰਮ ) ਕਾਦਰੀ ਦੀ ਅੰਤਮ ਰਸਮ ਸਮੇਂ ਵਿਸੇਸ਼ ਤੌਰ ’ਤੇ ਪਹੁੰਚਿਆ ਸੀ।

ਰਵਾਇਤਾਂ, ਰੂੜ੍ਹੀਗਤ ਰੀਤੀਆਂ ਸ਼ਿਕਨ ਕਰਨ ਵਾਲਾ ਸੋਹਣ ਕਾਦਰੀ ਆਖ਼ਰੀ ਦਮ ਤੀਕ ਆਪਣੇ ਨਿਸਚੇ ਨਾਲ ਨਿਭਿਆ ਸੀ; ਕਿਸੇ ਦਾ ਦਿਲ ਰੱਖਣ ਲਈ, ਜਾਂ ਝੂਠਾ ਨਕਸ਼ਾ ਸਿਰਜਣ ਲਈ ਜਾਂ ਕਿਸੇ ਨੂੰ ਝੂਠਾ ਖ਼ੁਸ਼ ਕਰਨ ਲਈ ਉਸ ਨੇ ਆਪਣੀ ਸਾਇਕੀ ਤੇ ਸੋਚ ਨਾਲ ਸਮਝੌਤਾ ਨਹੀਂ ਕੀਤਾ। ਆਪਣੀ ਰਾਹ ਉਹ ਇਕੱਲਾ ਹੀ ਚੱਲਣ ਲਈ ਦਰਿੜ੍ਹ ਸੀ; ਅੰਤ ਨੂੰ ਇਕੱਲਾ ਹੀ ਚਲਾ ਗਿਆ।

ਉਹ ਸਾਨੂੰ ਛੱਡ ਕੇ ਚਲਾ ਗਿਆ ਪਰ ਸਾਡੇ ਲਈ, ਕਲਾ ਪ੍ਰੇਮੀਆਂ ਲਈ ਭਰਪੂਰ ਵਿਰਾਸਤ ਛੱਡ ਗਿਆ ਜੋ ਆਉਣ ਵਾਲੇ ਸਮਿਆਂ ਵਿੱਚ ਵੀ ਕਲਾ ਸੰਸਾਰ ਦਾ ਬਹੁਮੁੱਲਾ ਖ਼ਜ਼ਾਨਾ ਬਣ ਕੇ ਜੀਵੰਤ ਰਹੇਗੀ। ●

ਹਿੰਦੀ ਕਹਾਣੀ

# ਯੁੱਧ ਅਤੇ ਬੁੱਧ

## ਮਧੂ ਕਾਂਕਰੀਆ

**(ਅਨੁਵਾਦ: ਰਾਬਿੰਦਰ ਸਿੰਘ ਬਾਠ)**

ਉਹ ਅੱਖਾਂ ਕਦੀ ਵੀ ਨਹੀਂ ਭੁੱਲਣਗੀਆਂ।

ਨਾ ਉਹ ਦਿਨ। ਨਾ ਉਹ ਤਾਰੀਖ।

ਵਿਹਲ ਮਿਲਦਿਆਂ ਹੀ ਡੂਨੇ 'ਚ ਧਰੇ ਦੀਵੇ ਦੀ ਤਰ੍ਹਾਂ ਯਾਦਾਂ ਦੀ ਨਦੀ ਮੈਨੂੰ ਉੱਥੇ ਵਹਾ ਲੈ ਜਾਂਦੀ ਹੈ ਜਿੱਥੇ ਉਮਰ ਦੇ ਇਸ ਟਿੱਲੇ ਤੇ ਖੜ੍ਹੇ ਹੋ ਕੇ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਲਗਦਾ ਹੈ ਕਿ ਮੇਰਾ ਅਸਲੀ 'ਮੈਂ' ਮੇਰਾ ਅਸਲੀ ਚਿਹਰਾ ਪਿੱਛੇ ਕਿਤੇ ਬਹੁਤ ਦੂਰ ਰਹਿ ਗਿਆ ਹੈ ਅਤੇ ਮੈਂ ਆਪਣੇ ਆਪ ਤੋਂ ਬਹੁਤ ਦੂਰ ਨਿਕਲ ਆਇਆ ਹਾਂ - "ਮੈਂ ਕਦੋਂ ਦਾ ਲੱਭ ਰਿਹਾ ਹਾਂ, ਉਹ ਚਿਹਰਾ ਜੋ ਕਦੇ ਮੇਰਾ ਸੀ।"

ਇਹ ਸਾਰਾ ਅਫਸਾਨਾ ਉਸ ਗਵਾਚੇ ਹੋਏ ਚਿਹਰੇ ਦਾ ਹੈ ਕਿਉਂਕਿ ਮੇਰੇ ਨਾਲ ਦਿਕੱਤ ਇਹੋ ਸੀ ਕਿ ਮੈਂ ਮੇਜਰ ਵਿਸ਼ਾਲ ਰਾਣਾਵਤ ਸਿਰਫ ਇਕ ਸਮਰਪਤ ਅਤੇ ਨਿਸ਼ਠਾਵਾਨ ਫੌਜੀ ਹੀ ਨਹੀਂ ਸਾਂ, ਫੌਜੀ ਦੇ ਇਲਾਵਾ ਕੁਝ ਹੋਰ ਵੀ ਸਾਂ।

ਪਹਿਲੀ ਤਾਰੀਖ ਤਾਂ ਮੈਨੂੰ ਯਾਦ ਨਹੀਂ, ਬਸ ਐਨਾ ਕੁ ਯਾਦ ਹੈ ਕਿ ਉਹਨੀਂ ਦਿਨੀਂ ਮੈਂ ਮਿੰਨਾ-ਮਿੰਨਾ ਮੁਸਕਰਾਉਂਦਾ ਰਹਿੰਦਾ ਸਾਂ ਅਤੇ ਸੋਚਦਾ ਰਹਿੰਦਾ ਸਾਂ ਕਿ ਕਦੋਂ ਫੌਜੀ ਬਣਾਂਗਾ। ਕਿਉਂਕਿ ਉਹਨੀਂ ਦਿਨੀਂ ਜਾਦੂ ਅਤੇ ਰੁਮਾਂਸ ਭਰਿਆ ਫੌਜੀ ਸ਼ਬਦ ਮੈਨੂੰ ਰੱਬ ਦੀ ਸਭ ਤੋਂ ਵੱਡੀ ਨਿਆਮਤ ਲਗਦਾ ਸੀ। ਅਠਾਰਾਂ ਸਾਲ ਦੀ ਉਮਰ। ਅਬੋਧ ਅਣਜਾਨ ਦੁਨੀਆਂ ਅਤੇ ਆਰਮੀ ਦਾ ਜਾਦੂ। ਮੇਰੀ ਦੂਰ ਦੀ ਭੈਣ ਦਾ ਘਰਵਾਲਾ ਫੌਜ 'ਚ ਕਰਨਲ ਸੀ। ਜਦੋਂ ਵੀ ਉਹ ਮੈਨੂੰ ਮਿਲਦਾ, ਉਹਨਾਂ ਦੇ ਇਕ-ਇਕ ਠਹਾਕੇ 'ਤੇ ਮੈਂ ਨਸ਼ਿਆ-ਨਸ਼ਿਆ ਜਾਂਦਾ। ਪਚਵੰਜਾ ਦੀ ਉਮਰ ਵਿਚ ਵੀ ਉਹ ਐਨੇ ਜੋਸ਼ੀਲੇ ਅਤੇ ਕੁਰਕਰੇ ਸਨ ਜਿੰਨਾ ਸ਼ਾਇਦ ਮੈਂ ਆਪਣੇ ਬਚਪਨ ਵਿਚ ਵੀ ਨਹੀਂ ਸਾਂ ਅਤੇ ਮੇਰਾ ਪਿਤਾ ਲਾਹੋਲ ਬਿਲਾਕੂਵਤ। ਪੰਜਤਾਲੀ ਵਰ੍ਹਿਆਂ ਦਾ ਮੇਰਾ ਪਿਤਾ ਉਹਨਾਂ ਦੇ ਸਾਹਮਣੇ ਐਨਾ ਥੁਲਥੁਲ, ਬਿਮਾਰ ਅਤੇ ਝੁਰੜੀਆਂ ਭਰਿਆ ਲਗਦਾ ਸੀ ਕਿ ਮੈਂ ਉਦਾਸੀ ਨਾਲ ਭਰ ਜਾਂਦਾ ਅਤੇ ਸੋਚਦਾ ਕਿ ਮੈਂ ਕਦੋਂ ਫੌਜੀ ਬਣਾਂਗਾ? ਪਿਤਾ ਦੇ ਮੱਥੇ ਤੇ ਹਮੇਸ਼ਾਂ ਤਿਊੜੀਆਂ ਪਈਆਂ ਰਹਿੰਦੀਆਂ, ਉਹਨਾਂ ਦਾ ਚਿਹਰਾ ਹਮੇਸ਼ਾਂ ਝੁੰਜਲਾਇਆ ਰਹਿੰਦਾ ਅਤੇ ਉਹਨਾਂ ਦੀ ਬਾਣੀਆ ਖੋਪੜੀ 'ਚ ਹਮੇਸ਼ਾਂ ਨਫੇ ਨੁਕਸਾਨ ਦਾ ਹਿਸਾਬ-ਕਿਤਾਬ ਚਲਦਾ ਰਹਿੰਦਾ। ਵਿੱਤੀ ਸੱਚ ਹੀ ਉਹਨਾਂ ਦੇ ਜੀਵਨ ਦਾ ਸੱਚ ਸੀ ਅਤੇ ਉਹ ਕਾਰੋਬਾਰ ਨੂੰ ਹੀ ਸਮਰਪਤ ਸਨ। ਉਹਨਾਂ ਦੀ ਸਟਿਲ ਲਾਈਫ ਮੈਨੂੰ ਬਹੁਤ ਬੋਰ ਕਰਦੀ। ਉਹਨਾਂ ਦਾ ਅਤੇ ਉਹਨਾਂ ਦੇ ਮੱਥੇ ਤੇ ਪਈਆਂ ਤਿਊੜੀਆਂ ਵਿਚਕਾਰ ਉਹੀ ਰਿਸ਼ਤਾ ਸੀ ਜੋ ਇਕ ਫੌਜੀ ਅਤੇ ਉਹਦੀ ਬੰਦੂਕ ਵਿਚਕਾਰ ਹੁੰਦਾ ਹੈ। ਉਹਨੀਂ ਦਿਨੀਂ ਮੇਰੇ ਜ਼ਿਹਨ, ਦਿਲ ਦਿਮਾਗ, ਸੁਪਨਿਆਂ ਅਤੇ ਚੇਤਨਾ ਸਭ 'ਤੇ ਫੌਜ ਹੀ ਛਾਈ ਹੋਈ ਸੀ ਅਤੇ ਮੈਂ ਸੋਚਦਾ ਕਿ ਮੈਂ ਕੀ ਕਰਾਂ ਕਿ ਮੈਂ ਫੌਜੀ ਹੋ ਜਾਵਾਂ। ਬਹੁਤ ਯਤਨ ਨਾਲ ਪਾਲੀ ਆਪਣੀ ਫੌਜੀ ਬਣਨ ਦੀ ਇੱਛਾ ਨੂੰ ਮੈਂ ਹਰ ਸਮੇਂ ਪਾਣੀ ਪਾਉਂਦਾ ਰਹਿੰਦਾ ਕਿ ਇਹ ਕਿਤੇ ਕੁਮਲਾ ਨਾ ਜਾਵੇ ਅਤੇ ਮੈਂ ਅਕਸਰ ਆਪਣੇ ਉਸ ਫੌਜੀ ਜੀਜੇ ਦੀ ਨਕਲ ਕਰਦਾ, ਉਹਨਾਂ ਵਾਂਗ ਹੀ ਠਹਾਕਾ ਮਾਰਕੇ ਹਸਦਾ। ਉਹਨਾਂ ਵਾਂਗ ਹੀ ਤਣ ਕੇ ਤੁਰਦਾ। ਤੁਰਦਿਆਂ ਹੋਇਆਂ ਇਹ ਖਾਸ ਖਿਆਲ ਰੱਖਦਾ ਕਿ ਮੇਰੇ ਬੂਟਾਂ 'ਚੋਂ ਵੀ ਉਹੀ ਚੀਂਕੂ-ਚੀਂਕੂ ਦੀ ਆਵਾਜ ਆਵੇ ਜਿਹੜੀ ਫੌਜੀ ਜੀਜੇ ਦੇ ਬੂਟਾਂ 'ਚੋਂ ਨਿਕਲਦੀ ਹੈ। ਮੈਂ ਖੂਬ ਫਲ ਖਾਂਦਾ, ਦੁੱਧ ਪੀਂਦਾ ਤਾਂ ਜੋ ਮੇਰੀ ਹਿੱਕ ਚੌੜੀ ਹੋ ਜਾਵੇ ਅਤੇ ਮੈਂ ਫਿਜੀਕਲ ਟੈਸਟ 'ਚੋਂ ਪਾਸ ਹੋ ਜਾਵਾਂ।

ਮੈਂ ਜੇਕਰ ਵਿਸ਼ਾਲ ਰਾਣਾਵਤ ਉਸ ਦੌਰ ਦੀ ਪਟ ਕਥਾ ਲਿਖ ਰਿਹਾ ਹਾਂ ਜਿਹਨੀਂ ਦਿਨੀਂ ਮੈਨੂੰ ਰਾਸ਼ਟਰੀ ਰਾਈਫਲਜ਼ 24 ਵਿਚ ਭਾਰਤ ਦੇ ਸਭ ਤੋਂ ਸੰਵੇਦਨਸ਼ੀਲ ਇਲਾਕੇ ਗੁੰਡ ਵਿਚ ਕੰਪਨੀ ਕਮਾਂਡਰ ਬਣਾ ਕੇ ਭੇਜ ਦਿੱਤਾ ਗਿਆ ਸੀ। 2002 ਦਾ ਉਹ ਸਮਾਂ ਜਦੋਂ ਲਾਲ ਕਿਲ੍ਹੇ ਤੋਂ ਸ਼ਾਂਤੀ ਦੇ ਪ੍ਰਤੀਕ ਕਬੂਤਰਾਂ ਨੂੰ ਉਡਾਇਆ ਜਾ ਰਿਹਾ ਸੀ ਅਤੇ ਮੈਂ ਕਸ਼ਮੀਰ 'ਚ ਗੋਲੇ ਵਰ੍ਹਾ ਰਿਹਾ ਸਾਂ। ਹਾਲਾਂਕਿ ਹਿੰਸਾ, ਖੂਨ-ਖਰਾਬੇ ਅਤੇ ਬੰਬਾਰੀ ਦਾ ਗ੍ਰਾਫ ਸਿਖਰ ਤੇ ਪਹੁੰਚ ਕੇ ਹੁਣ ਵਾਪਸ ਮੁੜਨ ਲੱਗਾ ਸੀ। ਇਸ ਵਾਪਸੀ ਲਈ ਆਰਮੀ ਨੇ ਕਿੰਨਾ ਮੱਥਾ ਮਾਰਿਆ, ਕਿੰਨਾ ਇਨਸਾਨੀ ਖੂਨ ਵਹਾਇਆ ਅਤੇ ਮਨੁੱਖੀ ਜਿੰਦਗੀਆਂ ਦਾ ਕਿੰਨਾ ਘਾਣ ਹੋਇਆ, ਇਸ ਦਾ ਹਿਸਾਬ ਤਾਂ ਸ਼ਾਇਦ ਕੋਈ ਚੰਦ੍ਰਮੁਖ ਵੀ ਨਾ ਰੱਖ ਸਕੇ। ਬਹਰਹਾਲ ਇਹ ਸਾਡਾ ਮਿਸ਼ਨ ਸੀ ਇਸ ਵਾਪਸੀ ਨੂੰ ਬਰਕਰਾਰ ਰਖਦੇ ਹੋਏ ਕਸ਼ਮੀਰ ਦੀ ਹਾਲਤ ਨੂੰ ਹੋਰ ਨਾਰਮਲ ਕਰਨਾ ਅਤੇ ਇਸ ਨਾਰਮਲ ਕਰਨ ਦਾ ਮਤਲਬ ਸੀ ਬਹੁਤ ਸੁੰਦਰ ਮਾਨਵਤਾ ਦਾ ਸਫਾਇਆ।

'ਮਿਲਟਰੀ' ਅਤੇ 'ਮਿਲੀਟੈਂਟ' ਇਹ ਦੋ ਸ਼ਬਦ ਐਸੇ ਸਨ ਜੋ ਇਹਨੀਂ ਦਿਨੀਂ ਧੁੱਪ ਅਤੇ ਹਵਾ ਦੀ ਤਰ੍ਹਾਂ ਕਸ਼ਮੀਰ ਦੀ ਫਿਜ਼ਾ 'ਚ ਰਸ ਵੱਸ ਗਏ ਸਨ। ਹਰ ਨੁੱਕਰ ਤੇ ਫੌਜੀ। ਹਰ ਫੌਜੀ ਦੀ ਅੱਖ ਵਿਚ ਇਕ ਸੁਪਨਾ ਅਤੇ ਹਰ ਸੁਪਨੇ ਵਿਚ ਮਿਲੀਟੈਂਟ ਦਾ ਸਫਾਇਆ।

ਮੈਂ ਵੀ ਸੁਪਨਿਆਂ ਦੇ ਕੁਝ ਗੁੱਛਿਆਂ ਨਾਲ ਕਸ਼ਮੀਰ ਦੀਆਂ ਖੂਬਸੂਰਤ ਵਾਦੀਆਂ 'ਚ ਕਦਮ ਰਖਿਆ ਸੀ। ਉਹ ਸੁਪਨੇ ਸਨ - ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਮਹਿਮਾ ਦੀ ਰਾਖੀ ਕਰਦਿਆਂ ਕਸ਼ਮੀਰ ਦੀ ਵਾਦੀ ਤੋਂ ਵਾਪਸੀ ਤੇ ਮੇਰੀਆਂ ਅੱਖਾਂ ਸੁੰਨੀਆਂ ਸਨ, ਮੇਰੇ ਕੋਲ ਕੋਈ ਸੁਪਨਾ ਨਹੀਂ ਸੀ। ਇਸ ਲਈ ਨਹੀਂ ਕਿ ਮੈਂ ਇਹ ਸਭ ਚਾਹੁੰਦਾ ਸਾਂ ਕਿ ਆਪਣੇ ਸਾਰੇ ਸੁਪਨੇ ਲੁਟਾ ਕੇ ਇੱਥੋਂ ਵਾਪਸੀ ਕਰਾਂ। ਨਹੀਂ, ਪਰ ਇਸ ਲਈ ਕਿ ਵਾਪਸੀ ਤੇ ਮੇਰੀਆਂ ਅੱਖਾਂ ਇਨਸਾਨੀਅਤ ਦੇ ਧੂੰਏਂ ਨਾਲ ਭਰੀਆਂ ਹੋਈਆਂ ਸਨ ਕਿਉਂਕਿ ਜਦੋਂ ਪੀੜ੍ਹਤ ਇਨਸਾਨੀਅਤ ਮੇਰੇ ਸਾਹਮਣੇ ਗੋਡੇ ਟੇਕ ਕੇ ਮੇਰੇ ਕੋਲੋਂ ਮਦਦ ਦੀ ਪੁਕਾਰ ਕਰ ਰਹੀ ਸੀ, ਮੈਨੂੰ ਉਸ ਨੂੰ ਦਰੜਦਿਆਂ ਹੋਇਆਂ ਅੱਗੇ ਲੰਘ ਜਾਣਾ ਪੈਂਦਾ ਸੀ ਕਿਉਂਕਿ ਇਥੇ ਆਤਮਾ, ਇਨਸਾਨੀਅਤ, ਵਿਸ਼ਵ ਚੇਤਨਾ, ਮਾਨਵ ਪ੍ਰੇਮ, ਹਮਦਰਦੀ, ਕਰੁਣਾ, ਪ੍ਰੇਮ ਵਰਗੀਆਂ ਮਾਨਵੀ ਸੰਵੇਦਨਾਵਾਂ ਜਿਸ ਇਕ ਜੰਜ਼ੀਰ ਨਾਲ ਲਹੂਲੁਹਾਨ ਸਨ ਉਸ ਦਾ ਨਾਂ ਸੀ - ਆਰਡਰ। ਸਾਨੂੰ ਏਦਾਂ ਕਰਨ ਦਾ ਆਰਡਰ ਨਹੀਂ ਸੀ ਅਤੇ ਇਹ 'ਨਹੀਂ' ਮੇਰੇ ਅਤੇ ਮੇਰੀ ਇਨਸਾਨੀਅਤ ਵਿਚਕਾਰ, ਮੇਰੇ ਅਤੇ ਮੇਰੀ ਮੁਕਤ ਆਤਮਾ ਵਿਚਕਾਰ, ਮੇਰੇ ਅਤੇ ਮੇਰੀ ਅੰਤਰ-ਆਤਮਾ ਵਿਚਕਾਰ ਹਰ ਪਲ ਟਕਰਾਉਂਦਾ

ਅਤੇ ਹਰ ਵੇਲੇ ਮੈਨੂੰ ਇਸ ਪੀੜ ਭਰੇ ਅਹਿਸਾਸ ਨਾਲ ਭਰ ਦਿੰਦਾ ਕਿ ਮੇਰੇ ਨਾਲੋਂ ਜ਼ਿਆਦਾ ਮੁਕਤ ਆਤਮਾ ਇਹਨਾਂ ਖੂਬਸੂਰਤ ਵਾਦੀਆਂ 'ਚ ਮੱਝਾਂ, ਸੂਰਾਂ ਅਤੇ ਬੱਕਰੀਆਂ ਦੀ ਸੀ ਜੋ ਆਪਣੀ ਮਨ-ਮਰਜ਼ੀ ਮੁਤਾਬਿਕ ਹਿਲਜੁਲ ਸਕਦੀਆਂ ਸਨ। ਕਿਤੇ ਵੀ ਨਿਕਲ ਸਕਦੀਆਂ ਸਨ।

ਨਹੀਂ, ਇਹ ਸਾਡੇ ਨਾਲ ਧੋਖਾ ਨਹੀਂ ਸੀ। ਫੌਜੀ ਹੋਣ ਦਾ ਮਤਲਬ ਅਸੀਂ ਹੀ ਨਹੀਂ ਸਮਝ ਸਕੇ ਸਾਂ। ਆਪਣੀ ਉਸ ਸੌਂਹ ਨੂੰ ਅਸਾਂ ਪਾਸਿੰਗ ਆਊਟ ਪਰੇਡ ਵੇਲੇ ਟੋਪੀਆਂ ਹਵਾ 'ਚ ਉਛਾਲਣ ਦੇ ਬਾਅਦ ਫੌਜੀ ਜੀਵਨ 'ਚ ਸਾਰੀ ਦਿਖਾਵੇਦਾਰੀ ਦੇ ਨਾਲ ਦਾਖਲੇ ਸਮੇਂ ਲਈ ਸੀ। ਉਹ ਕਿੰਨੀ ਬਹੁਪੱਖੀ, ਵਿਆਪਕ, ਦਮਘੋਟੂ ਅਤੇ ਬਹੁਅਰਥੀ ਸ਼ਰਤ ਸੀ। ਮੈਂ 'ਸੌਂਹ' ਖਾਧੀ ਸੀ ਜਿਸ ਦਾ ਭਾਵ ਸੀ, "ਮੇਰਾ ਪੂਰਾ ਜੀਵਨ ਭਾਰਤ ਦੇ ਰਾਸ਼ਟਰਪਤੀ ਦੇ ਨਾਂ ਸਮਰਪਤ ਰਹੇਗਾ। ਮੈਨੂੰ ਜਿੱਥੇ ਭੇਜਿਆ ਜਾਵੇਗਾ ਮੈਂ ਜਾਵਾਂਗਾ, ਜੋ ਕਿਹਾ ਜਾਵੇਗਾ ਕਰਾਂਗਾ।"

"ਕਿ ਭਾਰਤ ਅਤੇ ਉਸਦੇ ਸੰਵਿਧਾਨ ਦੇ ਪ੍ਰਤੀ ਪੂਰੀ ਨਿਸ਼ਠਾ ਨਾਲ ਕੰਮ ਕਰਾਂਗਾ।"

"ਕਿ ਮੈਂ ਆਪਣਾ ਹਿੱਤ ਸਭ ਤੋਂ ਅੰਤ 'ਚ ਸੋਚਾਂਗਾ।"

ਅਤੇ ਆਪਣੀ ਅੰਤਰ-ਆਤਮਾ ਦੀ ਅਵਾਜ਼ ਸੁਣਨਾ ਵੀ ਤਾਂ ਆਪਣੇ ਹਿੱਤ ਦੇ ਘੇਰੇ 'ਚ ਹੀ ਆਉਂਦਾ ਹੈ। ਇਸ ਲਈ ਏਥੇ ਅੰਤਰ-ਆਤਮਾ ਦੀ ਅਵਾਜ਼, ਅੰਦਰੂਨੀ ਸੁਹੱਪਣ-ਸੰਵੇਦਨਾ ਦੀ ਰੋਸ਼ਨੀ ਅਤੇ ਮਨੁੱਖੀ ਕਦਰਾਂ ਵਰਗੇ ਸਾਰੇ ਉਚੇਰੇ ਅਹਿਸਾਸਾਂ ਨੂੰ ਦੇਸ਼ ਨਿਕਾਲਾ ਮਿਲ ਜਾਂਦਾ ਸੀ। ਜੇ ਕਿਤੇ ਕਿਸੇ ਨੁੱਕਰੇ ਅਟਕੇ ਇਹ ਮਿਲ ਵੀ ਜਾਂਦੇ ਤਾਂ ਇਹ ਬੜੇ ਨਕਲੀ ਜਿਹੇ ਲਗਦੇ।

ਇੱਥੇ ਸਿਰਫ ਆਰਡਰ ਸੁਭਾਵਿਕ ਲਗਦਾ ਸੀ। ਆਦੇਸ਼ ਜਿਵੇਂ ਕਈ ਆਦਿ ਜਨਜਾਤੀਆਂ ਇਹ ਮੰਨਦੀਆਂ ਹਨ ਕਿ ਆਤਮਾ ਸਰੀਰ ਤੋਂ ਬਾਹਰ ਰੱਖੀ ਜਾ ਸਕਦੀ ਹੈ, ਇਸ ਲਈ ਉਹਨਾਂ ਦੇ ਯੋਧੇ ਜਦੋਂ ਜੰਗ ਦੇ ਮੈਦਾਨ ਵਿਚ ਜਾਂਦੇ ਹਨ ਤਾਂ ਆਪਣੀ ਆਤਮਾ ਨੂੰ ਘਰ ਸੁਰੱਖਿਅਤ ਰੱਖ ਕੇ ਜਾਂਦੇ ਹਨ।

ਇੱਥੇ ਗੁੰਡ ਵਿਚ ਆ ਕੇ ਮੈਨੂੰ ਇਸ ਦਾ ਅਰਥ ਸਮਝ ਆਇਆ ਕਿਉਂਕਿ ਇਥੇ ਆਤਮਾ ਨੂੰ ਲੈ ਕੇ ਤੁਰਨਾ ਅਸੰਭਵ ਸੀ। ਜੋ ਆਤਮਾ ਤੋਂ ਜਿੰਨਾ ਦੂਰ ਰਹਿੰਦਾ ਸੀ ਉਹ ਓਨਾ ਹੀ ਕਾਮਯਾਬ ਅਫਸਰ ਸਮਝਿਆ ਜਾਂਦਾ ਸੀ।

ਸ੍ਰੀਨਗਰ ਤੋਂ 40 ਕਿਲੋਮੀਟਰ ਦੂਰ, ਸੋਨਮਰਗ ਦੇ ਰਸਤੇ ਕਿਸੇ ਆਦਿਮ ਪਿੰਡ ਵਾਂਗ ਪਸਰਿਆ ਗੁੰਡ। ਅਣਪੜ੍ਹਤਾ, ਗਰੀਬੀ, ਬੇਕਾਰੀ ਤੇ ਮਜ਼ਹਬੀ ਕੱਟੜਤਾ ਦੀ ਧੁੰਦ 'ਚ ਘਿਰਿਆ ਇਕ ਐਸਾ ਪਿੰਡ, ਜਿੱਥੋਂ ਦੀਆਂ ਮਾਈਆਂ ਤਾਂ ਮਾਈਆਂ, ਨਵੇਂ ਜ਼ਮਾਨੇ ਦੀਆਂ ਨੱਢੀਆਂ ਵੀ ਗੱਲ ਗੱਲ 'ਚ ਅੱਲ੍ਹਾ ਨੂੰ ਘਸੀਟ ਲਿਆਉਂਦੀਆਂ। ਬੱਚਾ ਹੋਵੇ ਭਾਵੇਂ ਜਵਾਨ, ਬੁੱਢਾ ਹੋਵੇ ਭਾਵੇਂ ਬੁੱਢੀ, ਅੱਲ੍ਹਾ ਨਾਲ ਸਭ ਦੀ ਹਾਟਲਾਈਨ ਜੁੜੀ ਹੋਈ ਸੀ। ਇੱਥੇ ਅਨਾਜ ਦੀ ਪੈਦਾਵਾਰ ਘੱਟ ਤੇ ਬੱਚਿਆਂ ਦੀ ਪੈਦਾਵਾਰ ਜ਼ਿਆਦਾ ਸੀ। ਹਰ ਘਰ 'ਚ ਢੇਰ ਸਾਰੇ ਬੱਚੇ ਸਨ।

ਵੈਸੇ ਪਿੰਡ ਖੂਬਸੂਰਤ ਸੀ, ਪਰ ਇੱਥੋਂ ਦੀਆਂ ਹਵਾਵਾਂ, ਪਹਾੜੀਆਂ ਤੇ ਸੋਹਣੀਆਂ ਵਾਦੀਆਂ, ਚਸ਼ਮੇ, ਗੁਣਗੁਣੀ ਧੁੱਪ, ਦੂਧੀਆ ਤਲਿਸਮੀ ਬੱਦਲ ਕੁਝ ਵੀ ਲੋਕਾਂ ਨੂੰ ਸਕੂਨ ਨਹੀਂ ਸਨ ਦਿੰਦੇ ਕਿਉਂਕਿ ਲੋਕਾਂ ਦੀ ਮਜ਼ਾਜ 'ਚ ਖੂਬਸੂਰਤੀ ਨਹੀਂ ਸੀ। ਉਹ ਹਾਲ ਵਿਚ ਘੱਟ ਮਿੱਥਕੀ ਅੱਧਕਚਰੇ ਇਤਿਹਾਸ ਅਤੇ ਕੁਰਾਨ 'ਚ ਜ਼ਿਆਦਾ ਜਿਊਂਦੇ ਸਨ। ਜ਼ਾਹਿਰ ਹੈ ਇਹੋ ਜਿਹੀ ਮਿੱਟੀ 'ਚ ਅੱਤਵਾਦ ਦੇ ਕੀਟਾਣੂ ਜ਼ਿਆਦਾ ਵਧਦੇ ਫੁਲਦੇ ਹਨ। ਦਿਨੇਂ ਇਹ ਪਿੰਡ ਆਦਿਵਾਸੀ ਪਿੰਡਾਂ ਵਾਂਗ ਊਂਘਦਾ ਉਬਾਸੀਆਂ ਲੈਂਦਾ ਪਰ ਹਨ੍ਹੇਰਾ ਪੈਂਦੇ ਹੀ ਪਿੰਡ ਦੀ ਸਰਹੱਦ ਤੇ ਬੇਚੈਨ ਆਤਮਾਵਾਂ ਭਟਕਣ ਲਗਦੀਆਂ। ਆਤੰਕਵਾਦ ਗੰਡੋਏ ਦੀ ਤਰ੍ਹਾਂ ਰੀਂਘਣ ਲਗਦਾ। ਕਦੀ ਇਸ ਪਾਰੋਂ ਤੇ ਕਦੀ ਉਸ ਪਾਰੋਂ, ਕਦੀ ਘਰ ਤੋਂ ਬਾਹਰ ਤੇ ਕਦੀ ਬਾਹਰ ਤੋਂ ਅੰਦਰ।

ਇਹੋ ਜਿਹੇ ਪਿੰਡ ਦਾ ਹੀ ਮੈਂ ਏਰੀਆ ਕਮਾਂਡਰ ਸੀ, ਜਿੱਥੇ ਵੀਹਵੀਂ ਸਦੀ ਨੇ ਅਜੇ ਪੈਰ ਨਹੀਂ ਸਨ ਪਾਏ। ਪਿਛਲੇ ਕਈ ਸਾਲਾਂ ਦੇ ਮੁਕਾਬਲੇ ਇਸ ਸਾਲ ਹਾਲਾਤ ਕਾਫੀ ਕਾਬੂ ਵਿਚ ਸਨ ਕਿਉਂਕਿ ਹੁਣ ਖੁਲ੍ਹੇ ਆਮ 'ਹਿੰਦੋਸਤਾਨੀ ਕੁੱਤਿਓ ਵਾਪਸ ਜਾਵੋ' ਜਾਂ 'ਕਸ਼ਮੀਰ ਦੀ ਮੰਡੀ ਰਾਵਲਪਿੰਡੀ' ਵਰਗੇ ਉਤੇਜਕ ਨਾਅਰੇ ਸ਼ਰੇਆਮ ਤਾਂ ਨਹੀਂ ਸਨ ਲਗਦੇ, ਪਰ ਦਬਿਆ-ਦਬਿਆ ਵਿਰੋਧ ਤੇ ਢੱਕਿਆ-ਢੱਕਿਆ ਜਵਾਲਾਮੁਖੀ ਗੁੰਡ, ਕੰਗਨ, ਪੁੰਛ, ਰਾਜੌਰੀ, ਸੋਪੋਰ ਅਤੇ ਅਨੰਤਨਾਗ ਵਰਗੇ ਅਤਿ ਸੰਵੇਦਨਸ਼ੀਲ ਇਲਾਕਿਆਂ ਵਿਚ ਚੱਪੇ-ਚੱਪੇ ਤੇ ਸੀ। ਮੇਰੇ ਕੋਲ ਕੰਮ ਕਰਦਾ ਲਾਂਸ ਨਾਇਕ ਪ੍ਰਤਾਪ ਸਿੰਘ ਇਕ ਵਾਰ ਰੋ ਪਿਆ, "ਸਰ ਜੀ, ਕਦੀ ਮੇਰੀ ਬੰਦੂਕ ਚਲ ਜਾਵੇ ਤਾਂ ਮੇਰਾ ਕਸੂਰ ਨਹੀਂ, ਮੈਂ ਅੱਜ ਚੁੱਪਚਾਪ ਡਿਊਟੀ ਤੇ ਖੜ੍ਹਾ ਸਾਂ, ਪਤਾ ਨਹੀਂ ਕਿੱਥੋਂ ਤਿੰਨ ਮੁਸਲੇ ਆਏ ਤੇ ਮੈਨੂੰ ਵੇਖ ਕੇ ਜ਼ਮੀਨ ਤੇ ਥੁੱਕਣ ਲੱਗੇ। ਉਹਨਾਂ ਦੀਆਂ ਅੱਖਾਂ 'ਚ ਨਫਰਤ ਦੀਆਂ ਚੰਗਿਆੜੀਆਂ ਫੁੱਟ ਰਹੀਆਂ ਸਨ। ਕਾਨੂੰਨ ਦਾ ਡਰ ਨਾ ਹੁੰਦਾ ਤਾਂ ਮੈਨੂੰ ਉਹ ਪਾੜ ਹੀ ਖਾਂਦੇ।"

ਮੇਰੇ ਜ਼ਿਹਨ ਵਿਚ ਇਕਦਮ ਕੈਪਟਨ ਅਜੈ ਵਰਮਾ ਦੀ ਲਾਸ਼ ਵਾਲਾ ਵਾਕਿਆ ਆ ਗਿਆ, ਜੋ ਇਕ ਅਪਰੇਸ਼ਨ ਦੌਰਾਨ ਜਿਊਂਦਾ ਉਹਨਾਂ ਦੇ ਹੱਥ ਲੱਗ ਗਿਆ ਸੀ ਅਤੇ ਜਿਸ ਨੂੰ ਉਹਨਾਂ ਸਲਾਦ ਵਾਂਗ ਕੱਟ ਕੇ ਸੁੱਟਿਆ ਸੀ।

ਬਹਰਹਾਲ ਇਹਨਾਂ ਹੀ ਹਾਲਤਾਂ ਵਿਚ ਮੇਰਾ ਕੰਮ ਸੀ ਆਪਣੇ ਇਲਾਕੇ ਵਿਚੋਂ ਮਿਲੀਟੈਂਸੀ ਦਾ ਸਫਾਇਆ ਕਰਨਾ। ਲੋਕਾਂ ਦੇ ਮਨਾਂ ਵਿਚ ਭਾਰਤੀ ਫੌਜ ਅਤੇ ਭਾਰਤ ਸਰਕਾਰ ਪ੍ਰਤੀ ਸਦਭਾਵਨਾ ਪੈਦਾ ਕਰਨਾ। ਕਸ਼ਮੀਰੀਆਂ ਦਾ ਮਨ ਜਿੱਤਣਾ। ਜ਼ਾਹਿਰ ਹੈ ਕਿ ਹਿੰਦੂ ਅਤੇ ਮੁਸਲਮਾਨ ਵਿਰੋਧੀ ਮਾਹੌਲ ਵਿਚ ਇਹ ਕੰਮ ਆਪਣੀ ਹਿੰਦੂ ਪਛਾਣ ਬਰਕਰਾਰ ਰੱਖ ਕੇ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਮੈਨੂੰ ਆਰਮੀ ਨੇ ਇਕ ਮੁਸਲਮ ਨਾਂ ਦਿੱਤਾ - ਹਕੀਮ ਅਲੀ ਕਬੀਰ। ਮੈਂ ਉਰਦੂ ਜ਼ੁਬਾਨ ਸਿੱਖੀ, ਮੁਸਲਮ ਅਦਬ-ਅਦਾਬ ਸਿੱਖਿਆ ਅਤੇ ਆਪਣੀ ਪੁਰਾਣੀ ਪਛਾਣ ਅਤੇ ਸੰਸਕਾਰ ਮਿਟਾ ਕੇ ਇਕ ਨਵਾਂ ਅਵਤਾਰ ਧਾਰਿਆ - ਮੀਏ ਦਾ ਅਵਤਾਰ। ਹੁਣ ਮੈਂ ਗੁੰਡ ਦੇ ਚੱਪੇ-ਚੱਪੇ, ਬੱਚੇ-ਬੱਚੇ, ਪੱਤੇ-ਪੱਤੇ ਨਾਲ ਪਾਣੀ ਦੀ ਮੱਛੀ ਵਾਂਗ ਘੁਲਣ-ਮਿਲਣ ਲੱਗਾ। ਹੌਲੀ-ਹੌਲੀ ਮੈਂ ਉਸ ਇਲਾਕੇ ਦਾ ਇਨਸਾਈਕਲੋਪੀਡੀਆ ਬਣ ਗਿਆ - ਕਿਸ ਘਰ ਦੀ ਤਾਰ ਆਤੰਕਵਾਦ ਨਾਲ ਜੁੜੀ ਹੋਈ ਹੈ, ਜਾਂ ਪਹਿਲਾਂ ਕਦੀ ਜੁੜੀ ਹੋਈ ਸੀ। ਕਿਸ ਘਰ ਦੇ ਕਿੰਨੇ ਜਵਾਨ ਮੁੰਡੇ ਹਨ, ਕਿਹਨਾਂ ਨਾਲ ਉਹ ਉੱਠਦੇ-ਬੈਠਦੇ ਹਨ, ਕਿਸ ਘਰ 'ਚ ਆਤੰਕਵਾਦੀ ਨਿਕਲ ਚੁੱਕੇ ਹਨ, ਕਿਸ ਘਰ ਦਾ ਲੜਕਾ ਇਨਕਾਊਂਟਰ 'ਚ ਮਾਰਿਆ ਜਾ ਚੁਕਾ ਹੈ। ਪਿੰਡ 'ਚ ਰਸੂਖ ਵਾਲੇ ਲੋਕ ਕੌਣ ਹਨ? ਕਿਹੜਾ ਬਾਹਰੋਂ ਆਇਆ ਹੈ? ਕੌਣ ਬਾਹਰ ਗਿਆ ਹੈ? ਗੱਲ ਇਹ ਹੈ ਕਿ ਹੁਣ ਅਸੀਂ ਫੌਜੀ ਅਫਸਰ ਤੋਂ ਸਥਾਨਕ ਪੁਲੀਸ ਵਿਚ ਰਿਡਿਊਸ ਹੋ ਚੁਕੇ ਸਾਂ। ਪਿੰਡ ਵਿਚ ਜੇ ਬੱਚਾ ਵੀ ਜੰਮਦਾ ਤਾਂ ਉਸ ਦੀ ਗੂੰਜ ਸਾਡੇ ਹੈੱਡਕਵਾਟਰ ਤਕ ਪਹੁੰਚ ਜਾਂਦੀ।

ਜਿਵੇਂ ਮਿਲੀਟੈਂਟ ਸਾਡੀ ਗੋਲੀ ਦਾ ਸ਼ਿਕਾਰ ਹੋ ਸਕਦਾ ਸੀ ਉਸੇ ਤਰ੍ਹਾਂ ਅਸੀਂ ਵੀ, ਕਦੀ ਵੀ, ਕਿਤੇ ਵੀ ਮਿਲੀਟੈਂਟਾ ਦੀ ਗੋਲੀ ਦਾ ਸ਼ਿਕਾਰ ਹੋ ਸਕਦੇ ਸਾਂ। ਇਸ ਲਈ ਮਿਲੀਟੈਂਟ ਸਾਡੇ ਦਿਮਾਗ ਵਿਚ, ਸਾਡੇ ਸੁਪਨਿਆਂ 'ਚ, ਸਾਡੀ ਕਲਪਨਾ ਇੱਥੋਂ ਤਕ ਕਿ ਸਾਡੀ ਨੀਂਦ ਵਿਚ ਵੀ ਸਾਉਣ ਦੇ ਬੱਦਲਾਂ ਵਾਂਗ ਛਾਏ ਰਹਿੰਦੇ ਸਨ। ਲਗਦਾ ਜਿਵੇਂ ਉਹਨਾਂ ਦੀ ਹੋਂਦ ਨਾਲ ਹੀ ਸਾਡੇ ਹੋਣ ਦਾ ਕੋਈ ਅਰਥ ਹੈ। ਉਹਨਾਂ ਦੇ ਹੋਣ ਨਾਲ ਹੀ ਅਸੀਂ ਆਪਣੀ ਜ਼ਿੰਦਗੀ ਨੂੰ ਸ਼ਿੱਦਤ ਨਾਲ ਮਹਿਸੂਸ ਕਰਦੇ ਸਾਂ ਕਿਉਂਕਿ ਕਈ ਵਾਰ ਮੈਂ ਉਹਨਾਂ ਦੇ ਹੱਥੋਂ ਮਰਦਾ-ਮਰਦਾ ਬਚਿਆ ਸਾਂ ਅਤੇ ਜ਼ਿੰਦਗੀ ਦੀ ਸ਼ਾਨ ਦਾ ਅਰਥ ਸਮਝ ਚੁੱਕਾ ਸਾਂ।

ਇਕ ਵਾਰ ਕੜਕਦੀ ਠੰਢ ਅਤੇ ਜ਼ੋਰਦਾਰ ਬਾਰਸ਼ ਵਿਚ ਮੈਂ ਨਾਰਾਇਣ ਨਾਗ 'ਚੋਂ ਲੰਘ ਰਿਹਾ ਸਾਂ। ਮੈਂ ਸਿਵਲ ਡ੍ਰੈਸ 'ਚ ਆਪਣੇ ਕਿਸੇ ਮਿੱਤਰ ਨੂੰ ਮਿਲ ਕੇ ਆ ਰਿਹਾ ਸਾਂ। ਰਾਹ 'ਚ ਮੈਂ ਕਾਲੇ ਬੁਰਕੇ ਅੰਦਰ ਠੰਢ ਨਾਲ ਕੰਬਦੀ ਇਕ ਮੁਟਿਆਰ ਨੂੰ ਵੇਖਿਆ। ਮੈਂ ਗੱਡੀ ਹੌਲੀ ਕੀਤੀ ਤੇ ਸੋਚਣ ਲੱਗਾ ਕਿ ਮੈਂ ਕਿਵੇਂ ਉਸ ਦੀ ਮਦਦ ਕਰ ਸਕਦਾਂ ਹਾਂ। ਮੇਰੇ ਨਾਲ ਅੱਖਾਂ ਮਿਲਦੇ ਹੀ ਉਸ ਲੜਕੀ ਨੇ ਮੇਰੇ ਕੋਲੋਂ ਲਿਫਟ ਮੰਗੀ। ਮੈਂ ਖੁਸ਼ੀ-ਖੁਸ਼ੀ ਉਸ ਨੂੰ ਬਿਠਾ ਲਿਆ। ਉਹ ਬੰਦ ਗੱਡੀ 'ਚ ਵੀ ਕੰਬ ਰਹੀ ਸੀ। ਮੈਂ ਹੀਟਰ ਲਾ ਲਿਆ। ਕਰੀਬ ਪੰਜ ਕਿਲੋਮੀਟਰ ਬਾਅਦ ਜਿਉਂ ਹੀ ਢਲਾਨ ਸ਼ੁਰੂ ਹੋਈ, ਕੁੜੀ ਉਤਰ ਗਈ। ਮੈਂ ਬਸ ਅੱਧਾ ਕਿਲੋਮੀਟਰ ਹੀ ਅੱਗੇ ਗਿਆ ਹੋਵਾਂਗਾ ਕਿ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਮੈਨੂੰ ਘੇਰ ਲਿਆ। ਬਾਅਦ 'ਚ ਜਦ ਮੈਂ ਆਪਣ ਆਈ ਕਾਰਡ ਵਿਖਾਇਆ ਤਾਂ ਉਹ ਸਕਤੇ 'ਚ ਆ ਗਏ। ਉਹਨਾਂ ਕਿਹਾ, ਸ਼ਹਿਨਸ਼ਾਹੋ ਨਸੀਬਾਂ ਵਾਲੇ ਹੋ ਕਿ ਤੁਸੀਂ ਬਚ ਗਏ, ਜਿਸ ਮੁਟਿਆਰ ਨੂੰ ਤੁਸਾਂ ਲਿਫਟ ਦਿੱਤੀ ਸੀ ਉਹ ਇਕ ਖਤਰਨਾਕ ਮਿਲੀਟੈਂਟ ਸੀ।

ਇਸ ਘਟਨਾ ਨੇ ਮੇਰੀ ਦ੍ਰਿਸ਼ਟੀ ਅਤੇ ਮੇਰੇ ਨਜ਼ਰੀਏ ਦੋਵਾਂ ਨੂੰ ਇਕਦਮ ਬਦਲ ਦਿੱਤਾ। ਮੈਂ ਦੁਨੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗਾ। ਮਨੁੱਖੀ ਸੰਬੰਧਾਂ ਤੋਂ ਜ਼ਿਆਦਾ ਮੈਂ ਆਪਣੀ ਨਿੱਜੀ ਸੁਰੱਖਿਆ ਦੀ ਚਿੰਤਾ ਕਰਨ ਲੱਗਾ। ਵੈਸੇ ਵੀ ਸਾਨੂੰ ਆਪਣੇ ਵੱਡੇ ਅਫਸਰਾਂ ਵੱਲੋਂ ਚੌਵੀ ਘੰਟੇ ਹੁਸ਼ਿਆਰ, ਅਲਰਟ ਤੇ ਚੌਕੰਨਾ ਰਹਿਣ ਦੀ ਹਦਾਇਤ ਦਿੱਤੀ ਜਾਂਦੀ ਸੀ। ਚੌਕੰਨਾ ਰਹਿੰਦਾ-ਰਹਿੰਦਾ ਮੈਂ ਐਨਾ ਚੌਕੰਨਾ ਰਹਿਣ ਲੱਗਾ ਕਿ ਇਕ ਵਾਰ ਸ੍ਰੀਨਗਰ ਤੋਂ 50 ਕਿਲੋਮੀਟਰ ਦੂਰ ਬੂਸ਼ਨ ਕੈਂਪ 'ਚ ਆਇਆ ਮੇਰਾ ਛੋਟਾ ਭਰਾ ਗੈਸਟ ਹਾਊਸ 'ਚ ਮੇਰੇ ਨਾਲ ਸੁੱਤਾ ਸੀ। ਰਾਤ ਉਸ ਨੂੰ ਆਇਓਡੈਕਸ ਕ੍ਰੀਮ ਦੀ ਲੋੜ ਪਈ ਤਾਂ ਉਸ ਨੇ ਨੀਂਦ 'ਚ ਮੈਨੂੰ ਕੂਹਣੀ ਮਾਰੀ। ਮੇਰਾ ਹੱਥ ਸਿੱਧਾ ਮੇਰੀ ਏ.ਕੇ.-47 ਨੂੰ ਪਿਆ। ਭਰਾ ਹੈਰਾਨ। ਮੇਰੇ ਤੇ ਨਜ਼ਰ ਪੈਂਦਿਆਂ ਹੀ ਉਸ ਕਿਹਾ, "ਰਿਲੈਕਸ। ਕੀ ਨੀਂਦ ਵਿਚ ਵੀ ਤੁਹਾਨੂੰ ਮਿਲੀਟੈਂਟ ਹੀ ਦਿਸਦੇ ਹਨ।" ਮੈਂ ਹੱਸ ਪਿਆ ਕਿਉਂਕਿ ਜਿਸ ਚੀਤੇ ਦੀ ਫੁਰਤੀ ਨਾਲ ਮੇਰਾ ਹੱਥ ਏ. ਕੇ.-47 ਤੇ ਗਿਆ ਸੀ, ਵੇਖ ਕੇ ਉਹ ਸਹਿਮ ਗਿਆ ਸੀ। ਹੁਣ ਮੈਂ ਉਹਨੂੰ ਕੀ ਦਸਦਾ ਕਿ ਚਾਰੇ ਪਾਸੇ ਤੋਂ ਅਤਿ-ਸੁਰੱਖਿਅਤ ਇਸ ਬੇਸ ਕੈਂਪ 'ਤੇ ਵੀ ਫਿਦਾਈਨ ਹਮਲਾ ਹੋ ਚੁਕਾ ਸੀ ਅਤੇ ਤਦ ਤੋਂ ਸਾਡੇ ਬੇਸ ਕੈਂਪ 'ਚ ਵੀ ਸ਼ਾਮ ਢਲਦੇ ਹੀ ਬਲੈਕ ਆਊਟ ਹੋ ਜਾਂਦਾ ਹੈ ਅਤੇ ਇਹ ਬਲੈਕ ਆਊਟ ਰਾਤ ਨੂੰ ਵੀ ਇਹ ਭੁੱਲਣ ਨਹੀਂ ਦਿੰਦਾ ਕਿ ਅਸੀਂ ਮਿਲੀਟੈਂਟਾਂ ਦੇ ਨਿਸ਼ਾਨੇ 'ਤੇ ਹਾਂ।

ਦਿਨ ਬੀਤਦੇ ਰਹੇ। ਕੈਂਸਰ ਵਾਲੇ ਰੋਗੀ ਦੀ ਤਰ੍ਹਾਂ ਜ਼ਿੰਦਗੀ ਦਾ ਦਬਾਅ ਵਧਦਾ ਰਿਹਾ। ਹਰ ਪਲ ਦੀ ਚੌਕਸੀ। ਹਰ ਪਲ ਦੀ ਮਲ੍ਹਮ-ਪੱਟੀ। ਹਰ ਪਲ ਮੌਤ ਦੀ ਆਹਟ। ਇਹ ਸ਼ਹੀਦ...ਉਹ ਢੇਰ। ਇਥੇ ਵਿਸਫੋਟ ਉੱਥੇ ਮੁੱਠਭੇੜ। ਏਥੇ ਅਪਰੇਸ਼ਨ, ਉੱਥੇ ਘੇਰਾਬੰਦੀ, ਹਰ ਪਲ ਦੀ ਖਬਰ। ਮੈਂ ਤਰਸ ਰਿਹਾ ਸਾਂ, ਉਸ ਜ਼ਿੰਦਗੀ ਲਈ ਜੋ ਕਿਤੇ ਹੋਰ ਸੀ। ਮੇਰੇ ਆਉਣ ਤੋਂ ਬਾਅਦ ਕੁਦਰਤ ਨੇ ਵੀ ਰੰਗ ਬਦਲ ਲਿਆ ਸੀ। ਹਰਿਆਲੀ ਦਾ ਰੰਗ ਵੀ ਬੁਝ ਗਿਆ ਸੀ। ਮੌਸਮ ਬਦਲ ਚੁੱਕਾ ਸੀ, ਪਰ ਸਾਡੇ ਜੀਵਨ ਦਾ ਤਾਪ ਅਤੇ ਮੌਸਮ ਉਹੀ ਦਾ ਉਹੀ ਸੀ। ਹਿੰਸਾ ਅਤੇ ਮਿਲੀਟੈਂਸੀ ਸਦਾ ਸੁਹਾਗਣਾਂ ਦੀ ਤਰ੍ਹਾਂ ਬਦਲਦੇ ਮੌਸਮ ਵਿਚ ਵੀ ਜੇਹਲਮ ਦੀ ਤਰ੍ਹਾਂ ਮਸਤੀ 'ਚ ਵਹਿ ਰਹੀਆਂ ਸੀ ਕਿ ਤਦ ਹੀ ਸਾਨੂੰ ਗੁੰਡ ਵਿਚ ਇਕ ਐਸੇ ਪਰਿਵਾਰ ਦੀ ਖਬਰ ਮਿਲੀ ਜਿਸ ਦਾ ਸਭ ਤੋਂ ਵੱਡਾ ਮੁੰਡਾ ਜਮੀਲ ਸਾਲ ਭਰ ਤੋਂ ਮਿਲੀਟੈਂਟਾਂ ਨਾਲ ਜਾ ਰਲਿਆ ਸੀ। ਮੇਰਾ ਫੌਰੀ ਫੈਸਲਾ ਸੀ ਉਸ ਮਿਲੀਟੈਂਟ ਦਾ ਸਫਾਇਆ, ਇਸ ਤੋਂ ਪਹਿਲਾਂ ਕਿ ਉਹ ਕੋਈ ਵਾਰਦਾਤ ਕਰੇ। ਸਾਰਾ ਵੇਰਵਾ ਮੇਰੇ ਕੋਲ ਆ ਚੁੱਕਾ ਸੀ, ਪਰਿਵਾਰ ਦੀ ਹਿਸਟਰੀ, ਭੂਗੋਲ, ਜਮੀਲ ਦੀ ਤਸਵੀਰ...ਸਭ ਕੁਝ। ਜਮੀਲ ਦੇ ਦੋ ਛੋਟੇ ਭਰਾ ਸਨ, ਇਕ ਮੁਟਿਆਰ ਹੁੰਦੀ ਛੋਟੀ ਭੈਣ। ਬੇਹੱਦ ਗਰੀਬ (ਗਰੀਬੀ ਰੇਖਾ ਤੋਂ ਹੇਠਲਾ) ਪਰਿਵਾਰ। ਮਾਂ ਰੁਖਸਾਨਾ। ਭੈਣ-ਰੁਬੀਨਾ। ਇਕ ਛੋਟਾ ਭਰਾ-ਹਮੀਦ। ਦੂਸਰੇ ਦਾ ਨਾਂ ਹਸਨ, ਗੁਜ਼ਾਰੇ ਲਈ ਦੋ ਬੁੱਢੇ ਘੋੜੇ ਸਨ ਜੋ ਨਰਾਇਣ ਨਾਗ ਵਿਚ ਸੈਲਾਨੀਆਂ ਦੀ ਸਵਾਰੀ ਦੇ ਲਈ ਸੀਜਨ 'ਚ ਨਿਕਲਦੇ ਸਨ ਤੇ ਟੱਬਰ ਨੂੰ ਭੁੱਖਮਰੀ ਤੋਂ ਬਚਾਉਂਦੇ ਸਨ। ਘਰ ਦੇ ਅੱਗੇ ਥੋੜ੍ਹੀ ਜ਼ਮੀਨ ਸੀ ਜਿੱਥੇ ਕੁਝ ਮੁਰਗੇ ਕੁੜ-ਕੁੜ ਕਰਦੇ ਰਹਿੰਦੇ ਸਨ।

ਇੰਡਕਸ਼ਨ (ਕਸ਼ਮੀਰ-ਨਿਯੁਕਤੀ ਦੇ ਸਮੇਂ ਦਿੱਤੀ ਜਾਣ ਵਾਲੀ ਮਹੀਨੇ ਭਰ ਦੀ ਮਹੱਤਵਪੂਰਨ ਟਰੇਨਿੰਗ) ਕੋਰਸ ਦੌਰਾਨ ਸਾਨੂੰ ਟਰੇਨਿੰਗ ਦਿੱਤੀ ਜਾਂਦੀ ਹੈ ਕਿ ਆਤੰਕਵਾਦੀ ਦੇ ਪਤੇ ਟਿਕਾਣੇ ਦਾ ਪਤਾ ਲਾਉਣ ਲਈ ਉਸ ਦੇ ਪਰਿਵਾਰ ਦੇ 'ਵੀਕ-ਲਿੰਕ' ਦਾ ਪਤਾ ਲਾਉਣਾ ਜ਼ਰੂਰੀ ਹੈ। 'ਵੀਕ-ਲਿੰਕ' ਯਾਨੀ ਮਿਲੀਟੈਂਟ ਦੇ ਪਰਿਵਾਰ ਜਾਂ ਨਜ਼ਦੀਕੀ ਪਰਿਵਾਰ ਵਿਚੋਂ ਕਿਸੇ ਐਸੇ ਕਮਜ਼ੋਰ ਰਿਸ਼ਤੇਦਾਰ ਨੂੰ ਆਪਣੇ ਨਾਲ ਮਿਲਾ ਕੇ ਉਸ ਤੋਂ ਮਿਲੀਟੈਂਟ ਦਾ ਭੇਤ ਲੈਣਾ ਤੇ ਉਸ ਨੂੰ ਕਿਸੇ ਵੀ ਲਾਲਚ ਨਾਲ ਖਰੀਦਣਾ, ਜਿਹੜਾ ਆਰਥਕ ਜਾਂ ਕਾਨੂੰਨੀ ਰੂਪ ਵਿਚ ਕਰਜ਼ੇ ਵਗੈਰਾ ਜਾਂ ਮੁਕੱਦਮੇ ਤੋਂ ਪਰੇਸ਼ਾਨ ਹੋਵੇ। ਜਮੀਲ ਦੇ ਬਾਰੇ ਸਾਡੇ ਹੱਥ ਕੋਈ ਵੀ ਵੀਕ-ਲਿੰਕ ਨਹੀਂ ਸੀ ਲੱਗ ਰਿਹਾ ਜਿਸ ਰਾਹੀਂ ਅਸੀਂ ਜਮੀਲ ਤਕ ਪਹੁੰਚ ਸਕੀਏ। ਪਿੰਡ ਵਿਚ ਛੱਡੇ ਸਾਡੇ ਮੁਖਬਰ ਨੇ ਸਾਨੂੰ ਪੱਕੀ ਖਬਰ ਦਿੱਤੀ ਸੀ ਕਿ ਜਮੀਲ ਦੇ ਮਿਲੀਟੈਂਟ ਬਨਣ ਤੋਂ ਬਾਅਦ ਉਸ ਦੇ ਘਰ 'ਚ ਥੋੜ੍ਹੀ ਖੁਸ਼ਹਾਲੀ ਦੀ ਚਮਕ ਆਉਣ ਲੱਗੀ ਹੈ। ਘਰ ਦੀ ਟੁੱਟੀ ਛੱਤ ਫਿਰ ਤੋਂ ਬਣਨ ਲੱਗੀ ਹੈ। ਮੁਖਬਰ ਦਾ ਅਨੁਮਾਨ ਸੀ ਕਿ ਸ਼ਾਇਦ ਜਾਨਲੇਵਾ ਗਰੀਬੀ ਤੋਂ ਛੁਟਕਾਰਾ ਪਾਉਣ ਲਈ ਹੀ ਜਮੀਲ ਨੇ ਇਹ ਰਾਹ ਫੜਿਆ ਹੈ।

ਅਸੀਂ ਜਦੋਂ ਜੀਅ ਕਰਦਾ ਉਸ ਪਿੰਡ ਦੀ ਗਸ਼ਤ ਕਰਦੇ। ਉਜੜਿਆ ਅਤੇ ਵੀਰਾਨ ਪਿੰਡ ਸੀ ਜਿਸ 'ਚ ਜ਼ਿਆਦਾਤਰ ਗੱਭਰੂ ਜਾਂ ਤਾਂ ਮਾਰੇ ਜਾ ਚੁਕੇ ਸਨ ਜਾਂ ਏ.ਕੇ.-47 ਫੜ ਪਿੰਡੋਂ ਬਾਹਰ ਸਨ- ਬਚੀਆਂ ਰਹਿ ਗਈਆਂ ਸਨ ਵਿਧਵਾਵਾਂ ਜਾਂ ਬੁੱਢੇ।

ਮੈਂ ਕੜਕਦੀ ਆਵਾਜ਼ ਨਾਲ ਜਮੀਲ ਦੇ ਅੱਬੂ ਨੂੰ ਪੁੱਛਦਾ, "ਵਨਸੇ ਕਛੀ ਛੁਈ ਨੇਦੂ" (ਦਸ ਤੇਰਾ ਬੇਟਾ ਕਿੱਥੇ ਹੈ)। ਉਹ ਥਰਥਰ ਕੰਬਦਾ। ਸਾਰਾ ਘਰ ਕੰਬਦਾ। ਹਿਚਕੀਆਂ ਲੈਂਦਾ, ਹਟਕੋਰੇ ਭਰਦਾ ਉਹ ਕਹਿੰਦਾ, "ਮੈਂ ਛੁਪ ਪਤਾ" (ਮੈਨੂੰ ਨਹੀਂ ਪਤਾ)।

ਮੈਂ ਬੰਦੂਕ ਤੇ ਹੱਥ ਰੱਖ ਸਿੱਧਾ ਉਸ ਦੀਆਂ ਅੱਖਾਂ 'ਚ ਅੱਖਾਂ ਪਾ ਉਸ ਨੂੰ ਘੂਰਨ ਲਗਦਾ ਤਾਂ ਉਹ ਪਤਾ ਨਹੀਂ ਕੀ-ਕੀ ਕਹਿੰਦਾ, ਜੋ ਮੈਨੂੰ ਸਮਝ ਨਹੀਂ ਆਉਂਦਾ। ਦੋ-ਭਾਸ਼ੀਆ ਮੈਨੂੰ ਹਿੰਦੀ 'ਚ ਦਸਦਾ – ਕਸਮ ਲੈ ਲਓ, ਛੇ ਮਹੀਨੇ ਤੋਂ ਨੰਨ੍ਹੇ ਮੀਆਂ ਦੀ ਸ਼ਕਲ ਵੀ ਨਹੀਂ ਵੇਖੀ।

"ਤਾਂ ਫਿਰ ਘਰ 'ਚ ਪੈਸੇ ਕਿੱਥੋਂ ਆਏ? ਵਿਖਾ, ਮਨੀਆਰਡਰ ਦੀ ਰਸੀਦ?" ਬੋਲਦਿਆਂ-ਬੋਲਦਿਆਂ ਮੇਰੀ ਅਵਾਜ਼ ਦੇ ਕੋਨੇ ਹੋਰ ਵੀ ਨੁਕੀਲੇ ਹੋ ਜਾਂਦੇ। ਉਸ ਦੇ ਡਰ ਦਾ ਰੰਗ ਹੋਰ ਵੀ ਗੂੜ੍ਹਾ ਹੋ ਜਾਂਦਾ। ਆਪਣੇ ਮਟਮੈਲੇ ਫਿਰਨ ਨਾਲ ਆਪਣੇ ਹੰਝੂ ਪੂੰਝਦਾ ਅਤੇ ਸਾਹਮਣੇ ਦੋ ਟੁੱਟੇ ਦੰਦ ਵਿਖਾਉਂਦਾ ਹੋਇਆ ਉਹ ਫਿਰ ਕਹਿੰਦਾ, "ਸਾਹਿਬ ਜੀ, ਪੈਸੇ ਤਾਂ ਬੇਟੇ ਨੇ ਕਿਸੇ ਆਦਮੀ ਰਾਹੀਂ ਭੇਜੇ ਸਨ।" ਬੋਲਦਾ-ਬੋਲਦਾ ਕਿਸੇ ਡਰ ਨਾਲ ਫਿਰ ਕੰਬਣ ਲਗ ਜਾਂਦਾ। ਉਸ ਦੇ ਕੰਬਦੇ ਬੁਲ੍ਹ, ਲੜਖੜਾਉਂਦੇ ਪੈਰ, ਝਰਝਰ ਵਗਦੀਆਂ ਅੱਖਾਂ 'ਚੋਂ ਦੁੱਖ ਦੀ ਮਹਾਗਾਥਾ ਫੁਟਦੀ। ਉਹ ਮੈਨੂੰ ਇਸ ਸਦੀ ਦਾ ਸਭ ਤੋਂ ਸਰਾਪਿਆ ਬਾਪ ਲਗਦਾ।

ਮੇਰੇ ਅੰਦਰੋਂ ਅਵਾਜ਼ ਆਉਂਦੀ ਦੁੱਖੀ ਨਾ ਹੋ ਬਾਬਾ, ਉਹ ਆ ਜਾਵੇਗਾ। ਪਰ ਮੈਂ ਕਹਿੰਦਾ ਸੱਚ-ਸੱਚ ਦਸ, ਤੂੰ ਉਸ ਨੂੰ ਕਦੋਂ ਮਿਲਿਆ ਸੀ ਤੇ ਕਿੱਥੇ? ਉਹ ਫਿਰ ਕਲਪਦਾ ਤੇ ਆਪਣੇ ਛੋਟੇ ਪੁੱਤਰ ਦੇ ਸਿਰ 'ਤੇ ਹੱਥ ਰੱਖ ਕੇ ਰੋਂਦਾ ਹੋਇਆ ਕਹਿੰਦਾ, "ਸਾਹਿਬ ਜੀ, ਛੇ ਮਹੀਨੇ ਹੋ ਗਏ ਉਸ ਦੀ ਸ਼ਕਲ ਵੇਖਿਆਂ।"

ਮੈਂ ਜਾਣਦਾ ਸਾਂ, ਜਮੀਲ ਦਾ ਅੱਬਾ ਠੀਕ ਕਹਿ ਰਿਹਾ ਹੈ ਕਿ ਛੇ ਮਹੀਨੇ ਤੋਂ ਉਸ ਨੇ ਜਮੀਲ ਦੀ ਸ਼ਕਲ ਵੀ ਨਹੀਂ ਵੇਖੀ ਕਿਉਂਕਿ ਮਿਲੀਟੈਂਸੀ ਦੇ ਵੀ ਆਪਣੇ ਸਖਤ ਅਸੂਲ ਹੁੰਦੇ ਹਨ ਜਿਸ ਦੇ ਤਹਿਤ ਮਿਲੀਟੈਂਟ ਦਾ ਏਰੀਆ ਅਤੇ ਅਪਰੇਸ਼ਨ ਉਸ ਦੇ ਘਰ ਤੋਂ ਖਾਸੀ ਦੂਰ ਰਖਿਆ ਜਾਂਦਾ ਹੈ ਤਾਂ ਕਿ ਜੋ ਉਸ ਵਿਚ ਕੋਈ ਭਾਵਨਾਤਮਿਕ ਕਮਜ਼ੋਰੀ ਨਾ ਆ ਜਾਵੇ। ਪਰ ਉਹ ਇਸ ਵੇਲੇ ਕਿੱਥੇ ਹੈ? ਉਸ ਦੀ ਥੋੜ੍ਹੀ ਬਹੁਤ ਖਬਰ ਤਾਂ ਉਸ ਦੇ ਘਰ ਵਾਲਿਆਂ ਨੂੰ ਜ਼ਰੂਰ ਹੋਵੇਗੀ, ਇਹ ਮੈਂ ਜਾਣਦਾ ਸਾਂ। ਫਿਰ ਵੀ ਉਸ ਦਿਨ ਮੈਂ ਬਹੁਤ ਸ਼ਰਾਫਤ ਨਾਲ ਪੇਸ਼ ਆਇਆ।

ਪਰ ਮੇਰੇ ਦਿਮਾਗ ਦੀ ਲਾਲ ਬੱਤੀ ਜਗ ਗਈ। ਛੇ ਮਹੀਨੇ ਤੋਂ ਜੇ ਜਮੀਲ ਆਪਣੇ ਘਰ ਨਹੀਂ ਆਇਆ ਤਾਂ ਜ਼ਰੂਰ ਉਹ ਆਉਣ ਵਾਲੇ ਦਿਨਾਂ ਵਿਚ ਘਰ ਆਉਣ ਦੀ ਯੋਜਨਾ ਬਣਾ ਰਿਹਾ ਹੋਵੇਗਾ। ਭਾਵੇਂ ਆਦਮੀ ਕਿੰਨਾ ਵੀ ਕਠੋਰ ਕਿਉਂ ਨਾ ਹੋਵੇ, ਪੂਰੀ ਤਰ੍ਹਾਂ ਪੱਥਰ ਤਾਂ ਬਣ ਨਹੀਂ ਸਕਦਾ ਤੇ ਜੇ ਬਣਦਾ ਵੀ ਹੈ ਤਾਂ ਬਣਦੇ-ਬਣਦੇ ਬਣਦਾ ਹੈ ਪਰ ਜਮੀਲ ਅਜੇ ਸਿਰਫ ਵੀਹ ਸਾਲ ਦਾ ਹੈ। ਕਰੂੰਬਲ ਜਿਹਾ।

ਜਮੀਲ ਦੇ ਅੱਬੂ ਨਾਲ ਮੈਂ ਗੱਲ ਕਰ ਹੁਣ ਉਸ ਦੀ ਅੰਮੀ ਨੂੰ ਮੁਖਾਤਬ ਹੋਇਆ। ਉਹ ਮਰਦੇ ਹੋਏ ਕਬੂਤਰ ਵਾਂਗ ਫੜਫੜਾ ਉੱਠੀ। ਉਸ ਦੀਆਂ ਅੱਖਾਂ ਡਰ ਦੇ ਮਾਰੇ ਫਟੀਆਂ ਜਾ ਰਹੀਆਂ ਸਨ। ਇਕ ਵਾਰ ਤਾਂ ਉਹ ਸਮਝ ਹੀ ਨਹੀਂ ਸਕੀ ਕਿ ਮਾਜਰਾ ਕੀ ਹੈ? ਨਾ ਕਿਸੇ ਨਾਲ ਦੁਸ਼ਮਣੀ ਨਾ ਝਗੜਾ। ਨਾ ਜ਼ਮੀਨ ਨਾ ਜਾਇਦਾਦ। ਕਿਸੇ ਨਾਲ ਧੱਤ ਤੇਰੇ ਦੀ ਵੀ ਨਹੀਂ...ਫਿਰ ਉਹਨਾਂ ਦੇ ਆਰਮੀ ਦਾ ਕੀ ਕੰਮ?

ਕੀ ਘਰ ਵਿਚ ਜਵਾਨ ਬੇਟੇ ਦੇ ਹੋਣ ਦਾ ਮਤਲਬ ਹੈ ਆਰਮੀ ਦਾ ਆਉਣਾ-ਜਾਣਾ? ਉਸ ਨੇ ਅਕਸਰ ਉਹਨਾਂ ਘਰਾਂ 'ਚ ਆਰਮੀ ਤੇ ਪੁਲੀਸ ਨੂੰ ਆਉਂਦੇ ਜਾਂਦੇ ਵੇਖਿਆ ਸੀ ਜਿੱਥੇ ਮੁੰਡੇ ਜਵਾਨ ਸਨ ਤੇ ਜਿਹਾਦੀ ਹੋ ਗਏ ਸਨ। ਤਾਂ ਉਹਨਾਂ ਦੇ ਘਰ ਵਿਚ ਵੀ ਕੋਈ ਜਿਹਾਦੀ ਹੈ?

ਕੀ ਜਮੀਲ? ਉਸ ਦਾ ਆਪਾ ਕੰਬ ਗਿਆ।

ਤੇ ਜਦ ਉਸ ਦੀ ਅਠਾਰਾਂ ਸਾਲਾ ਧੀ ਰੁਬੀਨਾ ਨੇ ਉਸ ਨੂੰ ਕਸ਼ਮੀਰੀ 'ਚ ਕਿਹਾ, "ਭਾਈ ਜਾਨ ਜਿਹਾਦੀ ਹੋ ਗਿਆ ਹੈ ਤਾਂ ਉਹ ਕਿਸ ਤਰ੍ਹਾਂ ਚੀਕੀ ਜਿਵੇਂ ਅਸਮਾਨ ਹਿਲ ਗਿਆ ਹੋਵੇ। ਉਸ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਜਿਸ ਨੂੰ ਉਹ ਕੱਲ੍ਹ ਤਕ ਉਂਗਲੀ ਫੜ ਕੇ ਸਕੂਲ ਛੱਡ ਕੇ ਆਉਂਦੀ ਸੀ ਉਸ ਨੇ ਪਤਾ ਨਹੀਂ ਕਦੋਂ ਗੰਨ ਚੁੱਕ ਲਈ ਤੇ ਬਣ ਗਿਆ ਜਿਹਾਦੀ।

ਅਤੇ ਇਸ ਦੇ ਬਾਅਦ ਤਸ਼ੱਦਦ ਦੀ ਅੰਨ੍ਹੀ ਸੁਰੰਗ ਵਿਚ ਡਿੱਗੇ ਇਸ ਪਰਿਵਾਰ ਦਾ ਜਿਉਂਣਾ ਮੌਤ ਤੋਂ ਵੀ ਬਦਤਰ ਹੋ ਗਿਆ। ਖੁਸ਼ੀਆਂ ਤਾਂ ਉਸ ਘਰ ਵਿਚ ਸ਼ਾਇਦ ਹੀ ਕਦੀ ਉਤਰੀਆਂ ਹੋਣ ਪਰ ਥੋੜ੍ਹਾ ਬਹੁਤ ਜੋ ਅਮਨ ਚੈਨ ਸੀ ਉਹ ਵੀ ਖੰਭ ਲਾ ਕੇ ਉੱਡ ਗਿਆ ਅਤੇ ਹੁਣ ਏਥੇ ਸੀ ਤਾਂ ਠੰਢਾ ਅੰਤਹੀਨ ਹਨ੍ਹੇਰਾ ਜਿਸ ਵਿਚ ਜ਼ਿੰਦਗੀ ਤੋਂ ਡਰੇ ਪੰਜ ਜੀਵ ਦੜੇ ਬੈਠੇ ਸਨ। ਹੁਣ ਹਰ ਗੇੜੇ ਅਸੀਂ ਉਸ ਘਰ ਜਾ ਵੜਦੇ, ਉਹਨਾਂ ਨੂੰ ਡਰਾਉਂਦੇ-ਧਮਕਾਉਂਦੇ ਉਸ ਦੇ ਛੋਟੇ ਭਰਾਵਾਂ ਨੂੰ ਆਪਣੇ ਫੌਲਾਦੀ ਹੱਥਾਂ ਨਾਲ ਥੱਪੜ ਮਾਰਦੇ ਤੇ ਪੁੱਛਦੇ, "ਵਨਸੇ ਕੈਟਿ ਛੁਈ" (ਬਤਾ ਤੇਰਾ ਜਮੀਲ ਕਿੱਥੇ ਹੈ?) ਉਸ ਦੇ ਦੋਵੇਂ ਭਰਾ ਥੱਪੜ ਖਾ ਜ਼ਮੀਨ ਤੇ ਡਿੱਗ ਪੈਂਦੇ, ਚੀਕਦੇ ਪਰ ਮੂੰਹ ਨਾ ਖੋਲ੍ਹਦੇ।

ਉਸ ਦੀ ਅੰਮੀ ਕਫਨ ਦੀ ਤਰ੍ਹਾਂ ਪਾਏ ਆਪਣੇ ਪਾਟੇ ਬੁਰਕੇ 'ਚੋਂ ਥੋੜ੍ਹੀ ਦੇਰ ਲਈ ਬਾਹਰ ਨਿਕਲਦੀ, ਛਾਤੀ ਪਿੱਟਦੀ, ਬੱਚਿਆਂ ਨੂੰ ਖਿੱਚਦੀ ਫਿਰ ਉਸੇ ਕਫਨ 'ਚ ਪਰਤ ਜਾਂਦੀ।

ਇਥੋਂ ਤਕ ਤਾਂ ਫਿਰ ਵੀ ਗਨੀਮਤ ਸੀ ਕਿਉਂਕਿ ਅਸੀਂ ਆਰਮੀ ਵਾਲੇ ਸਾਂ। ਕਲਫ ਲੱਗੀ ਆਕੜੀ ਚਮਚਮ ਕਰਦੀ ਵਰਦੀ ਵਾਲੇ, ਸ਼ਰੀਫ ਸਾਂ। ਅਸੀਂ ਮਾਰਦੇ ਵੀ ਤਾਂ ਸਲੀਕੇ ਨਾਲ, ਸ਼ਰਾਫਤ ਨਾਲ। ਪਰ ਬਹੁਤ ਛੇਤੀ ਹੀ ਇਸ ਕੇਸ ਵਿਚ ਪੁਲੀਸ ਵੀ ਆ ਗਈ ਅਤੇ ਹੁਣ ਇਹ ਸਾਡਾ ਤੇ ਪੁਲੀਸ ਦਾ 'ਜਵਾਇੰਟ ਵੈਂਚਰ' ਸੀ। ਵੈਸੇ ਵੀ ਅਸੀਂ ਪੁਲੀਸ ਨੂੰ ਨਾਲ ਲੈ ਕੇ ਤੁਰਦੈ ਸਾਂ ਤਾਂ ਜੋ ਸਾਡੀ ਕਿਸੇ ਕਾਰਵਾਈ ਤੇ ਪੁਲਿਸ ਐਕਸ਼ਨ ਨਾ ਲੈ ਸਕੇ ਤੇ ਸਾਨੂੰ ਕੋਰਟ 'ਚ ਨਾ ਘਸੀਟ ਸਕੇ।

ਪੁਲੀਸ ਦੇ ਆਪਣੇ ਤੌਰ-ਤਰੀਕੇ, ਆਪਣੀ ਭਾਸ਼ਾ ਅਤੇ ਆਪਣਾ ਵਰਤਾਰਾ। ਪੁਲੀਸ ਨੇ ਬਹੁਤ ਜਲਦੀ ਉਸ ਪਰਿਵਾਰ ਦਾ 'ਵੀਕ ਲਿੰਕ' ਲੱਭ ਲਿਆ। ਰੁਬੀਨਾ ਦੀ ਜਵਾਨੀ ਅਤੇ ਜਵਾਨੀ ਵੱਲ ਵੱਧਦੇ ਜਮੀਲ ਦੇ ਛੋਟੇ ਭਰਾ ਦਾ ਕੱਚਾ ਮਨ।

ਪੁਲੀਸ ਨੇ ਆਪਣੇ ਟਾਰਚਰ, ਹਿੰਸਾ, ਖੌਫ ਅਤੇ ਜ਼ਿਲਤ ਦਾ ਐਸਾ ਸਿਲਸਿਲਾ ਸ਼ੁਰੂ ਕੀਤਾ ਕਿ ਘਰ ਦੀ ਹਰ ਇਕ ਇੱਟ ਤ੍ਰਾਹ ਤ੍ਰਾਹ ਕਰ ਉੱਠੀ। ਉਹ ਹਰ ਹਫਤੇ ਹਮੀਦ ਨੂੰ ਥਾਣੇ ਬੁਲਾਉਂਦੇ, ਤੇ ਉਸ ਨੂੰ ਮਾਰ-ਮਾਰ ਕੇ ਨੀਲਾ ਕਰ ਦੇਂਦੇ। ਉਸ ਦੇ ਪਿੰਡੇ ਤੇ ਨੀਲਾਂ ਦੇ ਨਿਸ਼ਾਨ ਨਾ ਉਭਰਨ, ਇਸ ਲਈ ਪੁਲੀਸ ਉਸ ਨੂੰ ਗਿੱਲੇ ਕੰਬਲ 'ਚ ਲਪੇਟ ਕੇ ਕੁੱਟਦੀ, ਜਿਸ ਵਿਚ ਕਿਸੇ ਵੀ ਸੂਰਤ ਵਿਚ ਮਨੁੱਖੀ ਅਧਿਕਾਰ ਕਮੀਸ਼ਨ ਇੰਟਰਫਿਅਰ ਨਾ ਕਰ ਸਕੇ। ਵੈਸੇ ਵੀ ਉਹ ਬੇਹੱਦ ਗਰੀਬ ਪਰਿਵਾਰ ਸੀ, ਵਿਰੋਧ ਅਤੇ ਸਮਰੱਥਾ ਤੋਂ ਕੋਹਾਂ ਦੂਰ। ਜਦ ਹਮੀਦ ਮਾਰ ਖਾਂਦਾ ਰਹਿੰਦਾ ਪਰ ਮੂੰਹ ਨਾ ਖੋਲ੍ਹਦਾ ਤਾਂ ਪੁਲੀਸ ਦਾ ਕਹਿਰ ਹੋਰ ਵੱਧ ਜਾਂਦਾ। ਉਹ ਉਹਦੇ ਘਰ ਆ ਧਮਕਦੀ ਤੇ ਉੱਥੇ ਅੱਡਾ ਜਮਾ ਬਹਿੰਦੀ। ਸਿਗਰਟ ਦੇ ਛੱਲੇ ਉਡਾਉਂਦੀ, ਉਹਨਾਂ ਦੀ ਜਵਾਨ ਭੈਣ ਰੁਬੀਨਾ ਨੂੰ ਘੂਰਦੀ, ਗੰਦੇ ਮਜ਼ਾਕ ਕਰਦੀ, ਭੱਦੇ ਇਸ਼ਾਰੇ ਕਰਦੀ। ਉਸ ਦੇ ਸਾਹਮਣੇ ਮਾਵਾਂ-ਭੈਣਾਂ

ਦੀਆਂ ਗੰਦੀਆਂ ਗਾਲ੍ਹਾਂ ਕੱਢਦੀ ਕਿ ਉਸ ਦੇ ਅੱਬਾ ਰੋਣ ਲੱਗ ਪੈਂਦੇ, ਵਾਲ ਪੁੱਟਦੇ ਤੇ ਸਿਰ ਪਿੱਟਦੇ। ਪੁਲੀਸ ਦੇ ਜਵਾਨ ਉਸ ਦੀ ਮਾਂ ਨੂੰ ਸਮਝਾਉਂਦੇ ਕਿ ਜੇ ਉਹ ਆਪਣੇ ਟੱਬਰ, ਆਪਣੀ ਧੀ ਤੇ ਬਾਕੀ ਜੀਆਂ ਦੀ ਖੈਰ ਚਾਹੁੰਦੀ ਹੈ ਤਾਂ ਦਸ ਦੇਵੇ ਜਮੀਲ ਕਿੱਥੇ ਹੈ ਜਾਂ ਕਦੋਂ ਆਉਣ ਵਾਲਾ ਹੈ? ਜਮੀਲ ਦੀ ਮਾਂ ਮਿੱਟੀ ਹੋਈ ਘਰ ਦੀ ਨੁੱਕਰ 'ਚ ਪਈ ਰਹਿੰਦੀ ਅਤੇ ਪੱਥਰਾਈਆਂ ਅੱਖਾ ਨਾਲ ਵੇਖਦੀ ਰਹਿੰਦੀ।

ਇਹ ਸਿਲਸਿਲਾ ਚਲਦਾ ਰਿਹਾ। ਪਰਿਵਾਰ ਸੁਪਨੇ ਵਿਹੂਣਾ ਤੇ ਭਵਿੱਖਹੀਣ ਹੋ ਗਿਆ। ਤਸ਼ੱਦਦ ਤੇ ਉਤਪੀੜਨ ਦਾ ਹਨ੍ਹੇਰਾ ਮੱਸਿਆ ਦੀ ਰਾਤ ਵਾਂਗ ਵੱਧਦਾ ਗਿਆ। ਹਰ ਨਵੇਂ ਦਿਨ ਨਾਲ ਹੋਰ ਡੂੰਘਾ ਹੁੰਦਾ ਗਿਆ।

ਅਚਾਨਕ ਇਹਨੀਂ ਦਿਨੀਂ ਆਤੰਕਵਾਦੀ ਵਾਰਦਾਤਾਂ 'ਚ ਵਾਧਾ ਹੋ ਗਿਆ। ਰਾਜੌਰੀ ਦੇ ਇਨਕਾਉਂਟਰ 'ਚ ਸਾਡੇ ਦੋ ਮੇਜਰ ਸ਼ਹੀਦ ਹੋ ਗਏ। ਇਸ ਘਟਨਾ ਨਾਲ ਸਾਡੇ ਤੇ ਦਬਾਅ ਵੱਧਦਾ ਜਾ ਰਿਹਾ ਸੀ।

ਸਾਡਾ ਗੁੱਸਾ ਵੱਧਦਾ ਜਾ ਰਿਹਾ ਸੀ।

ਉਸ ਪਰਿਵਾਰ ਦੀ ਚੁੱਪ ਨੇ ਸਾਡੇ ਅੰਦਰ ਲੁਕੇ ਬੈਠੇ ਪਸ਼ੂ ਨੂੰ ਹਿੰਸਕ ਬਣਾ ਦਿੱਤਾ ਤੇ ਸਾਡਾ ਟਾਰਚਰ ਐਨਾ ਵਧਿਆ ਕਿ ਪਰਿਵਾਰ ਮੁਰਦਾ ਹੋ ਗਿਆ। ਜੀਵਨ ਦੇ ਚਿੰਨ੍ਹ ਦਿਨ ਪ੍ਰਤਿ ਦਿਨ ਮਿਟਦੇ ਗਏ।

ਜੇਲ੍ਹਮ ਵਾਂਗ ਅਠਖੇਲੀਆਂ ਕਰਦੀ ਰੁਬੀਨਾ ਸੁਕਦੀ ਜਾ ਰਹੀ ਸੀ। ਉਸ ਦੇ ਚਿਹਰੇ ਤੇ ਬਦਸੂਰਤ ਲਕੀਰਾਂ ਪੈਂਦੀਆਂ ਜਾ ਰਹੀਆਂ ਸਨ। ਹਮੀਦ ਦੀ ਪੜ੍ਹਾਈ ਛੁੱਟ ਗਈ ਸੀ। ਉਹ ਵੀ ਗੁੰਮਸੁੰਮ ਹੁੰਦਾ ਜਾ ਰਿਹਾ ਸੀ। ਦੋਵੇਂ ਬੁੱਢੇ ਘੋੜੇ ਸੈਲਾਨੀਆਂ ਨੂੰ ਘੁੰਮਾਉਣ ਦੀ ਬਜਾਏ-ਬਾਹਰ ਬੰਨ੍ਹੇ ਮਿਲਦੇ ਸਨ। ਉਸ ਦਾ ਅੱਬੂ ਘਰ ਦੀ ਇਕ ਨੁੱਕਰੇ ਕੰਬਲ ਲਈ ਆਪਣੇ ਆਪ ਨਾਲ ਗੱਲਾਂ ਕਰਦਾ ਰਹਿੰਦਾ। ਮੈਂ ਜਦ ਵੀ ਉਹਨਾਂ ਦੇ ਘਰ ਵੜਦਾ, ਮੈਨੂੰ ਮਰੀ ਹੋਈ ਸਭਿਅਤਾ ਦੀ ਬਦਬੂ ਆਉਂਦੀ। ਮੇਰਾ ਦਮ ਘੁੱਟਦਾ ਕਿਉਂਕਿ ਉੱਥੇ ਹਵਾ ਰੁਕੀ ਹੋਈ ਸੀ ਅਤੇ ਜ਼ਿੰਦਗੀ ਨੁੱਕਰ 'ਚ ਮੂੰਹ ਲੁਕਾਈ ਸੁਬਕ ਰਹੀ ਸੀ।

ਇਕ ਵਾਰ ਤਾਂ ਅਖੀਰ ਹੀ ਹੋ ਗਈ। ਜਿਵੇਂ ਹੀ ਅਸੀਂ ਪੁਲੀਸ ਨਾਲ ਉਹਨਾਂ ਦੇ ਘਰ 'ਚ ਵੜੇ, ਸਾਨੂੰ ਵੇਖਦਿਆਂ ਹੀ ਹਮੀਦ ਦਾ ਪੇਸ਼ਾਬ ਨਿਕਲ ਗਿਆ। ਮੈਨੂੰ ਲੱਗਾ, ਇਹ ਉਸਦਾ ਪੇਸ਼ਾਬ ਨਹੀਂ ਨਿਕਲਿਆ ਸਗੋਂ ਆਦਮੀ ਹੋਣ ਦੀ ਸ਼ੁਰੂਆਤ ਜੋ ਮੈ ਕਦੀ ਕੀਤੀ ਸੀ ਉਸ ਦੀ ਡੋਰ ਪੂਰੀ ਤਰ੍ਹਾਂ ਮੇਰੇ ਹੱਥੋਂ ਨਿਕਲ ਚੁੱਕੀ ਹੈ। ਉਸੇ ਸ਼ਾਮ ਮੈਂ ਆਪਣੇ ਕਮਾਂਡਿੰਗ ਅਫਸਰ ਨੂੰ ਮਮਿਆਉਂਦੇ ਹੋਏ ਕਿਹਾ, "ਸਰ, ਮੈਨੂੰ ਲੱਗਦਾ ਹੈ ਕਿ ਅਸੀਂ ਉਸ ਪਰਿਵਾਰ 'ਤੇ ਕੁਝ ਜ਼ਿਆਦਾ ਹੀ ਜ਼ੁਲਮ ਢਾਹ ਰਹੇ ਹਾਂ।"

ਕਮਾਂਡਿੰਗ ਅਫਸਰ ਕਰਨਲ ਭਿਸ਼ੇਕ ਪਾਂਡੇ ਨੇ ਗੁੱਸੇ 'ਚ ਸੜ੍ਹਦੇ-ਬਲਦੇ ਨੇ ਕਿਹਾ, ਭੁੱਲ ਗਿਆਂ ਉਹਨਾਂ ਦਰਿੰਦਿਆਂ ਨੇ ਕਿਵੇਂ ਮਾਰਿਆ ਸੀ ਕੈਪਟਨ ਅਨੁਜ ਨੂੰ। ਕਿਵੇਂ ਕੱਢੀਆਂ ਸਨ ਉਹਦੀਆਂ ਅੱਖਾਂ ਤੇ ਕਿਵੇਂ ਸਲਾਦ ਵਾਂਗ ਕੱਟਿਆ ਸੀ ਉਸ ਦੇ ਅੰਗ-ਅੰਗ ਨੂੰ। ਯਾਦ ਰਖ, ਸਾਨੂੰ ਇੱਥੇ ਸਭਿਅਤਾ ਅਤੇ ਉੱਚ ਕੋਟੀ ਦੇ ਸਮਾਜ ਨਿਰਮਾਣ ਦੇ ਲਈ ਨਹੀਂ ਸਗੋਂ ਮਿਲੀਟੈਂਸੀ ਦਾ ਸਫਾਇਆ ਕਰਨ ਲਈ ਭੇਜਿਆ ਗਿਆ ਹੈ। ਅਸੀਂ ਜੇ ਇਕ ਮਿਲੀਟੈਂਟ ਨੂੰ ਬਖਸ਼ ਦਿੰਦੇ ਹਾਂ ਤਾਂ ਉਹ ਸਾਨੂੰ ਮਾਰ ਮੁਕਾਏਗਾ ਅਤੇ ਭਵਿੱਖ ਵਿਚ ਵੀ ਪਤਾ ਨਹੀਂ ਕਿੰਨੀਆਂ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਵੇਗਾ। ਇਸ ਲਈ ਸੋਚੋ ਨਾ ਅਤੇ ਸੋਚਣਾ ਹੀ ਹੈ ਤਾਂ ਇਹ ਸੋਚੋ ਕਿ ਸਾਡਾ ਕੰਮ ਦੇਸ਼ ਨੂੰ ਇਕ ਉਜਵੱਲ ਭਵਿੱਖ ਦੇਣਾ ਹੈ।

ਪਰ ਸਰ, ਅਸੀਂ ਕਿਸੇ ਦੀ ਸਜ਼ਾ ਕਿਸੇ ਹੋਰ ਨੂੰ ਦੇ ਰਹੇ ਹਾਂ। ਨਾ ਚਾਹੁੰਦੇ ਹੋਏ ਵੀ ਮੇਰੇ ਮੂੰਹੋਂ ਨਿਕਲ ਗਿਆ ਸੀ। ਜਦੋਂ ਕਿ ਆਰ. ਆਰ. ਪੋਸਟਿੰਗ 'ਚ ਇਸ ਤਰ੍ਹਾਂ ਦਾ ਤਰਕ ਕਰਨਾ ਵੀ ਅਨੁਸ਼ਾਸਨ ਦੇ ਖਿਲਾਫ ਸੀ ਪਰ ਸ਼ਾਇਦ ਉਹਨਾਂ ਨੇ ਮੇਰੇ ਅੰਦਰ ਹੋਣ ਵਾਲੇ ਖੂਨ-ਖਰਾਬੇ ਨੂੰ ਵੇਖ ਲਿਆ ਸੀ, ਇਸ ਲਈ ਮੈਨੂੰ ਸਮਝਾਉਂਦੇ ਹੋਏ ਉਹਨਾਂ ਨੇ ਫਿਰ ਕਿਹਾ, "ਵੇਖੋ, ਅਸੀਂ ਉਸ ਪਿੰਡ ਵਿਚ ਇਕ ਮਿਸਾਲ ਕਾਇਮ ਕਰਨੀ ਚਾਹੁੰਦੇ ਹਾਂ, ਉਸ ਧਰਤੀ 'ਤੇ ਐਨਾ ਡਰ ਬੀਜ਼ ਦੇਵੋ ਕਿ ਆਉਣ ਵਾਲੇ ਵਰ੍ਹਿਆਂ 'ਚ ਉੱਥੇ ਇਨਸਾਨ ਤਾਂ ਕੀ ਪਰਿੰਦਾ ਵੀ ਮਿਲੀਟੈਂਟ ਬਣਨ ਦੀ ਨਾ ਸੋਚੇ। ਮੇਰੀ ਇਕ ਗੱਲ ਯਾਦ ਰੱਖੀਂ ਕਿ ਯੁੱਧ ਅਤੇ ਬੁੱਧ ਨਾਲ ਨਾਲ ਨਹੀਂ ਤੁਰ ਸਕਦੇ। ਅਜਿਹਾ ਕਰਕੇ ਹੀ ਤੂੰ ਇਕ ਕਾਮਯਾਬ ਫੌਜੀ ਅਫਸਰ ਬਣ ਸਕਦਾ ਹੈਂ।"

'ਯੁੱਧ ਅਤੇ ਬੁੱਧ ਨਾਲ-ਨਾਲ ਨਹੀਂ ਤੁਰ ਸਕਦੇ।' ਇਹ ਉਹਨਾਂ ਦਿਨਾਂ ਦਾ ਮੇਰਾ ਮੂਲ-ਮੰਤਰ ਸੀ ਜਿਸ ਦਾ ਜਾਪ ਕਰਕੇ ਮੈਂ ਉਹਨੀਂ ਦਿਨੀਂ ਆਪਣੀ ਜ਼ਖਮੀ ਆਤਮਾ ਅਤੇ ਲਹੂ-ਲੁਹਾਨ ਵਿਸ਼ਵ ਚੇਤਨਾ ਦੀ ਮਲ੍ਹਮ ਪੱਟੀ ਕਰਦਾ ਹੁੰਦਾ ਸੀ। ਮੈਂ ਅਤੇ ਮੇਜਰ ਰਾਣਾਂ ਅਜੇ ਤਕ ਇਕ ਵੀ ਮਿਲੀਟੈਂਟ ਨੂੰ ਢੇਰ ਨਹੀਂ ਸੀ ਕਰ ਸਕੇ। ਇਕ ਵੀ ਅਪਰੇਸ਼ਨ ਨੂੰ ਸਫਲਤਾ ਨਾਲ ਅੰਜ਼ਾਮ ਨਹੀਂ ਸੀ ਦੇ ਸਕੇ ਜਦਕਿ ਮੇਰੇ ਹੀ ਇਕ ਕੁਲੀਗ ਮੇਜਰ ਵਿਕਰਮ ਪਾਲੀਵਾਲ ਨੂੰ ਚੌਦਾਂ ਅੱਤਵਾਦੀਆਂ ਨੂੰ ਇਕੱਲਿਆਂ ਮਾਰ-ਮੁਕਾਉਣ ਬਦਲੇ ਸ਼ੌਰਿਆ ਚੱਕਰ ਮਿਲ ਚੁੱਕਾ ਸੀ।

ਬਹਰਹਾਲ, ਰੋਜ਼ ਰੋਜ਼ ਮੇਰੇ ਤੇ ਵੀ ਯੂਨਿਟ ਦਾ ਦਬਾਅ ਵਧਦਾ ਜਾ ਰਿਹਾ ਸੀ। ਹਿੰਦੁਸਤਾਨ ਦੀ ਸੁਰੱਖਿਆ ਮੇਰਾ ਪਹਿਲਾ ਫਰਜ਼ ਸੀ ਅਤੇ ਅਨੰਤਨਾਗ ਵਰਗੇ ਸੰਵੇਦਨਸ਼ੀਲ ਇਲਾਕੇ ਮੈਨੂੰ ਪਲ ਭਰ ਲਈ ਵੀ ਭੁੱਲਣ ਨਹੀਂ ਸਨ ਦਿੰਦੇ ਕਿ ਮੈਂ ਸਭ ਤੋਂ ਪਹਿਲਾਂ ਇਕ ਚੰਗਾ ਇਨਸਾਨ ਨਹੀਂ ਹਿੰਦੁਸਤਾਨੀ ਹਾਂ। ਮੇਰਾ ਨਾ ਕੋਈ ਆਪਣਾ ਵਜੂਦ ਹੈ ਨਾ ਆਤਮਾ, ਮੈਂ ਇਕ ਸਮੂਹਿਕ ਹੋਣੀ ਅਤੇ ਭਵਿੱਖ ਨਾਲ ਬੱਝਾ ਹਾਂ ਜਿੱਥੇ ਸੁਤੰਤਰ ਵਿਅਕਤੀ ਅਤੇ ਵਿਅਕਤੀ ਮਨ ਲਈ ਕੋਈ ਸਪੇਸ ਨਹੀਂ ਹੈ। ਮੈਨੂੰ ਹਰ ਵੇਲੇ ਲੱਗਦਾ ਕਿ ਮੈਂ ਗਲਤ ਜਗ੍ਹਾ ਆ ਗਿਆ ਹਾਂ। ਇਹ ਦੁਨੀਆਂ ਮੇਰੀ ਨਹੀਂ ਹੈ ਪਰ ਜਿਹੜੇ ਸੌਂਹ-ਪੱਤਰ ਤੇ 20 ਸਾਲ ਦੀ ਉਮਰ 'ਚ ਜੀਵਨ ਦੇ ਸੀਮਤ ਅਨੁਭਵ ਦੇ ਆਧਾਰ ਤੇ ਦਸਤਖਤ ਕਰ ਚੁੱਕਾ ਸਾਂ, ਉਸ ਅਨੁਸਾਰ ਵੀਹ ਵਰ੍ਹਿਆਂ ਦੀ ਸੇਵਾ ਤੋਂ ਪਹਿਲਾਂ ਮੈਂ ਇੱਥੋਂ ਨਿਕਲ ਵੀ ਨਹੀਂ ਸਾਂ ਸਕਦਾ।

ਇਸ ਵੇਲੇ ਮੇਰਾ ਫੌਰੀ ਕੰਮ ਸੀ ਜਮੀਲ ਦਾ ਸਫਾਇਆ। ਇਸ ਕਰਕੇ ਉਸ ਪਰਿਵਾਰ ਤੇ ਸਾਡਾ ਸ਼ਿਕੰਜਾ ਕੱਸਦਾ ਜਾ ਰਿਹਾ ਸੀ। ਜ਼ਿਆਦਤੀਆਂ, ਮਾਰਕੁੱਟ, ਬਦਸਲੂਕੀਆਂ, ਤਸੀਹੇ ਵਧਦੇ ਗਏ। ਇਹ ਸਭ ਸਾਡੀ ਰਣਨੀਤੀ ਦੇ ਤਹਿਤ ਅਦ੍ਰਿਸ਼ ਗੋਲਾਬਾਰੀ ਸੀ ਜੋ ਹਰ ਦਿਨ ਜਮੀਲ ਦੇ ਘਰ ਵਾਲਿਆਂ ਦਾ ਭੋਰਾ-ਭੋਰਾ ਕਰਕੇ ਹੌਂਸਲਾ ਤੋੜ ਰਹੀ ਸੀ। ਉਸ ਘਰ ਦੀ ਹਰੇਕ ਇੱਟ 'ਤੇ ਇਕ ਹੀ ਇਬਾਰਤ ਸਾਫ-ਸਾਫ ਲਿਖੀ ਜਾ ਰਹੀ ਸੀ ਕਿ ਉਸ ਪਰਿਵਾਰ ਦੇ ਕੋਲ ਹੁਣ ਇਕੋ ਹੀ ਰਾਹ ਬਚਿਆ ਹੈ, ਜਮੀਲ ਦੀ ਮੌਤ ਜਾਂ ਸਾਰੇ ਪਰਿਵਾਰ ਦੀ ਤਬਾਹੀ।

ਠੰਢੀ ਕਰੂਰਤਾ ਅਤੇ ਅਸਭਿਆ ਸ਼ਾਲੀਨਤਾ ਨਾਲ ਮੈਂ ਇਕ ਦਿਨ ਜਮੀਲ ਦੀ ਅੰਮਾ ਨੂੰ ਇਕ ਧੂੜ ਭਰੀ ਦੁਪਹਿਰੇ ਸਮਝਾਇਆ ਸੀ, "ਵੇਖ! ਜਮੀਲ ਨੇ ਤਾਂ ਦੇਰ ਸਵੇਰ ਇਕ ਦਿਨ ਮਰਨਾ ਹੀ ਹੈ, ਪਰ ਤੂੰ ਚਾਹੇਂ ਤਾਂ ਬਾਕੀ ਤਿੰਨ ਬੱਚਿਆਂ ਦੀ ਤਬਾਹੀ ਬਚਾ ਸਕਦੀ ਏਂ। ਹਮੀਦ ਲਗਪਗ ਪਾਗਲ ਹੋ ਚੁੱਕਾ ਹੈ। ਹਸਨ (ਜਮੀਲ ਦਾ ਛੋਟਾ ਭਰਾ) ਦੀ ਛਾਤੀ ਦੀਆਂ ਹੱਡੀਆਂ ਨਿਕਲ ਆਈਆਂ ਹਨ ਅਤੇ ਰੁਬੀਨਾ ਨੂੰ ਵੇਖ ਕੇ ਤਾਂ ਲੱਗਦਾ ਹੈ ਜਿਵੇਂ ਵਰ੍ਹਿਆਂ ਤੋਂ ਬਿਮਾਰ ਹੋਵੇ। ਕਿਤੇ ਇੰਝ ਨਾ ਹੋਵੇ ਕਿ ਜਮੀਲ ਵੀ ਨਾ ਬਚੇ ਅਤੇ ਬਾਕੀ ਬੱਚੇ ਵੀ ਜਿਊਣ ਦੇ ਕਾਬਲ ਨਾ ਰਹਿਣ।"

"ਨਹੀਂ, ਖੁਦਾ ਰਹਿਮ ਕਰੇ", ਉਸ ਨੇ ਆਪਣੇ ਕੰਨਾਂ ਨੂੰ ਹਥੇਲੀਆਂ ਨਾਲ ਢੱਕ ਲਿਆ ਤੇ ਕਮਜ਼ੋਰ ਜੜ੍ਹਾਂ ਵਾਲੇ ਬੂਟੇ ਵਾਂਗ ਕੰਬਣ ਲੱਗੀ। ਜੇ ਰੁਬੀਨਾ ਨੇ ਉਸ ਨੂੰ ਆਸਰਾ ਨਾ ਦਿੱਤਾ ਹੁੰਦਾ ਤਾਂ ਡਿੱਗ ਪੈਂਦੀ।

ਬਹਰਹਾਲ ਮੇਰਾ ਨਿਸ਼ਾਨਾ ਟਿਕਾਣੇ ਤੇ ਲੱਗਾ ਸੀ। ਪਰਿਵਾਰ ਹਰ ਪਲ ਟੁੱਟ ਰਿਹਾ ਸੀ। ਬੁੱਢੇ ਹਰ ਪਲ ਢਹਿ ਰਹੇ ਸਨ। ਮਾਨਵੀ ਹਲਚਲ ਹਰ ਪਲ ਕਮਜ਼ੋਰ ਹੋ ਰਹੀ ਸੀ। ਬੱਚੇ ਤੇਜ਼ੀ ਨਾਲ ਜ਼ਿੰਦਗੀ ਤੋਂ ਡਰੇ ਚੂਹੇ 'ਚ ਤਬਦੀਲ ਹੋਈ ਜਾ ਰਹੇ ਸਨ। ਜਮੀਲ ਦੀ ਮਾਂ ਟੁੱਟ ਕੇ ਟੁੱਕੜੇ-ਟੁੱਕੜੇ ਹੋਈ ਜਾ ਰਹੀ ਸੀ। ਇਕ ਟੁੱਕੜਾ ਜਮੀਲ ਦੇ ਬਾਰੇ ਸੋਚਦਾ ਤਾਂ ਦੂਸਰਾ ਬਚੇ ਹੋਏ ਪਰਿਵਾਰ ਦੇ ਲਈ।

ਅਤੇ ਇਕ ਦੁਪਹਿਰ ਕਮਾਲ ਹੀ ਹੋ ਗਈ। ਸਾਲ ਬੀਤਦੇ ਬੀਤਦੇ ਸਰੋਵਰ ਦਾ ਸਾਰਾ ਪਾਣੀ ਸੁੱਕ ਗਿਆ। ਹਵਾਵਾਂ ਰੁਕ ਗਈਆਂ। ਸਾਰੇ ਅਹਿਸਾਸ ਮਰ ਗਏ। ਜ਼ਿੱਲਤ, ਡਰ, ਸਤਾ, ਤਸੀਹਿਆਂ ਦੀ ਨੋਕ ਤੇ ਟੰਗਿਆ ਉਹ ਪਰਿਵਾਰ ਪੂਰੀ ਤਰ੍ਹਾਂ ਢਹਿ ਗਿਆ।

ਸ਼ਾਇਦ ਧਰਤੀ ਵੀ ਆਪਣੇ ਧੁਰੇ ਤੇ ਘੁੰਮਦੀ ਹੋਈ ਕੁਝ ਪਲਾਂ ਲਈ ਆਹਤ ਅਚੰਭੇ 'ਚ ਠਹਿਰੀ ਹੋਵੇਗੀ, ਸ਼ਾਇਦ ਘੁਮਿਆਰ ਦਾ ਚੱਕ ਵੀ ਉਸ ਪਲ ਘੁੰਮਦਾ-ਘੁੰਮਦਾ ਰੁਕ ਗਿਆ ਹੋਵੇਗਾ। ਜਦ ਜਿਊਣ ਦੀ ਲਲਕ 'ਚ, ਜਿਊਣ ਦੀ ਆਖਰੀ ਕੋਸ਼ਿਸ਼ ਦੇ ਰੂਪ ਵਿਚ ਇਕ ਰਚਨਹਾਰੇ ਨੂੰ ਆਪਣੀ ਮਮਤਾ ਦੇ ਕਣ-ਕਣ 'ਚ ਸੰਵਾਰੀ ਆਪਣੀ ਹੀ ਰਚਨਾ ਦਾ ਗਲਾ ਘੁੱਟ ਦੇਣ ਦਾ ਨਿਰਣਾ ਲੈਣਾ ਪਿਆ ਹੋਵੇਗਾ। ਜਦ ਇਕ ਕਾਮਯਾਬ ਸ਼ਾਮ ਨੂੰ ਜਮੀਲ ਦੀ ਅੰਮਾਂ ਨੇ ਅੱਖਾਂ 'ਚ ਜਲ ਅਤੇ ਹਿਰਦੇ 'ਚ ਅਸਹਿ ਅੱਗ ਲਈ ਸਾਨੂੰ ਦਸਿਆ ਕਿ ਜਮੀਲ ਕਲ੍ਹ ਸਾਨੂੰ ਮਿਲਣ ਆ ਰਿਹਾ ਹੈ।

ਕੀ? ਕੌਣ? ਜਮੀਲ? ਗੈਰ ਯਕੀਨਨ?

ਮੈਂ ਹੈਰਾਨ? ਗਦਗਦ? ਮੇਰੇ ਨਾਲ ਆਏ ਚਾਰੇ ਲਾਂਸਨਾਇਕਾਂ ਅਤੇ ਨਾਇਕਾਂ ਦੀ ਅੱਖਾਂ ਸਰਚਲਾਈਟ ਵਾਂਗ ਚਮਕੀਆਂ। ਚਿਹਰੇ ਤੇ ਸੌ-ਸੌ ਗੁਲਾਬ ਖਿੜ ਗਏ।

ਮੈਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਹਨਾਂ ਨੂੰ ਇਸ ਇਤਲਾਹ ਬਦਲੇ ਕੀ ਕਹਾਂ। ਮੈਂ ਇਨਸਾਨੀਅਤ ਦੀ ਸਭ ਤੋਂ ਹੇਠਲੀ ਪੌੜੀ ਤੇ ਖੜਾ ਸਾਂ। ਉਹ ਬੇਬਸੀ ਅਤੇ ਤਸੀਹਿਆਂ ਦੀ ਟੀਸੀ ਤੇ ਖੜੀ ਆਪਣੇ ਬਾਕੀ ਤਿੰਨਾਂ ਬੱਚਿਆਂ ਨੂੰ ਬਚਾਉਣ ਦੀ ਸਿਰਤੋੜ ਮੁਹਿੰਮ 'ਚ ਆਪਣੇ ਹੀ ਹੱਥੀਂ ਆਪਣੀ ਮਮਤਾ ਦਾ ਗਲ੍ਹ ਘੁੱਟ ਰਹੀ ਸੀ।

ਤਾਂ ਜਮੀਲ ਕਲ੍ਹ ਆ ਰਿਹਾ ਹੈ ਤੈਨੂੰ ਮਿਲਣ? ਮੈਂ ਜਿਵੇਂ ਪੂਰੀ ਤਰ੍ਹਾਂ ਬੇਫਿਕਰ ਹੋ ਜਾਣਾ ਚਾਹੁੰਦਾ ਸਾਂ।

ਉਸ ਨੇ ਧੋਣ ਹਿਲਾਈ ਤੇ ਗੋਡਿਆਂ 'ਚ ਦੇ ਕੇ ਰੋਣ ਲੱਗੀ। ਉਸ ਦੇ ਤਿੰਨੇ ਬੱਚੇ ਉਸ ਨੂੰ ਚਿੰਬੜ ਕੇ ਸੁਬਕਣ ਲੱਗੇ। ਜਮੀਲ ਦਾ ਅੱਬੂ ਦੁੱਖ ਦੇ ਆਵੇਗ ਨੂੰ ਨਾ ਸਹਿੰਦਾ ਹੋਇਆ ਸਾਹ ਫੁੱਲ ਜਾਣ ਕਰਕੇ ਆਪਣੀ ਛਾਤੀ ਮਲਣ ਲੱਗਾ। ਘਰ ਵਿਚ ਹਵਾ ਜਿਵੇਂ ਰੁਕ ਗਈ ਹੋਵੇ। ਘਰ 'ਚ ਮੌਤ ਦੀ ਬਦਬੂ ਭਰ ਗਈ ਸੀ ਪਰ ਅਸੀਂ ਸਾਰੇ ਚਹਿਕ ਰਹੇ ਸਾਂ।

ਪੂਰੇ ਸਾਲ ਭਰ ਦੀ ਮਸ਼ੱਕਤ ਦੇ ਬਾਅਦ ਸਾਨੂੰ ਸਫਲਤਾ ਮਿਲੀ ਸੀ। ਇਕ ਸਫਲ ਅਪਰੇਸ਼ਨ ਸਾਡੇ ਖਾਤੇ 'ਚ ਆਉਣ ਵਾਲਾ ਸੀ।

ਬਾਈ ਘੰਟੇ। ਪੂਰੇ ਬਾਈ ਘੰਟੇ ਸਨ ਸਾਡੇ ਕੋਲ ਮੌਤ ਦੀ ਉਡੀਕ ਵਿਚ। ਰਾਤ ਦੇ ਡਰਾਉਣੇ ਸੰਨਾਟੇ ਵਿਚ ਅਸਾਂ ਉਸ ਦੇ ਘਰ ਦੇ ਆਸਪਾਸ ਪੂਰੀ ਘੇਰਾਬੰਦੀ ਕਰ ਲਈ। ਅਸੀਂ ਜਾਣਦੇ ਸਾਂ ਕਿ ਜਮੀਲ ਰਾਤ ਦੇ ਹਨੇਰੇ ਵਿਚ ਹੀ ਆਵੇਗਾ। ਦੋ ਸੌ ਮੀਟਰ ਦੀ ਦੂਰੀ ਤੇ ਅਸੀਂ ਐੱਚ. ਐੱਚ. ਟੀ. ਆਈ. (ਇਕ ਕੀਮਤੀ ਕੈਮਰਾ ਜੋ ਰਾਤ ਦੇ ਹਨੇਰੇ ਵਿਚ ਵੀ ਇਕ ਕਿਲੋਮੀਟਰ ਤਕ ਵੇਖ ਸਕਦਾ ਸੀ। ਪੀ. ਐਨ. ਵੀ. ਜੀ. (ਹਨੇਰੀ ਰਾਤ ਵਿਚ ਤਿੰਨ ਕਿਲੋਮੀਟਰ ਤਕ ਵੇਖਣ ਵਾਲੀ ਐਨਕ), ਹੈਂਡ ਗਰਨੇਡ, ਰਾਕਟ ਲਾਂਚਰ, ਏ. ਕੇ.-47, ਨਾਲ ਅਸੀਂ ਆਪਣੀ ਪੁਜੀਸ਼ਨ ਲਈ ਹਨੇਰੇ 'ਚ ਲੁਕੇ ਰਹੇ ਅਤੇ ਉਸ ਦੇ ਘਰ ਤੇ ਫੋਕਸ ਕਰੀ ਬੈਠੇ ਰਹੇ।

ਠੀਕ ਠੰਢੀ ਰਾਤ ਤੇ ਕੰਬਦੇ ਹਨੇਰੇ ਵਿਚ ਘਰ ਦਾ ਸ਼ਹਿਜਾਦਾ ਲੁਕਦਾ-ਛੁਪਦਾ ਘਰ 'ਚ ਵੜਿਆ।

ਅਸਾਂ ਉਸ ਨੂੰ ਜਾਣ ਦਿੱਤਾ।

ਪੂਰੀ ਰਾਤ ਅਸੀਂ ਘੇਰਾ ਪਾਈ ਬੈਠੇ ਰਹੇ। ਐਚ. ਐਚ. ਟੀ. ਆਈ. ਨਾਲ ਉਸ ਦੀ ਨਿਗਰਾਨੀ ਕਰਦੇ ਰਹੇ। ਅਸੀਂ ਚਾਹੁੰਦੇ ਸਾਂ ਕਿ 'ਕੋਲੇਟਰਲ ਡੈਮੇਜ' ਘੱਟ ਤੋਂ ਘੱਟ ਹੋਵੇ, ਯਾਨੀ ਸਿਰਫ ਜਮੀਲ ਹੀ ਗੋਲੀ ਦਾ ਨਿਸ਼ਾਨਾ ਬਣੇ, ਇਕ ਵੀ ਸਿਵਲੀਅਨ ਸਾਡੇ ਘੇਰੇ 'ਚ ਨਾ ਆਵੇ ਅਤੇ ਜਿੱਥੋਂ ਤਕ ਸੰਭਵ ਹੋਵੇ ਉਹਨਾਂ ਦੇ ਘਰ ਨੂੰ ਨਾ ਢਾਹਿਆ ਜਾਵੇ। ਪਿੱਛਲੇ ਇਕ ਅਪਰੇਸ਼ਨ ਦੌਰਾਨ ਅਸਾਂ ਥੋੜ੍ਹੀ ਜਲਦਬਾਜ਼ੀ ਕੀਤੀ ਸੀ। ਅਸਾਂ ਆਸੇ ਪਾਸੇ ਦੇ ਘਰਾਂ ਨੂੰ ਖਾਲੀ ਕਰਵਾ ਲਿਆ ਸੀ ਅਤੇ ਜਿਸ ਘਰ ਵਿਚ ਮਿਲੀਟੈਂਟ ਲੁਕਿਆ ਸੀ ਉਸ ਨੂੰ ਰਾਕੇਟ ਲਾਂਚਰ ਨਾਲ ਉਡਾ ਦਿੱਤਾ ਸੀ। ਬਾਅਦ ਵਿਚ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਾਡੇ ਤੇ ਕੇਸ ਠੋਕ ਦਿੱਤਾ ਕਿ ਜਦ ਅਸੀਂ ਉਸ ਘਰ ਨੂੰ ਢਾਹੁਣ ਤੋਂ ਬਚਾ ਸਕਦੇ ਸਾਂ ਤਾਂ ਅਸੀਂ ਉਸ ਨੂੰ ਢਹਿਣ ਤੋਂ ਕਿਉਂ ਨਹੀਂ ਬਚਾਇਆ?

ਇਸ ਵਾਰ ਅਸੀਂ ਜਲਦਬਾਜੀ ਨਹੀਂ ਕਰਨੀ ਚਾਹੁੰਦੇ ਸਾਂ।

ਅਸਾਂ ਪੂਰੇ ਧੀਰਜ ਤੋਂ ਕੰਮ ਲਿਆ।

ਦੂਸਰੇ ਦਿਨ ਵੀ ਅਸੀਂ ਡੇਰਾ ਲਾਈ ਬੈਠੇ ਰਹੇ। ਉਸ ਤੇ ਨਜ਼ਰਾਂ ਗੱਡੀ। ਦੂਜੀ ਰਾਤ ਵੀ ਨਿਕਲ ਗਈ।

ਤੀਸਰੇ ਦਿਨ ਦੁਪਹਿਰ ਨੂੰ ਸਾਡੀ ਆਸ ਤੋਂ ਉਲਟ ਜਮੀਲ ਨੇ ਮੂਰਖਤਾ ਕੀਤੀ। ਮਰਦ ਕਲੰਦਰ ਦੀ ਤਰ੍ਹਾਂ ਖਤਰੇ ਨੂੰ ਜਾਚਣ ਲਈ ਉਹ ਮਿੰਟ ਭਰ ਲਈ ਬਾਹਰ ਨਿਕਲਿਆ। ਅਸਾਂ ਪਹਿਲਾ ਫਾਇਰ ਕੀਤਾ, ਉਹ ਤੁਰੰਤ ਅੰਦਰ ਜਾ ਵੜਿਆ।

ਬਸ ਉਸ ਦੇ ਬਾਅਦ ਫੌਜੀ ਭਾਸ਼ਾ ਵਿਚ ਉਸ ਨਾਲ ਸਾਡਾ 'ਡੂਏਲ ਕਾਂਟੇਕਟ' ਹੋ ਗਿਆ ਯਾਨੀ ਹੁਣ ਉਹ ਤੇ ਅਸੀ ਆਹਮਣੇ-ਸਾਹਮਣੇ ਸਾਂ। ਉਸ ਨੂੰ ਪਤਾ ਲੱਗ ਗਿਆ ਸੀ ਕਿ ਉਹ ਹੁਣ ਘਿਰ ਗਿਆ ਹੈ।

ਹੁਣ ਮੌਤ ਦੀ ਉਡੀਕ ਬੜੀ ਸ਼ਾਂਤੀ ਅਤੇ ਠੀਕ ਢੰਗ ਨਾਲ ਹੋਈ। ਆਸਪਾਸ ਦੇ ਘਰਾਂ ਨੂੰ ਖਾਲੀ ਕਰਵਾਇਆ ਗਿਆ। ਇਕ-ਇਕ ਕਰਕੇ ਘਰ ਦੇ ਲੋਕਾਂ ਦੀ ਸ਼ਨਾਖਤ ਕਰਵਾ ਕੇ ਉਹਨਾਂ ਨੂੰ ਘੇਰੇ ਤੋਂ ਬਾਹਰ ਕਰ ਦਿੱਤਾ ਗਿਆ। ਜਮੀਲ ਦੀ ਤਸਵੀਰ ਸਾਡੇ ਕੋਲ ਸੀ ਇਸ ਲਈ ਉਸ ਦੀ ਸੰਭਾਵਨਾ ਘੱਟ ਸੀ ਕਿ ਉਹ ਆਪਣੇ ਹਥਿਆਰ ਲੁਕਾ ਕੇ ਲੋਕਾਂ ਦੇ ਨਾਲ ਬਾਹਰ ਨਿਕਲ ਆਵੇ।

ਹੁਣ ਆਸੇ-ਪਾਸੇ ਸਭ ਕੁਝ ਖਾਲੀ ਸੀ ਸੁਪਨੇ-ਵਿਹੂਣਾ।

ਤਿਕੋਨੇ ਝੌਂਪੜੀਨੁਮਾ ਘਰ ਵਿਚ ਜਮੀਲ ਸੀ ਅਤੇ ਉਸ ਤੋਂ ਸਿਰਫ 200 ਮੀਟਰ ਦੀ ਦੂਰੀ ਤੇ ਅਸੀਂ। ਉਹ ਘਰ 'ਚ ਵੜਿਆ ਰਿਹਾ ਤੇ ਅਸੀਂ ਬਾਹਰ ਡਟੇ ਰਹੇ।

ਉਹ ਇਕੱਲਾ ਸੀ ਤੇ ਅਸੀਂ ਪੂਰੀ ਯੂਨਿਟ ਦੇ ਨਾਲ। ਫਿਰ ਇਕ ਰਾਤ ਬੀਤੀ, ਸਫੇਦ ਰਾਤ ਅਤੇ ਪੂਰੇ ਚੌਦਾਂ ਘੰਟੇ, ਚੌਵੀ ਮਿੰਟ ਦੇ ਬਾਅਦ ਉਹ ਫਿਰ ਬਾਹਰ ਝਾਕਿਆ। ਉਹਦੇ ਸੰਭਲਦਿਆਂ ਸੰਭਲਦਿਆਂ ਛੱਤ ਤੇ ਬੈਠੇ ਸਾਡੇ ਜਵਾਨਾਂ ਨੇ ਫਾਇਰ ਕੀਤਾ। ਗੋਲੀ ਮੱਥੇ ਤੇ ਲੱਗੀ ਤੇ ਵੇਖਦਿਆਂ ਹੀ ਵੇਖਦਿਆਂ ਕੁਲਦੀਪਕ ਬੁੱਝ ਗਿਆ।

ਛਾਲਾਂ ਮਾਰਦਾ ਸਮੁੰਦਰ ਜ਼ਮੀਨ ਤੇ ਲੇਟ ਗਿਆ।

ਇਕ ਹਿੰਮਤੀ ਜੀਵਨ ਦਾ ਦੁੱਖ ਭਰਿਆ ਬੇਵਕਤੀ ਅੰਤ। ਸਾਡੀ ਸਾਰੀ ਯੂਨਿਟ ਖੁਸ਼ ਸੀ ਕਿ ਬਿਨਾਂ 'ਕੋਲੇਟਰਲ ਡੈਮੇਜ' ਦੇ ਅਸੀਂ ਆਪਣੇ ਮਿਸ਼ਨ 'ਚ ਕਾਮਯਾਬ ਗਏ ਹਾਂ।

ਬੜੀ ਸ਼ਰਾਫਤ ਅਤੇ ਆਦਰ ਨਾਲ ਅਸਾਂ ਜਮੀਲ ਦੀ ਮ੍ਰਿਤਕ ਦੇਹ ਨੂੰ ਨੌਂ ਫੁੱਟ ਲੰਮੇ ਲੋਹੇ ਦੀ ਹੁਕ ਵਾਲੇ ਇਕ ਸਰੀਏ ਨਾਲ ਖਿੱਚਿਆ। ਕਈ ਵਾਰ ਅੱਤਵਾਦੀ ਆਪਣੇ ਸਰੀਰ ਤੇ ਗਰਨੇਡ ਵਗੈਰਾ ਬੰਨ੍ਹ ਲੈਂਦੇ ਹਨ ਜਿਵੇਂ ਹੀ ਉਸ ਦੀ ਤਲਾਸ਼ੀ ਲਈ ਜਾਂਦੀ ਹੈ ਤਾਂ ਗਰਨੇਡ ਫਟ ਕੇ ਜਵਾਨ ਨੂੰ ਉਡਾ ਦੇਂਦਾ ਹੈ। ਜ਼ਿੰਦਗੀ ਖਤਮ ਹੋ ਜਾਂਦੀ ਹੈ ਪਰ ਮਿਲਟਰੀ ਤੇ ਮਿਲੀਟੈਂਟ ਦੀ ਨਫਰਤ ਜਿਊਂਦੀ ਰਹਿੰਦੀ ਹੈ।

ਬਾਸੀ ਚੌਲਾਂ ਵਰਗੇ ਸਫੇਦ ਚਿਹਰੇ ਤੇ ਥਾਂ-ਥਾਂ ਤਾਜ਼ੇ ਖੂਨ ਦੀਆਂ ਧਾਰੀਆਂ ਪਈਆਂ ਸਨ। ਬੜੀ ਸ਼ਰਾਫਤ ਅਤੇ ਤਰੀਕੇ ਦੇ ਨਾਲ ਅਸਾਂ ਲਾਸ਼ ਨੂੰ ਸਫੇਦ ਚਾਦਰ 'ਚ ਲਪੇਟ ਪੁਲੀਸ ਦੇ ਹਵਾਲੇ ਕਰ ਦਿੱਤਾ ਜਿਸ ਨੂੰ ਬਾਅਦ ਵਿਚ ਕਾਨੂੰਨੀ ਖਾਨਾਪੂਰੀ ਕਰ ਪੁਲੀਸ ਨੇ ਉਸ ਦੇ ਪਰਿਵਾਰ ਦੇ ਸਪੁਰਦ ਕਰ ਦਿੱਤਾ।

ਪਤਾ ਨਹੀਂ ਜਮੀਲ ਨੂੰ ਮਾਰ ਕੇ ਮੈਂ ਭਾਰਤ ਦੇ ਭਵਿੱਖ ਨੂੰ ਕਿੰਨਾ ਕੁ ਸੁਰੱਖਿਅਤ ਕੀਤਾ, ਪਰ ਇਸ ਅਪਰੇਸ਼ਨ ਨੇ ਮੈਨੂੰ ਕੁਝ ਦਿਨਾਂ ਲਈ ਆਪਣੀ ਯੂਨਿਟ 'ਚ ਹੀਰੋ ਬਣਾ ਦਿੱਤਾ ਸੀ। ਜਿਸ ਸਮੇਂ ਮੇਰੇ ਸਾਰੇ ਸੀਨੀਅਰ ਅਫਸਰ ਅਤੇ ਕੁਲੀਗ ਮੈਨੂੰ ਵਧਾਈਆਂ ਦੇ ਰਹੇ ਸਨ ਮੈਂ ਸੋਚ ਰਿਹਾ ਸਾਂ ਕਿ ਸਮੇਂ ਦੇ ਬੀਤਣ ਨਾਲ ਮੈਂ ਪਰਦੇ ਪਿੱਛੇ ਚਲੇ ਜਾਵਾਂਗਾ ਪਰ ਬਚੀਆਂ ਰਹਿ ਜਾਣਗੀਆਂ ਇਕ ਬੇਵਸ ਮਾਂ ਦੀਆਂ ਸਿਸਕੀਆਂ ਅਤੇ ਮੇਰੇ ਮਨ ਦੀ ਅਸ਼ਾਂਤੀ। ਅਤੇ ਸੱਚਮੁੱਚ, ਦਿਨ ਤਾਂ ਮੇਰਾ ਭੱਜਦੌੜ ਅਤੇ ਆਪਾਧਾਪੀ ਵਿਚ ਨਿਕਲ ਜਾਂਦਾ, ਰਾਤ ਦੀ ਖਾਮੋਸ਼ੀ 'ਚ ਉਦਾਸੀਆਂ ਮੈਨੂੰ ਬੋਚ ਲੈਂਦੀਆਂ ਅਤੇ ਮੇਰਾ ਮਨ ਇਕ ਅਸ਼ਾਂਤ ਸਮੁੰਦਰ ਬਣ ਜਾਂਦਾ। ਜਿੱਥੇ ਰਹਿ-ਰਹਿ ਕੇ ਮੇਰੀ ਮਾਨਸਿਕ ਸ਼ਾਂਤੀ ਅਤੇ ਸਕੂਨ ਨੂੰ ਤਾਰ-ਤਾਰ ਕਰਨ ਵਾਲੀਆਂ ਲਹਿਰਾਂ ਉੱਠਦੀਆਂ, ਜੋ ਮੈਨੂੰ ਅਤੀਤ ਅਤੇ ਯਾਦਾਂ ਦੇ ਘਾਟ ਤੇ ਲਿਜਾ ਸੁੱਟਦੀਆਂ। ਮੈਨੂੰ ਯਾਦ ਆਉਂਦਾ, ਜਦ ਮੈਂ ਪਹਿਲੀ ਵਾਰ ਕਸ਼ਮੀਰ ਦੀ ਹੱਦ 'ਚ ਪੈਰ ਪਾਇਆ ਸੀ ਤਾਂ ਧਰਤ ਦਾ ਇਹ ਟੁੱਕੜਾ ਮੈਨੂੰ ਐਨਾ ਸੋਹਣਾ, ਕੋਮਲ ਅਤੇ ਸੁਪਨਿਆਂ ਦਾ ਸਵਰਗ ਲੱਗਾ ਸੀ ਕਿ ਮੇਰੀਆਂ ਸਾਰੀਆਂ ਇੰਦਰੀਆਂ ਸੁਹੱਪਣ ਨਾਲ ਭਰ ਗਈਆਂ ਸਨ। ਪਰ ਢਾਈ ਸਾਲਾਂ ਵਿਚ ਹੀ ਇਸ ਸ਼ਹਿਰ ਨੇ ਮੈਨੂੰ ਹੱਤਿਆਰਾ ਬਣਾ ਕੇ ਮੇਰੀ ਅੰਤਰ-ਆਤਮਾ ਮੇਰੇ ਕੋਲੋਂ ਖੋਹ ਕੇ ਮੈਨੂੰ ਕੰਗਾਲ ਬਣਾ ਦਿੱਤਾ ਸੀ। ਹੁਣ ਮੇਰੀਆਂ ਇੰਦਰੀਆਂ ਵਿਚ ਸੁਹੱਪਣ ਨਹੀਂ, ਕਰੂਪਤਾ ਭਰ ਗਈ ਸੀ। ਮੇਰੀਆਂ ਗਿਆਨ ਇੰਦਰੀਆਂ ਨੂੰ ਹੁਣ ਪੱਤਿਆਂ ਦੀ ਸਰਸਰਾਹਟ, ਬੱਦਲਾਂ ਦੀ ਗੜਗੜਾਹਟ ਅਤੇ ਮੇਰੇ ਅੰਦਰ ਦੀ ਅਵਾਜ਼ ਨਹੀਂ ਸੁਣਦੀ, ਸੁਣਦੀ ਹੈ ਤਾਂ ਗੋਲੀਆਂ ਦੀ, ਚੀਕਾਂ ਦੀ, ਬੰਬਾਂ ਦੀ, ਦਿਲਾਂ ਦੇ ਟੁੱਟਣ ਦੀ, ਭਰੋਸਿਆਂ ਦੇ ਮਰਨ ਦੀ ਅਤੇ ਮਾਵਾਂ ਦੇ ਉਜੜਨ ਦੀਆਂ ਅਵਾਜ਼। ਮੇਰੀਆਂ ਅੱਖਾਂ ਹੁਣ ਪਹਾੜੀਆਂ, ਪਾਣੀਆਂ, ਕਸ਼ਮੀਰ ਦੇ ਗੁਲਾਬਾਂ ਅਤੇ ਦੂਧੀਆ ਬੱਦਲਾ ਦੇ ਸੁਹੱਪਣ ਨੂੰ ਨਹੀਂ ਵੇਖਦੀਆਂ ਕਿਉਂਕਿ ਉਹਨਾਂ ਅੱਖਾਂ ਵਿਚ ਰਹਿ ਰਹਿ ਕੇ ਕੁਝ ਹੋਰ ਹੀ ਸੀਨ ਆਉਂਦੇ ਹਨ, ਖੂਨ ਨਾਲ ਲਹੂ-ਲੁਹਾਨ ਜਮੀਲ ਦਾ ਚਿਹਰਾ, ਮਰੀ ਕੋਹੜ ਕਿਰਲੀ ਦੀ ਤਰ੍ਹਾਂ ਡਰ ਤੋਂ ਬਾਹਰ ਨਿਕਲੀ ਜਮੀਲ ਦੀ ਮਾਂ ਦੀਆਂ ਅੱਖਾਂ ਅਤੇ ਘਰਾਂ ਦੇ ਪਿੱਛੇ ਬਣੀਆਂ ਕਬਰਾਂ।

ਮੇਰੀਆਂ ਸੁੰਘਣ ਇੰਦ੍ਰੀਆਂ ਨੂੰ ਹੁਣ ਗੁਲਾਬਾਂ ਅਤੇ ਕੇਸਰ ਦੀ ਸੁਗੰਧ ਨਹੀਂ ਸਗੋਂ ਗੰਧਕ, ਬਰੂਦ ਅਤੇ ਸੜਦੇ ਹੋਏ ਇਨਸਾਨੀ ਮਾਸ ਦੀ ਗੰਦ ਦੀ ਆਦਤ ਪੈ ਗਈ ਸੀ। ਜੋ ਸ਼ਹਿਰ ਕਦੀ ਮੈਨੂੰ ਲਲਚਾਉਂਦਾ ਸੀ, ਸੁਪਨੇ ਜਗਾਉਂਦਾ ਸੀ, ਉਹੀ ਸ਼ਹਿਰ ਹੁਣ ਮੈਨੂੰ ਡਰਾਉਂਦਾ ਹੈ। ਮੇਰੀ ਮਾਨਸਿਕ ਹਾਲਤ ਦਿਨ ਪ੍ਰਤੀਦਿਨ ਕਿਰਦੀ ਜਾ ਰਹੀ ਸੀ। ਰਾਤ ਪੈਂਦੇ ਹੀ ਜਮੀਲ ਦੀ ਮੌਤ ਆਪਣੀਆਂ ਉਂਗਲੀਆਂ ਦੇ ਪੋਟਿਆਂ ਨਾਲ ਮੈਨੂੰ ਛੋਹਣ ਲੱਗਦੀ, ਮੇਰੀ ਨੀਂਦ ਖੁਲ੍ਹ ਜਾਂਦੀ। ਜ਼ਬਰਦਸਤੀ ਨੀਂਦ ਨੂੰ ਰਿਝਾਉਣ ਦੀ ਕੋਸ਼ਿਸ਼ ਕਰਦਾ ਤਾਂ ਬੁਰੇ ਸੁਪਨੇ ਪਿੱਛਾ ਨਾ ਛੱਡਦੇ। ਇਕ ਰਾਤ ਸੁਪਨਾ ਵੇਖਿਆ ਕਿ ਜਮੀਲ ਦੀ ਮਾਂ ਮੈਨੂੰ ਕਹਿ ਰਹੀ ਹੈ, ਘਰ ਆਏ ਤੇ ਗੋਦ 'ਚ ਬੈਠੇ ਮੇਰੇ ਪੁੱਤ ਨੂੰ ਮਾਰ ਕੇ ਤੂੰ ਕਿਹੜੀ ਬਹਾਦਰੀ ਕੀਤੀ ਹੈ? ਸੱਚ, ਅਸਾਂ ਜਮੀਲ ਨੂੰ ਬਹਾਦਰੀ ਨਾਲ ਨਹੀਂ, ਉਸ ਪਰਿਵਾਰ ’ਤੇ ਗੈਰ-ਮਨੁੱਖੀ ਤਸ਼ੱਦਦ ਢਾਅ ਕੇ ਮਾਰਿਆ ਸੀ। ਸਾਡੀ ਬਹਾਦਰੀ ਸਿਰਫ ਐਨੀ ਸੀ ਕਿ ਅਸਾਂ ਮਾਂ ਤੋਂ ਉਸ ਦੀ ਮਮਤਾ ਨੂੰ ਖੋਹ ਲਿਆ ਸੀ।

ਹਫਤੇ ਭਰ ਬਾਅਦ ਹੀ ਗੁੰਡ 'ਚ ਗਸ਼ਤ ਕਰਦੇ ਹੋਏ ਮੈਂ ਫਿਰ ਉਹਨਾਂ ਦੇ ਘਰ ਗਿਆ, ਸ਼ਾਇਦ ਇਹ ਵੇਖਣ ਲਈ ਕਿ ਜ਼ਿੰਦਗੀ ਉੱਠ ਕੇ ਖੜੀ ਹੋਈ ਸੀ ਜਾਂ ਨਹੀਂ; ਜਾਂ ਸ਼ਾਇਦ ਇਹ ਜਾਣਨ ਲਈ ਕਿ ਉਸ ਘਰ ਵਿਚ ਹੁਣ ਕੀ ਬਚਿਆ ਸੀ।

ਉਸ ਦਿਨ ਵੀ ਉਹ ਇਕੱਲੀ ਸੀ। ਮਨ ਤੋਂ, ਦੇਹ ਤੋਂ, ਆਤਮਾ ਤੋਂ ਤੇ ਆਲੇ ਦੁਆਲੇ ਜਿਵੇਂ ਪਛਤਾਵਾ, ਆਤਮ-ਗਿਲਾਨੀ, ਹਤਾਸ਼ਾ, ਦੁੱਖ ਅਤੇ ਬੇਚੈਨੀਆਂ, ਵਣਜਾਰਿਆਂ ਦੀ ਤਰ੍ਹਾਂ ਭਟਕ ਰਹੀਆਂ ਸਨ। ਮੈਨੂੰ ਵੇਖ ਸ਼ਾਇਦ ਉਹਦਾ ਚਿਹਰਾ ਪਲ ਭਰ ਲਈ ਤਮਤਮਾਇਆ, ਪਰ ਮੈਂ

ਅੱਖਾਂ ਝੁਕਾ ਲਈਆਂ। ਥੋੜ੍ਹੀ ਦੇਰ ਬਾਅਦ ਲੱਗਾ ਉਹ ਕੁਝ ਬੁੜਬੁੜਾ ਰਹੀ ਹੈ, ਮੈਂ ਧਿਆਨ ਨਾਲ ਸੁਣਿਆ। ਉਹ ਸ਼ਾਇਦ ਮੈਨੂੰ ਹੀ ਪੁੱਛ ਰਹੀ ਸੀ, ਵਾਰੇ ਛੁਕ? (ਕਿਵੇਂ ਹੋ?) ਮੈਂ ਚੁੱਪ ਰਿਹਾ, ਕੀ ਜਵਾਬ ਦੇਂਦਾ। ਸਾਂ-ਸਾਂ ਕਰਦੇ ਖੰਡਰਾਂ 'ਚ ਖੰਡਰ ਬਣੀ ਉਸ ਬੇਚੈਨ ਆਤਮਾ ਨੂੰ ਵੇਖਦਾ ਰਿਹਾ। ਪਤਾ ਨਹੀਂ ਕਿੱਥੋਂ-ਕਿੱਥੋਂ ਦੇ ਦੁੱਖ ਇਤਿਹਾਸ 'ਚੋਂ ਨਿਕਲ ਕੇ ਮੇਰੇ ਅੰਦਰ ਇਕੱਠੇ ਹੋਣ ਲੱਗੇ। ਮਾਨਵੀ ਸਭਿਅਤਾ ਦਾ ਉਹ ਕਾਲਾ ਸਫਾ ਹੁਣ ਸਦੀਆਂ ਤੋਂ ਗੁਲਾਬ ਬਣੀਆਂ ਨੀਗਰੋ ਮਾਵਾਂ ਨੇ ਆਪੇ ਹੀ ਆਪਣੇ ਨਵਜੰਮੇ ਬੱਚਿਆਂ ਨੂੰ ਮਾਰ ਸੁੱਟਿਆ ਕਿ ਉਹਨਾਂ ਨੂੰ ਗੁਲਾਮੀ ਦੀ ਜ਼ਿੰਦਗੀ ਨਾ ਜਿਊਣੀ ਪਵੇ। ਸਮਾਂ ਬਦਲਿਆ ਪਰ ਮਨੁੱਖੀ ਹੋਣੀ, ਮਨੁੱਖੀ ਤਰਾਸਦੀ ਅਜੇ ਵੀ ਉੱਥੇ ਦੀ ਉੱਥੇ ਹੈ। ਵਿਚਾਰਾਂ ਦੇ ਵਹਿਣ ਵਿਚ ਨੂੰ ਵਹਿੰਦਾ ਜਾ ਰਿਹਾ ਸਾਂ ਕਿ ਲੱਗਾ ਕਿ ਉਹ ਫਿਰ ਕੁਝ ਕਹਿ ਰਹੀ ਹੈ। ਹਫਦੀ, ਹਫਦੀ ਉਹ ਜੋ ਕੁਝ ਬੋਲੀ ਉਸ ਦਾ ਭਾਵ ਸੀ ਕਿ ਹੁਣ ਤਾਂ ਤੂੰ ਖੁਸ਼ ਹੋਵੇਂਗਾ, ਕਸ਼ਮੀਰ 'ਚ ਵੀ ਖੁਸ਼ਹਾਲੀ ਹੋਵੇਗੀ ਕਿਉਂਕਿ ਹੁਣ ਮੇਰਾ ਜਮੀਲ ਜੁ ਮਰ ਗਿਆ ਹੈ। ਬੋਲਦੀ ਬੋਲਦੀ ਉਹ ਫਿਰ ਰੁਕ ਗਈ। ਧੌਣ ਹਿਲਾ-ਹਿਲਾ ਕੇ ਕਹਿਣ ਲੱਗੀ, "ਨਹੀਂ, ਮਰਿਆ ਨਹੀਂ, ਮੈਂ ਉਸ ਨੂੰ ਮਰਵਾ ਦਿੱਤਾ ਹੈ। ਉਹ ਤਾਂ ਆਪਣੇ ਘਰ ਆਪਣੀ ਮਾਂ ਨੂੰ ਮਿਲਣ ਆਇਆ ਸੀ ਅਤੇ ਮੈਂ..." ਬੋਲਦਿਆਂ-ਬੋਲਦਿਆਂ ਉਸ ਨੂੰ ਦੌਰਾ ਪੈ ਗਿਆ ਤੇ ਉਹ ਬੇਸੁਰਤੀ 'ਚ ਚੀਕ-ਚੀਕ ਕੇ ਰੋਣ ਲੱਗੀ। ਕਲੇਜਾ ਪਾੜ ਕੇ ਨਿਕਲਿਆ ਸੀ ਉਸ ਦਾ ਰੋਣ। ਉਹਨੂੰ ਸ਼ਾਂਤ ਹੋਣ 'ਚ ਕਾਫੀ ਸਮਾਂ ਲੱਗਾ। ਫਿਰ ਉਸ ਨੇ ਇਕ ਡੂੰਘਾ ਹਉਕਾ ਲਿਆ।

ਮੈਂ ਅੰਦਰ ਤਕ ਹਿਲ ਗਿਆ। ਉਸ ਦੇ ਅੰਦਰੋਂ ਜਿਵੇਂ ਸਦੀਆਂ ਦਾ ਦੁੱਖ ਬੋਲ ਰਿਹਾ ਸੀ। ਯਾਦ ਆਇਆ ਕਿ ਮੈਂ ਹੀ ਉਸ ਨੂੰ ਵਾਰ-ਵਾਰ ਕਿਹਾ ਸੀ ਕਿ ਜਮੀਲ ਕਸ਼ਮੀਰ ਦੀ ਸ਼ਾਂਤੀ ਲਈ ਬੜਾ ਵੱਡਾ ਖਤਰਾ ਹੈ।

ਕਾਫੀ ਦੇਰ ਤਕ ਇਕ ਚੁੱਪ ਸਾਡੇ ਵਿਚਕਾਰ ਪਸਰੀ ਰਹੀ। ਮੈਂ ਚਾਹੁੰਦਾ ਹੋਇਆ ਵੀ ਬੋਲ ਨਹੀਂ ਸਕਿਆ। ਸ਼ਬਦ ਘੁੱਟਦੇ ਰਹੇ, ਮਰਦੇ ਰਹੇ। ਆਪਣੇ ਸਮੇਂ ਦੇ ਯਥਾਰਥ ਤੋਂ ਹਾਰੇ ਅਸੀਂ ਦੋਵੇਂ ਖਾਮੋਸ਼ੀ 'ਚ ਲਿਪਟੇ ਆਪਣੇ ਜਿਊਣ ਅਤੇ ਹੋਣ ਦਾ ਤਰਕ ਲੱਭ ਰਹੇ ਸਾਂ।

ਮੈਂ ਤਿਰਛੀ ਨਜ਼ਰੇ ਉਹਦੇ ਵਲ ਵੇਖਿਆ, ਹਫਤੇ ਭਰ 'ਚ ਹੀ ਉਹ ਬਹੁਤ ਬੁੱਢੀ ਲੱਗਣ ਲੱਗੀ ਸੀ। ਉਹਦੀ ਉਮਰ ਚਾਲੀ ਦੀ ਸੀ ਪਰ ਉਸ ਦੇ ਅੱਧੇ ਤੋਂ ਜ਼ਿਆਦਾ ਬਾਲ ਸਫੇਦ ਹੋ ਗਏ ਸਨ। ਕੋਹੜ ਕਿਰਲੀ ਦੇ ਪੇਟ ਦੀ ਤਰ੍ਹਾਂ ਸਫੇਦ ਚਿਹਰੇ ਤੇ ਆਤਮਗਿਲਾਨੀ, ਪਛਤਾਵੇ ਅਤੇ ਉਦਾਸੀ ਦੀਆਂ ਛਾਹੀਆਂ ਉਸ ਦੇ ਚਿਹਰੇ 'ਤੇ ਉਗ ਆਈਆਂ ਸਨ।

ਮੈਂ ਇਕਦਮ ਚੌਂਕ ਗਿਆ। ਮੈਨੂੰ ਉੱਥੇ ਹੀ ਛੱਡ ਉਹ ਉੱਠੀ ਅਤੇ ਹੌਲੀ-ਹੌਲੀ ਘਰ ਦੇ ਕੋਨੇ 'ਚ ਪਈ ਮੰਜੀ ਤਕ ਗਈ। ਮੰਜੀ ਤੇ ਕੱਚ ਦਾ ਭਾਂਡਾ ਰੱਖਿਆ ਹੋਇਆ ਸੀ ਤੇ ਭਾਂਡੇ ਦੇ ਅੰਦਰ ਕੁਝ ਚਾਕਲੇਟ ਰੱਖੇ ਹੋਏ ਸਨ। ਉਹ ਉਹਨਾਂ ਨੂੰ ਵਾਰ-ਵਾਰ ਕੱਢਦੀ, ਉਹਨਾਂ ਤੇ ਹੱਥ ਫੇਰਦੀ, ਗਿਣਦੀ ਅਤੇ ਫਿਰ ਉਸੇ ਵਿਚ ਰੱਖ ਦੇਂਦੀ।

ਮੈਨੂੰ ਅਜੀਬ ਜਿਹਾ ਲੱਗਾ। ਇਸ ਮੁਰਦੇ ਘਰ ਵਿਚ ਚਾਕਲੇਟ?

ਨਿਹਾਇਤ ਮੁਲਾਇਮ ਲਹਿਜੇ ਨਾਲ ਮੈਂ ਪੁੱਛਿਆ, "ਵਾਰ-ਵਾਰ ਕੀ ਗਿਣ ਰਹੀ ਏਂ।"

"ਗਿਣ ਨਹੀਂ ਰਹੀ, ਇਹਨਾਂ ਨੂੰ ਛੋਹ ਰਹੀ ਹਾਂ।" ਲੱਗਾ ਜਿਵੇਂ ਅਵਾਜ਼ ਉਹਦੇ ਮੂੰਹ 'ਚੋਂ ਨਹੀਂ, ਕਿਸੇ ਡੂੰਘੀ ਹਨੇਰੀ ਬਾਉਲੀ 'ਚ ਆਈ ਹੋਵੇ।

"ਕਿਉਂ?"

"ਇਹਨਾਂ ਨੂੰ ਜਮੀਲ ਨੇ ਛੋਹਿਆ ਹੈ। ਉਸ ਨੂੰ ਬਹੁਤ ਪਸੰਦ ਸਨ। ਪੂਰੇ ਦਸ ਸਨ ਤੈਨੂੰ ਉਸ ਦੇ ਆਉਣ ਦੀ ਖਬਰ ਦੇਣ ਦੇ ਬਾਅਦ ਹੀ ਮੈਂ ਇਹ ਚਾਕਲੇਟ ਬਾਜ਼ਾਰੋਂ ਉਧਾਰ ਲਿਆਈ ਸੀ।" ਉਸ ਦੀਆਂ ਅੱਖਾਂ ਵਿਚ ਯਾਦਾਂ ਦੇ ਚਿਰਾਗ ਬਲ ਉੱਠੇ। ਬੁਲ੍ਹ ਕੰਬੇ। ਅੱਖਾਂ ਕਿਸੇ ਅਦ੍ਰਿਸ਼ ਨੂੰ ਵੇਖਣ ਲੱਗੀਆਂ। ਇਕ ਬੋਝਲ ਚੁੱਪ, ਮੇਰੀਆਂ ਅੱਖਾਂ ਵਿਚ ਫਿਰ ਉਹ ਦ੍ਰਿਸ਼ ਆ ਗਿਆ...ਚਾਦਰ 'ਚ ਲਪੇਟਿਆ ਮਾਂ ਦਾ ਲਾਡਲਾ ਜਮੀਲ।

"ਕੀ ਜਮੀਲ ਨੇ ਖਾਧੇ?" ਖੰਭ ਕੱਟੀ ਚਿੜੀ ਵਾਂਗ ਉਹ ਫੜਫੜਾਈ।

"ਹਾਂ ਦੋ ਖਾਧੇ, ਪੂਰੇ ਦਸ ਸਨ, ਹੁਣ ਅੱਠ ਹਨ।"

ਬਾਰੀ 'ਚ ਦਿੱਸਦੇ ਟੁੱਕੜੇ ਭਰ ਅਸਮਾਨ ਤੇ ਨਜ਼ਰ ਗੱਡੀ ਉਹ ਬੋਲਦੀ ਜਾ ਰਹੀ ਸੀ। ਉਹਦੀ ਅਵਾਜ਼ ਦਾ ਕਾਂਬਾ ਮੈਨੂੰ ਛੋਹ ਰਿਹਾ ਸੀ। ਲੱਗ ਰਿਹਾ ਸੀ ਜਿਵੇਂ ਉਸ ਮਰਦੇ ਹੋਏ ਘਰ ਵਿਚ ਬਸ ਇਕ ਹੀ ਚੀਜ਼ ਜਿੰਦਾ ਸੀ ਜਿਹੜੀ ਚਾਰੇ ਪਾਸੇ, ਫੜਫੜਾ ਰਹੀ ਹੈ, ਤਪਦੀ ਰੇਤ ਤੇ ਪਈ ਮੱਛੀ ਦੀ ਤਰ੍ਹਾਂ ਜਮੀਲ ਦੀ ਮੌਤ।

"ਤੈਨੂੰ ਕਿਵੇਂ ਪਤਾ ਕਿ ਜਮੀਲ ਨੇ ਹੀ ਖਾਧੇ। ਹਮੀਦ ਅਤੇ ਰੁਬੀਨਾ ਵੀ ਤਾਂ ਖਾ ਸਕਦੇ ਹਨ।" ਪਤਾ ਨਹੀਂ ਕਿਹੜੀ ਗੈਬੀ ਤਾਕਤ ਮੈਨੂੰ ਉਸ ਨੂੰ ਬੁਲਵਾ ਰਹੀ ਸੀ।

"ਨਹੀਂ", ਅਤੇ ਉਹ ਇਕਦਮ ਹਿਚਕੀਆਂ ਲੈ ਕੇ ਰੋਣ ਲੱਗੀ। ਆਤਮਾ ਨੂੰ ਦਾਗਣ ਵਾਲਾ ਸੀ ਉਸ ਦਾ ਇਹ ਰੋਣ। ਉਹ ਕੰਬ ਰਹੀ ਸੀ ਅਤੇ ਲਾਹਨਤ ਉਸ ਦੀਆਂ ਅੱਖਾਂ 'ਚੋਂ ਨਮੂਦਾਰ ਹੋ ਉੱਠੀ। ਕਾਫੀ ਦੇਰ ਤਕ ਉਹ ਕੰਬਦੀ ਰਹੀ। ਸੁਬਕਦੀ ਰਹੀ। ਸ਼ਾਂਤ ਹੋਣ ਤੇ ਉਸ ਨੇ ਫਿਰ ਬੋਲਣ ਦੀ ਕੋਸ਼ਿਸ਼ ਕੀਤੀ। ਬਹੁਤ ਹੌਲੀ-ਹੌਲੀ, ਹਫਦੇ-ਹਫਦੇ ਸ਼ਬਦਾਂ ਨੂੰ ਜ਼ਬਰਦਸਤੀ ਬਾਹਰ ਕੱਢ ਰਹੀ ਸੀ ਜਿਵੇਂ ਬੋਲਣ 'ਚ ਬਹੁਤ ਤਕਲੀਫ ਹੋ ਰਹੀ ਹੋਵੇ।

"ਨਹੀਂ ਹਮੀਦ, ਰੁਬੀਨਾ, ਹਸਨ ਕਿਸੇ ਨੇ ਵੀ ਨਹੀਂ ਖਾਧੇ। ਸਭ ਨੂੰ ਪਤਾ ਸੀ ਨਾ ਕਿ ਭਾਈ ਜਾਨ ਹੁਣ ਮਰੇ..." ਬਾਅਦ ਦੇ ਸ਼ਬਦ ਉਹ ਬੋਲ ਨਹੀਂ ਸਕੀ। ਉਸ ਦੀ ਅਵਾਜ਼ ਕੰਬਦੀਆਂ ਸਿਸਕੀਆਂ 'ਚ ਗਵਾਚ ਗਈ ਸੀ।

ਮੁੜਦੇ ਸਮੇਂ ਵਕਤ ਵੇਖਿਆ, ਤੇਜ਼ ਹਵਾ ਨਾਲ ਰੁੱਖਾਂ ਦੇ ਪੱਤੇ ਝੜ ਕੇ ਚਿੜੀਆਂ ਦੀ ਤਰ੍ਹਾਂ ਹੇਠਾਂ ਡਿੱਗ ਰਹੇ ਸਨ। ਮਨ ਫੇਰ ਅਸ਼ੰਕਿਤ ਹੋ ਉਠਿਆ – ਕਿਤੇ ਸਾਰੀਆਂ ਚਿੜੀਆਂ ਮਰ ਹੀ ਨਾ ਜਾਣ। ਸਾਨੂੰ ਜਲਦੀ ਹੀ ਕੁਝ ਕਰਨਾ ਹੋਵੇਗਾ।

[ ਅਜੋਕੇ ਸ਼ਿਲਾਲੇਖ ਦੇ ਅਪ੍ਰੈਲ-ਜੂਨ 2011 ਦੇ ਅੰਕ 'ਚੋਂ ਧੰਨਵਾਦ ਸਹਿਤ। ਸੰਪਰਕ: ਜੋਗਿੰਦਰ ਕੈਰੋਂ (js_kairon@yahoo.co.in)]●

ਕਹਾਣੀ

# ਪਾਲੀ

## ਰਣਬੀਰ ਜੌਹਲ

''ਉਹ ਤੁਰੀ ਜਾਂਦੀ ਆ, ਮੈਡਮ ਜੀ।''

''ਹਾਏ, ਉਹ ਨੂੰ ਸੰਗ ਨਹੀਂ ਲਗਦੀ?''

''ਪਤਾ ਨਹੀਂ।''

ਪਾਲੀ ਦਾ ਸਿਰ ਜੋ ਪਹਿਲਾ ਹੀ ਚੁਕਿਆ ਹੋਇਆ ਸੀ, ਹੋਰ ਨੀਵਾਂ ਹੋ ਗਿਆ। ਉਸ ਨੇ ਆਪਣੇ ਬੱਚਿਆਂ ਦੇ ਹੱਥ ਹੋਰ ਕਸ ਕੇ ਫੜ ਲਏ ਤੇ ਸਕੂਲ ਵਲ ਤੁਰੀ ਗਈ।

ਰੋਜ਼ ਸਵੇਰ ਨੂੰ ਘਰੋਂ ਨਿਕਲਦੇ ਹੀ ਕੋਈ ਆਂਢ ਗੁਆਂਢ ਦੀ ਔਰਤ ਕੁੱਝ ਨਾ ਕੁੱਝ ਕਹਿ ਦਿੰਦੀ ਸੀ। ਉਸ ਤੋਂ ਵੀ ਪਹਿਲਾਂ, ਉੱਠਦੇ ਸਾਰ ਉਸ ਦੇ ਸੱਸ ਜਾਂ ਸਹੁਰਾ ਵੀ ਇਹੋ ਜਿਹੀ ਗੱਲ ਕਹਿ ਕੇ, ਉਸ ਨੂੰ ਘਰੋਂ ਤੋਰਦੇ ਸਨ। ਤੇ ਦੁਪਹਿਰ ਨੂੰ ਘਰ ਨੂੰ ਵਾਪਸ ਆਉਂਦੇ ਸਾਰ, ਫਿਰ ਉਹੀ ਤਾਹਨੇ ਮਿਹਣੇ। ਹੁਣ ਤਕ ਤਾਂ ਪਾਲੀ ਨੂੰ ਇਸ ਤਰ੍ਹਾਂ ਦੇ ਤਾਹਨੇ ਸੁਣਨ ਦੀ ਆਦੀ ਹੋ ਜਾਣਾ ਚਾਹੀਦਾ ਸੀ, ਪਰ ਅਜੇ ਵੀ ਉਸ ਨੂੰ ਹਰ ਇੱਕ ਇੱਕ ਸ਼ਬਦ ਉੱਨ੍ਹਾ ਹੀ ਚੁੱਭਦਾ ਸੀ ਜਿੰਨੇ ਪਹਿਲੀ ਵਾਰੀ ਸੁਣਨ ਤੇ ਚੁੱਭੇ ਸਨ।

ਗੁੱਡੀ ਅਤੇ ਬਿੱਟੂ ਨੂੰ ਆਪਣੇ ਪਹਿਲੀ ਅਤੇ ਦੂਜੀ ਜਮਾਤ ਦੇ ਕਮਰਿਆਂ 'ਚ ਛੱਡ ਕੇ ਉਹ ਅਗਾਂਹ ਤੁਰ ਕੇ ਦਸਵੀਂ ਦੀ ਜਮਾਤ ਵਿੱਚ ਜਾ ਕੇ, ਆਪਣੀ ਥਾਂ ਤੇ ਬੈਠ ਗਈ।

ਪਾਲੀ ਨੌਵੀਂ ਵਿਚ ਪੜ੍ਹਦੀ ਸੀ ਜਦ ਉਹਦੀ ਬੀਜੀ ਨੂੰ ਪੀਲੀਆ ਹੋ ਗਿਆ ਅਤੇ ਉਹ ਕਈ ਮਹੀਨੇ ਮੰਜੇ ਤੋਂ ਨਹੀਂ ਉੱਠੀ। ਪਾਲੀ ਨੂੰ ਆਪਣੀ ਪੜ੍ਹਾਈ ਛੱਡਣੀ ਪਈ ਤਾਂ ਕਿ ਉਹ ਘਰ ਦਾ ਕੰਮ ਅਤੇ ਆਪਣੇ ਛੋਟੇ ਭੈਣ ਭਰਾਵਾਂ ਦਾ ਖ਼ਿਆਲ ਰੱਖ ਸਕੇ।

ਜਦੋਂ ਉਸ ਦੀ ਮੰਮੀ ਠੀਕ ਹੋ ਗਈ ਤਾਂ ਕਿਸੇ ਨੇ ਪਾਲੀ ਦੀ ਪੜ੍ਹਾਈ ਦਾ ਜ਼ਿਕਰ ਹੀ ਨਹੀਂ ਕੀਤਾ। ਅਖੀਰ 'ਚ ਪਾਲੀ ਨੇ ਆਪਣੀ ਮਾਂ ਨੂੰ ਪੁੱਛਿਆ – ''ਬੀਜੀ, ਮੈਂ ਹੁਣ ਸਕੂਲ ਵਾਪਸ ਜਾਵਾਂ?''

ਬੀਜੀ ਨੇ ਉਹਦੇ ਵਲ ਹੈਰਨੀ ਨਾਲ ਤੱਕਿਆ, ''ਹੁਣ ਤੂੰ ਸਕੂਲ ਜਾ ਕੇ ਕੀ ਕਰਨਾ ਆ?''

ਪਾਲੀ ਚੁੱਪ ਰਹੀ। ਫਿਰ ਰਾਤ ਦੀ ਰੋਟੀ ਪਕਾਉਂਦੇ ਹੋਏ, ਉਸ ਨੇ ਫਿਰ ਗੱਲ ਤੋਰੀ। ''ਬੀਜੀ, ਮੈਂ ਦਸਵੀਂ ਤਾਂ ਪੂਰੀ ਕਰ ਲਵਾਂ।''

''ਕੀ ਕਮਲੀਆਂ ਗੱਲਾਂ ਕਰੀ ਜਾ ਰਹੀ ਹੈਂ? ਤੂੰ ਹੁਣ ਪੜ੍ਹ ਕੇ ਕੀ ਕਰਨਾ ਆ?''

ਪਾਲੀ ਨੀਵੀਂ ਪਾ ਕੇ ਰੋਟੀਆਂ ਥੱਲੀ ਗਈ।

ਕੁੱਝ ਦਿਨਾਂ ਬਾਅਦ ਪਾਲੀ ਨੇ ਦੁਬਾਰਾ ਹਿੰਮਤ ਕੀਤੀ – ਇਸ ਬਾਰ ਆਪਣੇ ਭਾਪਾ ਜੀ ਦੇ ਸਾਹਮਣੇ। ਰਾਤ ਦੇ ਭਾਂਡੇ ਧੋ ਕੇ, ਜਦ ਬਾਕੀ ਪਰਵਾਰ ਨਾਲ ਜਾ ਕੇ ਬੈਠੀ, ਉਸ ਨੇ ਹੌਲੀ ਜਿਹੀ ਪੁੱਛਿਆ, ''ਭਾਪਾ ਜੀ, ਮੈਂ ਸਕੂਲ ਨੂੰ ਵਾਪਸ ਜਾਵਾਂ?''

ਭਾਪਾ ਜੀ ਨੇ ਸਵਾਲ ਭਰੀਆਂ ਅੱਖਾਂ ਪਾਲੀ ਵਲ ਕੀਤੀਆਂ ਪਰ ਕੁੱਝ ਬੋਲਿਆ ਨਹੀਂ। ਪਾਲੀ ਨੂੰ ਲੱਗਿਆ ਕਿ ਸ਼ਾਇਦ ਉਸ ਨੇ ਚੰਗੀ ਤਰ੍ਹਾਂ ਸੁਣਿਆ ਨਹੀਂ। ਥੋੜ੍ਹੀ ਉੱਚੀ ਆਵਾਜ਼ ਵਿਚ ਉਹ ਦੁਬਾਰਾ ਬੋਲੀ, ''ਮੇਰੇ ਦਸਵੀਂ ਦੇ ਪੇਪਰ ਦਵਾ ਦਿਓ।''

ਭਾਪਾ ਜੀ ਅਜੇ ਵੀ ਨਹੀਂ ਬੋਲੇ, ਪਰ ਪਾਲੀ ਦੀ ਮਾਂ ਬੋਲ ਪਈ, ''ਤੂੰ ਹੁਣ ਵਿਆਹ ਕਰਨਾ ਆ, ਜਾਂ ਪੜ੍ਹਨਾ ਆ?''

ਹੌਲੀ ਜਿਹੀ ਅਵਾਜ਼ ਵਿਚ ਪਾਲੀ ਨੇ ਇੱਕ ਵਾਰ ਫਿਰ ਕੋਸ਼ਿਸ਼ ਕੀਤੀ, ''ਪ੍ਰਾਈਵੇਟ ਹੀ ਦਵਾ ਦਿਓ।''

''ਬੱਸ ਵੀ ਕਰ ਹੁਣ!'' ਬੀਜੀ ਨੇ ਦਬਕਾ ਮਾਰਿਆ। ''ਪਤਾ ਨੀ ਕੁੜੀ ਨੂੰ ਕੀ ਹੋ ਗਿਆ ਆ।''

ਪਾਲੀ ਚੁੱਪ ਕਰ ਕੇ ਕਮਰੇ ਤੋਂ ਬਾਹਰ ਚਲੇ ਗਈ।

***

''ਟ੍ਰਿੰਗ! ਟ੍ਰਿੰਗ!'' ਸਕੂਲ ਦੀ ਘੰਟੀ ਨੇ ਪਾਲੀ ਨੂੰ ਆਪਣੀਆਂ ਯਾਦਾਂ ਤੋਂ ਖਿੱਚ ਲਿਆਂਦਾ। ਉਹਨੇ ਆਪਣਾ ਸਿਰ ਚੁੱਕਿਆਂ ਤੇ ਦੇਖਿਆ ਕਿ ਕੁੱਝ ਕੁੜੀਆਂ ਉਸ ਦੇ ਵਲ ਦੇਖ ਰਹੀਆਂ ਸਨ। ਇੱਕਦਮ ਉਨ੍ਹਾਂ ਨੇ ਅੱਖਾਂ ਹਟਾ ਲਈਆਂ ਤੇ ਪਾਲੀ ਨੇ ਵੀ। ਕੁੱਝ ਦੇਰ ਬਾਅਦ ਉਹਨੇ ਦੁਬਾਰਾ ਉਨ੍ਹਾਂ ਵਲ ਦੇਖਿਆ – ਉਹ ਹੌਲੀ ਹੌਲੀ ਇੱਕ ਦੂਸਰੀ ਨਾਲ ਗੱਲਾਂ ਕਰ ਕੇ ਹੱਸ ਰਹੀਆਂ ਸਨ।

''ਮੇਰੇ ਤੇ ਹੀ ਹੱਸ ਰਹੀਆਂ ਹੋਣਗੀਆਂ।'' ਪਾਲੀ ਨੇ ਸੋਚਿਆ ਅਤੇ ਦੁਬਾਰਾ ਆਪਣਾ ਸਿਰ ਥੱਲੇ ਕਰ ਲਿਆ। ਤੇ ਇੱਕ ਵਾਰ ਫਿਰ ਆਪਣੀਆਂ ਯਾਦਾਂ ਵਿਚ ਖੋਹ ਗਈ।

ਉਸ ਦੇ ਅਠਾਰਵੇਂ ਜਨਮ ਦਿਨ ਤੋਂ ਕੁੱਝ ਹਫ਼ਤੇ ਬਾਅਦ ਹੀ ਪਾਲੀ ਦੇ ਮਾਪਿਆਂ ਨੇ ਉਸ ਨੂੰ ਵਿਆਹ ਦਿੱਤਾ ਸੀ। ਸਹੁਰੇ ਘਰ ਜਾ ਕੇ, ਉਹਨੇ ਇੱਕ ਵਾਰ ਫਿਰ ਹਿੰਮਤ ਕੀਤੀ ਤੇ ਆਪਣੇ ਪਤੀ ਨੂੰ ਅਤੇ ਸਹੁਰਿਆਂ ਨੂੰ ਪੁੱਛਿਆ, ''ਮੈਂ ਦਸਵੀਂ ਪੂਰੀ ਕਰ ਲਵਾਂ?'' ਪਰ ਹਰੇਕ ਵਾਰ ਉਹ

ਹੀ ਹਾਸੇ, ਉਹ ਹੀ ਤਾਹਨੇ ਮਿਹਣੇ ''ਤੂੰ ਕੀ ਕੋਈ ਵੱਡੀ ਅਫਸਰਨੀ ਲੱਗਣਾ ਆ ਹੁਣ ਪੜ੍ਹ ਕੇ?'' ਤੇ ਉਹ ਚੁੱਪ ਹੋ ਕੇ ਬਹਿ ਜਾਂਦੀ। ਸਹੀ ਗੱਲ ਸੀ - ਉਹ ਕਿੱਥੇ ਕੋਈ ਅਫਸਰਨੀ ਬਣਨ ਵਾਲੀ ਸੀ?

ਪਰ ਪਤਾ ਨਹੀਂ ਕਿਉਂ ਉਸਦੀ ਪੜ੍ਹਨ ਦੀ ਇੱਛਾ ਮਰਨ ਦੀ ਥਾਂ ਹੋਰ ਵੀ ਵਧਦੀ ਗਈ।

ਜਦੋਂ ਉਸ ਦੇ ਬੱਚੇ ਸਕੂਲ ਜਾਣ ਲੱਗੇ ਅਤੇ ਉਨ੍ਹਾਂ ਨੂੰ ਤਿਆਰ ਕਰ ਕੇ, ਸਕੂਲ ਛੱਡ ਕੇ ਆਉਣਾ - ਜਾਂਦੇ ਸਮੇਂ ਉਸ ਨੇ ਮਸਾਂ ਮਸਾਂ ਆਪਣੇ ਆਪ ਨੂੰ ਜਮਾਤ ਦੇ ਦਰ ਤੋਂ ਖਿੱਚ ਕੇ ਲਿਆਉਣਾ।

ਫਿਰ ਸ਼ਾਮੀ ਜਦ ਬੱਚਿਆਂ ਨੂੰ ਪੜ੍ਹਾਉਣਾ ਤਾਂ ਉਨ੍ਹਾਂ ਦੀਆਂ ਕਿਤਾਬਾਂ ਉੱਤੇ ਆਪਣੇ ਹੱਥ ਇਸ ਤਰ੍ਹਾਂ ਫੇਰਨੇ, ਜਿਸ ਤਰ੍ਹਾਂ ਉਹ ਆਪਣੇ ਬੇਟੇ ਤੇ ਬੇਟੀ ਦੇ ਸਿਰਾਂ ਉੱਤੇ ਫੇਰਦੀ ਹੁੰਦੀ ਸੀ।

ਜਦੋਂ ਬੱਚਿਆਂ ਦੀਆਂ ਕਾਪੀਆਂ ਦੇ ਖ਼ਾਲੀ ਪੰਨੇ ਦੇਖਣੇ, ਤਾਂ ਉਹ ਪੰਨੇ ਉਸ ਨੂੰ ਅਵਾਜ਼ ਮਾਰਦੇ ਜਾਪਦੇ - ਤੇ ਪਾਲੀ ਨੇ ਕੋਈ ਨਾ ਕੋਈ ਕਲਮ ਚੁੱਕ ਕੇ - ਉਨ੍ਹਾਂ ਸਫ਼ੇਦ ਕਾਗ਼ਜ਼ਾਂ ਨੂੰ ਸ਼ਬਦਾਂ ਨਾਲ ਰੰਗ ਦੇਣਾ।

ਪਰ ਹਮੇਸ਼ਾ ਉਸ ਦੀ ਸੱਸ ਜਾਂ ਉਸ ਦੇ ਪਤੀ ਨੇ ਕੋਲ ਆ ਕੇ ਕਿੱਲ੍ਹਣਾ - ''ਆਹ ਕੀ ਲਕੀਰਾਂ ਵਾਹੀ ਜਾਂਦੀ ਆਂ? ਹੋਰ ਕੋਈ ਕੰਮ ਨਹੀਂ ਤੈਨੂੰ?''ਤੇ ਪਾਲੀ ਦੇ ਹੱਥਾਂ 'ਚੋ ਕਲਮ ਡਿਗ ਪੈਣੀ।

ਸਾਰਾ ਦਿਨ ਉਹ ਪੜ੍ਹਨ ਬਾਰੇ ਸੋਚਦੀ ਰਹਿੰਦੀ। ਰਾਤ ਨੂੰ ਸੁਪਨੇ ਵੀ ਸਕੂਲ ਬਾਰੇ ਆਉਂਦੇ । ਉਹ ਕਲਾਸ ਵਿਚ ਬੈਠੀ ਪੜ੍ਹ ਰਹੀ ਹੁੰਦੀ। ਕਈ ਵਾਰ ਉਹ ਕੋਈ ਇਮਤਿਹਾਨ ਲਿਖ ਰਹੀ ਹੁੰਦੀ ।

ਇਹਨਾਂ ਸੋਚਾਂ ਤੋਂ ਕੋਈ ਛੁਟਕਾਰਾ ਨਹੀਂ ਸੀ ਮਿਲਦਾ ਅਤੇ ਉਹ ਬਿਮਾਰ ਵੀ ਰਹਿਣ ਲੱਗ ਪਈ।

ਇੱਕ ਦਿਨ, ਸਕੂਲ ਤੋਂ ਬਾਅਦ, ਜਦੋਂ ਬਾਕੀ ਸਾਰੇ ਬੱਚੇ ਅਤੇ ਉਨ੍ਹਾਂ ਦੀਆਂ ਮਾਂਵਾਂ ਜਾ ਚੁੱਕਿਆਂ ਸਨ, ਤਾਂ ਪਾਲੀ ਆਪਣੀ ਬੇਟੀ ਦੇ ਕਮਰੇ ਦੇ ਦਰਵਾਜ਼ੇ ਕੋਲ ਖੜੀ ਹੀ ਰਹੀ।

ਅਧਿਆਪਕਾ ਨੂੰ ਲੱਗਾ ਕਿ ਉਸ ਨੇ ਸ਼ਾਇਦ ਗੁੱਡੀ ਦੇ ਬਾਰੇ ਕੁੱਝ ਪੁੱਛਣਾ ਹੋਵੇ। ਉਸ ਨੇ ਹੱਸ ਕੇ ਕਿਹਾ, ''ਗੁੱਡੀ ਬਹੁਤ ਬੀਬੀ ਬੱਚੀ ਹੈ। ਬਹੁਤ ਮਨ ਲਗਾ ਕੇ ਪੜ੍ਹਦੀ ਹੈ। ਲੱਗਦਾ ਇਹਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ।"

''ਪੜ੍ਹਨ ਦਾ ਤਾਂ ਮੈਨੂੰ ਵੀ ਬਹੁਤ ਸ਼ੌਕ ਸੀ ਮੈਡਮ, ਪਰ ਮੇਰੇ ਮਾਪਿਆਂ ਨੇ ਪੜ੍ਹਾਇਆ ਨਹੀਂ। ਮੇਰੇ ਬੱਸ ਦਸਵੀਂ ਦੇ ਪੇਪਰ ਰਹਿ ਗਏ ਸੀ। ਮੈਂ ਪੁੱਛਣਾ ਸੀ, ਮੈਂ ਆਪਣੇ ਦਸਵੀਂ ਦੇ ਪੇਪਰ ਇਸ ਸਕੂਲ ਨਾਲ ਦੇ ਸਕਦੀ ਆਂ?'' ਪਾਲੀ ਨੇ ਹਿੰਮਤ ਕਰ ਕੇ, ਸਾਰੀ ਗੱਲ ਇੱਕ ਹੀ ਸਾਹ ਵਿਚ ਕੱਢ 'ਤੀ।

ਮੈਡਮ ਹੈਰਾਨੀ ਵਿੱਚ ਕੁੱਝ ਸਮੇਂ ਲਈ ਕੁੱਝ ਬੋਲ ਨਾ ਸਕੀ। ਇਸ ਤਰ੍ਹਾਂ ਦੀ ਫ਼ਰਮਾਇਸ਼ ਪਹਿਲੀ ਵਾਰ ਉਸ ਦੇ ਕੋਲ ਆਈ ਸੀ। ਇਹ ਵਿਹਲੀਆਂ ਘਰੇਲੂ ਔਰਤਾਂ ਆਪਣਾ ਟਾਈਮ ਪਾਸ ਕਰਨ ਲਈ ਕੀ ਨਵੀਆਂ ਨਵੀਆਂ ਸਕੀਮਾਂ ਲੱਭਦੀਆਂ ਰਹਿੰਦੀਆਂ ਸਨ? ਫਿਰ ਉਸ ਨੇ ਸੋਚਿਆ, ਮੈਨੂੰ ਕੁੱਝ ਤਾਂ ਕਹਿਣਾ ਚਾਹੀਦਾ ਹੈ। ਤੇ ਉਹ ਬੋਲੀ ''ਫ਼ੀਸ ਭਰ ਕੇ, ਤੁਸੀਂ ਸ਼ਾਇਦ ਦੇ ਸਕਦੇ ਹੋਵੋ ... ਪਰ, ਸਿਲੇਬਸ ਸਾਰਾ ਬਦਲ ਚੁੱਕਾ ਆ, ਤੁਹਾਨੂੰ ਸਾਰੀ ਪੜ੍ਹਾਈ ਦੁਬਾਰਾ ਕਰਨੀ ਪਏਗੀ। ਤੁਹਾਨੂੰ ਹਰੇਕ ਸਬਜੈੱਕਟ ਵਿਚ ਟਿਊਸ਼ਨ ਰੱਖਣੀ ਪਵੇਗੀ.. ਤੇ ... "

ਇੰਨੇ ਸਾਲਾਂ ਬਾਅਦ, ਪਹਿਲੀ ਵਾਰੀ ਪਾਲੀ ਨੂੰ ਉਮੀਦ ਦੀ ਕਿਰਨ ਨਜ਼ਰ ਆਈ ਤੇ ਉਸ ਨੇ ਛੱਡਣੀ ਨਾ ਚਾਹੀ। ''ਕੋਈ ਗੱਲ ਨਹੀਂ ਮੈਡਮ! ਮੈਂ ਕਰ ਲਵਾਂਗੀ। ਮੈਂ ਟਿਊਸ਼ਨਾਂ ਰੱਖ ਲਊਂਗੀ! ਮੈਂ ਰਿਜ਼ਲਟ ਨਹੀਂ ਖ਼ਰਾਬ ਹੋਣ ਦਿਉਂਗੀ। ਮੈਨੂੰ ਬੱਸ ਇੱਕ ਅੰਗਰੇਜ਼ੀ ਥੋੜ੍ਹੀ ਜਿਹੀ ਔਖੀ ਲੱਗਦੀ ਆ। ਬਾਕੀ ਸਭ ਕੁੱਝ ਠੀਕ ਆ।"

ਮੈਡਮ ਨੇ ਹੋਰ ਗ਼ੌਰ ਨਾਲ ਪਾਲੀ ਵਲ ਦੇਖਿਆ। ਇਸ ਤਰ੍ਹਾਂ ਦੀ ਉਤਸੁਕਤਾ ਉਸ ਨੇ ਕਦੀ ਕਿਸੇ ਵਿਚ ਨਹੀਂ ਸੀ ਦੇਖੀ।

ਪਾਲੀ ਹੋਰ ਬੋਲੀ ਗਈ, ''ਬੱਸ ਇੱਕ ਮੌਕਾ ਮਿਲ ਜਾਵੇ, ਮੈਂ ਪੂਰੀ ਮਿਹਨਤ ਨਾਲ ਪੜ੍ਹੂੰਗੀ। ਇੰਨੇ ਸਾਲਾਂ ਤੋਂ ਮੇਰੀ ਇਹ ਹੀ ਇੱਕ ਖ਼ਾਹਿਸ਼ ਰਹੀ ਆ। ਬੱਸ ਪੜ੍ਹਨ ਦੀ। ਦਿਨ ਰਾਤ ਇਸ ਹੀ ਚੀਜ਼ ਬਾਰੇ ਸੋਚਦੀ ਰਹਿੰਦੀ ਆ। ਜਦ ਮੈਂ ਸੌਂਦੀ ਆ, ਉਦੋਂ ਵੀ ਮੈਨੂੰ ਪੜ੍ਹਨ ਦੇ ਸੁਪਨੇ ਆਉਂਦੇ ਹਨ- ਜਾਂ ਮੈਂ ਕਲਾਸ ਵਿਚ ਬੈਠੀ ਕੁੱਝ ਲਿੱਖ ਰਹੀ ਹੁੰਦੀ ਆਂ, ਜਾਂ ਕਿਤਾਬ ਚੱਕ ਕੇ ਪੜ੍ਹ ਰਹੀ ਹੁੰਦੀ ਆਂ। ਮੈਨੂੰ ਇੱਦਾਂ ਦੇ ਮੌਕੇ ਦੀ ਹੀ ਉਡੀਕ ਸੀ। ਮੈਡਮ ਮੈਂ ਪੂਰਾ ਦਿਲ ਲਗਾ ਕੇ ਪੜ੍ਹੂੰਗੀ, ਮੈਂ ਸਕੂਲ ਦਾ ਰੀਜ਼ਲਟ ਬਿਲਕੁਲ ਨਹੀਂ ਖ਼ਰਾਬ ਹੋਣੇ ਦਿਊਂਗੀ, ਭਾਵੇਂ ਮੈਨੂੰ ਜਿੰਨੀਆਂ ਮਰਜ਼ੀ ਟਿਊਸ਼ਨਾਂ ਰੱਖਣੀਆਂ ਪੈਣ।"

ਮੈਡਮ ਪਾਲੀ ਦੀਆਂ ਗੱਲਾਂ ਸੁਣ ਕੇ ਸੋਚ ਰਹੀ ਸੀ, ਜਿਸ ਔਰਤ ਨੇ ਅੱਜ ਤਕ ਮਸਾਂ ਦੋ ਸ਼ਬਦ ਮੇਰੇ ਨਾਲ ਸਾਂਝੇ ਕੀਤੇ ਸਨ, ਉਹ ਹੁਣ ਕਿੰਨੇ ਜੋਸ਼ ਨਾਲ ਇਹ ਸਭ ਕੁੱਝ ਮੈਨੂੰ ਦੱਸ ਰਹੀ ਹੈ। ਕਿੰਨੀ ਅਭਿਲਾਸ਼ਾ ਹੈ ਇਸ ਵਿਚ। ਤੇ ਉਹ ਫਿਰ ਬੋਲੀਂ, ''ਜੇ ਤੁਸੀਂ ਟਿਊਸ਼ਨਾਂ ਰੱਖੀਆਂ ਤਾਂ ਤੁਹਾਡਾ ਬਹੁਤ ਖਰਚਾ ਹੋ ਜਾਣਾ ਹੈ...''

ਪਾਲੀ ਨੂੰ ਡਰ ਲੱਗਾ ਕਿ ਇਹ ਇੱਕ ਆਸ ਵੀ ਨਾ ਖੁਸ ਜਾਵੇ, ''ਤੁਸੀਂ ਫ਼ਿਕਰ ਨਾ ਕਰੋ ਮੈਡਮ, ਮੈਂ ਖਰਚਾ ਸਾਂਭ ਲਊਂਗੀ ...''

ਪਰ ਮੈਡਮ ਨੇ ਉਸ ਦੀ ਗੱਲ ਵਿਚ ਹੀ ਕੱਟ ਦਿਤੀ, ''ਨਹੀਂ, ਬਹੁਤ ਔਖਾ ਹੋਵੇਗਾ ਤੁਹਾਡੇ ਲਈ ੩ ਤੁਸੀਂ ਇੱਦਾਂ ਕਰੋ, ਇੱਥੋਂ ਦੀ ਦਸਵੀਂ ਦੀ ਜਮਾਤ ਵਿਚ ਹੀ ਦਾਖਲਾ ਲੈ ਲਓ।''

ਪਾਲੀ ਨੇ ਤੁਰੰਤ ਹਾਂ ਕਹਿ ਦਿੱਤਾ - ਉਸ ਦੀ ਇੰਨੇ ਸਾਲਾਂ ਦੀ ਇੱਛਾ ਪੂਰੀ ਹੋ ਚਲੀ ਸੀ!

ਪਰ ਦੂਜੇ ਦਿਨ ਤਕ ਉਸ ਨੂੰ ਅਹਿਸਾਸ ਹੋ ਚੁੱਕਾ ਸੀ ਕਿ ਇਹ ਇੱਛਾ ਪੂਰੀ ਹੋਣ ਵਿਚ, ਬਹੁਤ ਸਮਾਂ ਬਾਕੀ ਸੀ ਤੇ ਸਕੂਲ ਵਿਚ ਦਾਖਲਾ ਮਿਲ ਤਾਂ ਗਿਆ ਸੀ, ਪਰ ਹੋਰ ਬਹੁਤ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਣਾ ਸੀ। ਉਹਦੇ ਸਹੁਰੇ ਤਾਂ ਇਸ ਗੱਲ ਦੇ ਸਖਤ ਖਿਲਾਫ ਸਨ, ''ਤੂੰ ਵਿਆਹੀ ਹੋਈ, ਦੋ ਬੱਚਿਆਂ ਵਾਲੀ, ਤੇਰਾ ਕੀ ਕੰਮ ਆ ਸਕੂਲ ਜਾਣ ਦਾ?'' ਪਾਲੀ ਦੇ ਪਤੀ ਨੇ ਵੀ ਇਤਰਾਜ਼ ਕੀਤਾ ਸੀ, ਪਰ ਜਦ ਪਾਲੀ ਨੇ

ਕਿਹਾ ਕਿ ਉਹ ਆਪਣੇ ਕੁਝ ਜਮ੍ਹਾਂ ਕੀਤੇ ਹੋਏ ਪੈਸਿਆਂ ਵਿਚੋਂ ਫੀਸ ਭਰ ਦੇਵੇਗੀ, ਤੇ ਘਰ ਦਾ ਸਾਰਾ ਕੰਮ ਕਰੀ ਜਾਵੇਗੀ, ਤਾਂ ਉਹ ਵੀ ਮੰਨ ਪਿਆ। ''ਪਰ ਬੀਬੀ ਤੇ ਭਾਪਾ ਜੀ ਨੂੰ ਕੋਈ ਦਿੱਕਤ ਨਹੀਂ ਆਉਣੀ ਚਾਹੀਦੀ।" ਉਸ ਨੇ ਪਾਲੀ ਨੂੰ ਸਖ਼ਤੀ ਨਾਲ ਸਮਝਾਇਆ।

ਤੇ ਪਹਿਲੇ ਦਿਨ, ਜਦ ਉਹ ਬੰਟੀ ਅਤੇ ਗੁੱਡੀ ਨੂੰ ਆਪਣਿਆਂ ਕਮਰਿਆਂ ਵਿੱਚ ਛੱਡ ਕੇ, ਬਾਕੀ ਮਾਂਵਾਂ ਨਾਲ ਵਾਪਸ ਨਾ ਮੁੜੀ, ਤਾਂ ਉਸ ਨੂੰ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਵਿਚ ਕਾਫ਼ੀ ਸੰਗ ਮਹਿਸੂਸ ਹੋਈ। ਉਸ ਨੇ ਚੁੱਪ ਕਰ ਕੇ ਕਿਹਾ, ਮੈਨੂੰ ਕੁੱਝ ਕੰਮ ਹੈ ਅਤੇ ਆਪਣਾ ਬਸਤਾ ਚੁੱਕ ਕੇ ਦਸਵੀਂ ਦੇ ਬੱਚਿਆਂ ਨਾਲ ਉਨ੍ਹਾਂ ਦੀ ਕਲਾਸ ਵਿਚ ਵੜ ਗਈ। ਤੇ ਉੱਥੇ ਅੰਦਰ ਵੜਦਿਆਂ ਤਾਂ ਉਹਨੂੰ ਹੋਰ ਵੀ ਸੰਗ ਲੱਗੀ - ਸਾਰੇ ਬੱਚੇ ਸਵਾਲ-ਭਰੀਆਂ ਅੱਖਾਂ ਨਾਲ ਉਸ ਦੇ ਵਲ ਦੇਖ ਰਹੇ ਸਨ ਅਤੇ ਜਦੋਂ ਮੈਡਮ ਨੇ ਉਸ ਨੂੰ ਪਿਛਲੀ ਸੀਟ 'ਤੇ ਬੈਠਣ ਲਈ ਆਖਿਆ, ਤਾਂ ਕਲਾਸ ਵਿਚ ਇੱਕਦਮ, ਸਾਰੇ ਵਿਦਿਆਰਥੀਆਂ ਦੀਆਂ ਖੁਸਰ-ਫੁਸਰ ਦੀਆਂ ਅਵਾਜ਼ਾਂ ਆਉਣ ਲੱਗੀਆਂ। ਪਾਲੀ ਦਾ ਜੀਅ ਕਰੇ ਕਿ ਉਹ ਪਿਘਲ ਕੇ ਬੱਸ ਜ਼ਮੀਨ ਵਿੱਚ ਹੀ ਰਲ ਜਾਵੇ।

''ਸਹੀਂ ਗੱਲ ਸੀ ਸਾਰਿਆਂ ਦੀ...'' ਉਸ ਨੇ ਸੋਚਿਆ। ''ਮੈਂ ਛੱਬੀਆਂ ਸਾਲਾਂ ਦੀ ਜਨਾਨੀ, ਇੱਥੇ ਪੰਦਰਾਂ ਪੰਦਰਾਂ, ਸੋਲ੍ਹਾਂ ਸੋਲ੍ਹਾਂ ਸਾਲਾਂ ਦੇ ਬੱਚਿਆਂ ਨਾਲ ਬੈਠੀ ਕੀ ਕਰ ਰਹੀ ਆਂ?'' ਪਰ ਉੱਠ ਕੇ ਕਲਾਸ ਤੋਂ ਬਾਹਰ ਜਾਣ ਦੀ ਉਸ ਦੀ ਹਿੰਮਤ ਨਾ ਪਈ। ''ਇੱਕ ਵਾਰ ਫਿਰ ਉਹ ਸਾਰੀਆਂ ਅੱਖਾਂ ਮੇਰੇ ਉੱਤੇ ਹੋਣਗੀਆਂ।" ਉਸ ਨੇ ਆਪਣੇ ਆਪ ਨੂੰ ਕਿਹਾ। ''ਅੱਧੀ ਛੁੱਟੀ ਨੂੰ ਮੈਂ ਘਰ ਚੱਲ ਜਾਵਾਂਗੀ।"

ਪਰ ਜਦੋਂ ਸਕੂਲ ਦਾ ਦਿਨ ਸ਼ੁਰੂ ਹੋ ਗਿਆ, ਤੇ ਪਾਲੀ ਬਾਕੀ ਵਿਦਿਆਰਥੀਆਂ ਨਾਲ ਪੜ੍ਹਨ ਲੱਗੀ, ਤਾਂ ਉਹ ਕਿਤਾਬਾਂ, ਕਾਪੀਆਂ ਅਤੇ ਪੜ੍ਹਾਈ ਲਿਖਾਈ ਦੀ ਦੁਨੀਆ ਵਿਚ ਇਸ ਤਰ੍ਹਾਂ ਰੁੱਝ ਗਈ, ਕਿ ਉਹ ਬਾਕੀ ਸਾਰੀਆਂ ਗੱਲਾਂ ਭੁੱਲ ਗਈ। ਅੱਧੀ ਛੁੱਟੀ ਨੂੰ ਘਰ ਵਾਪਸ ਮੁੜਨ ਦਾ ਕੀ ਸੋਚਣਾ ਸੀ, ਉਹ ਤਾਂ ਆਪਣੀ ਸੀਟ ਤੋਂ ਨਾ ਹਿੱਲੀ, ਅਤੇ ਨਾ ਹੀ ਰੋਟੀ ਖਾਧੀ। ਉਹ ਬੱਸ ਆਪਣੀਆਂ ਕਿਤਾਬਾਂ ਪੜ੍ਹੀ ਗਈ। ਕਿੰਨੀਆਂ ਵਧੀਆਂ ਚੀਜ਼ਾਂ ਆ ਕਿਤਾਬਾਂ - ਉਹ ਆਪਣੇ ਆਪ ਨੂੰ ਕਹਿ ਰਹੀ ਸੀ। ''ਕੀ ਕੁੱਝ ਮਿਲਦਾ ਆ ਇਨ੍ਹਾਂ ਵਿਚੋਂ। ਇੱਕ ਪੂਰੀ ਦੁਨੀਆ ਇਨ੍ਹਾਂ ਵਿਚ ਵਸੀ ਹੋਈ ਆ।" ਛੁੱਟੀ ਵੇਲੇ ਉਸ ਨੇ ਪੂਰਾ ਮਨ ਬਣਾ ਲਿਆ ਸੀ, ਕਿ ਕੁੱਝ ਵੀ ਹੋਵੇ, ਉਹ ਸਕੂਲ ਨੂੰ ਵਾਪਸ ਜ਼ਰੂਰ ਆਵੇਗੀ।

ਆਪਣੀਆਂ ਕਿਤਾਬਾਂ ਬਸਤੇ'ਚ ਪਾ ਕੇ, ਉਹ ਗੁੱਡੀ ਅਤੇ ਬੰਟੀ ਦੀਆਂ ਕਲਾਸਾਂ ਵਲ ਤੁਰ ਪਈ। ਪਰ ਜਦ ਇਕ ਹੋਰ ਬੱਚੇ ਦੀ ਮਾਂ ਨੇ ਉਸ ਨੂੰ ਪੁਛਿਆ, ''ਨੀ ਪਾਲੀ, ਤੂੰ ਉਧਰੋ ਕਿਧਰੋਂ ਆ ਰਹੀ ਹੈਂ? ਅਸੀਂ ਤੇਰੀ ਰਾਹ ਦੇਖੀ ਜਾਂਦੀਆਂ ਸੀ।''

ਤੇ ਪਾਲੀ ਦੇ ਜਵਾਬ ਤੋਂ ਪਹਿਲਾਂ, ਇੱਕ ਹੋਰ ਔਰਤ ਨੇ ਟਿੱਚਰ ਕੀਤੀ, ''ਇਹਦੇ ਕੋਲ ਸਾਡੇ ਵਰਗੀਆਂ ਲਈ ਵਖਤ ਕਿੱਥੇ ਹੁਣ - ਇਹ ਤਾਂ ਦਸਵੀਂ ਨੂੰ ਪੜ੍ਹਾ ਕੇ ਆਈਂ ਆ।"

ਪਾਲੀ ਦਾ ਮੂੰਹ ਲਾਲ ਹੋ ਗਿਆ। ਉਹਨੂੰ ਕੋਈ ਜਵਾਬ ਨਾ ਸੁੱਝਿਆ।

''ਕੀ ਮਤਲਬ? ਦਸਵੀਂ ਨੂੰ ਪੜ੍ਹਾ ਕੇ ਆਈ?'' ਕਿਸੇ ਹੋਰ ਨੇ ਪੁੱਛਿਆ।

''ਚੱਲ ਪੜ੍ਹਾ ਕੇ ਨਹੀਂ ਆਈਂ, ਨਾ ਸਹੀਂ। 'ਗਾਹਾਂ ਜਾ ਕੇ ਤਾਂ ਇਹ ਹੀ ਸਲਾਹ ਆ ਇਹਦੀ, ਹੈ ਨਾ ਪਾਲੀ? ਮੈਡਮ ਬਣਨ ਚੱਲੀ ਆ? ਨਾ ਮੈਡਮ, ਕਿੱਥੇ, ਤੂੰ ਤਾਂ ਕੋਈ ਅਫਸਰਨੀ ਲੱਗਣਾ ਆ ਗੌਰਮਿੰਟ ਵਿਚ। ਕੁੜੇ ਤੁਸੀਂ ਸੁਣਿਆ ਨਹੀਂ? ਪਾਲੀ ਨੇ ਦਸਵੀਂ ਵਿਚ ਦਾਖਲਾ ਲੈ ਲਿਆ ਆ।"

ਸਾਰੀਆਂ ਔਰਤਾਂ ਹੈਰਾਨ ਹੋ ਕੇ ਚੁੱਪ ਹੋ ਗਈਆਂ। ''ਨੀ ਪਾਲੀ, ਇਹ ਕੀ ਕੰਮ ਫੜਿਆ ਆ ਤੂੰ? ਇਹ ਹੁਣ ਤੇਰੀ ਕੋਈ ਉਮਰ ਆ ਪੜ੍ਹਨ ਦੀ?''

ਪਾਲੀ ਨੇ ਆਪਣਾ ਹੱਥ ਪਹਿਲਾਂ ਇੱਕ ਗੱਲ੍ਹ ਤੇ ਰੱਖਿਆ ਫਿਰ ਦੂਸਰੀ ਤੇ, ਤਾਂ ਕਿ ਉਹਨਾਂ 'ਚੋਂ ਨਿਕਲਦਾ ਹੋਇਆ ਸੇਕ ਕੁੱਝ ਘੱਟ ਜਾਵੇ। ਨੀਵੀਂ ਪਾ ਕੇ ਉਹਨੇ ਕਿਹਾ, ''ਮੈਂ ਜਾਂਦੀ ਆਂ, ਬੀਬੀ ਹੁਣੀ ਉਡੀਕਦੇ ਹੋਣੇ ਆ। " ਤੇ ਕਾਹਲੀ ਕਾਹਲੀ ਉੱਥੋਂ ਤੁਰ ਪਈ।

''ਨੀ ਤੂੰ ਕਿਉਂ ਬਣਾਊਂਗੀ ਰੋਟੀ? ਹੁਣ ਤੋਂ ਹੀ ਇੱਕ ਨੌਕਰ ਚਾਕਰ ਰੱਖ ਲਾ, ਮੈਡਮਾਂ ਦੇ ਘਰਾਂ ਵਿਚ ਉਹ ਖ਼ੁਦ ਥੋੜ੍ਹੇ ਰੋਟੀਆਂ ਪਕਾਉਂਦੀਆਂ ਹੁੰਦੀਆਂ।" ਹੱਸਦੀ ਹੋਈ ਆਵਾਜ਼ ਪਾਲੀ ਦੇ ਪਿੱਛੇ ਗਈ, ਤੇ ਘਰ ਪਹੁੰਚ ਕੇ ਵੀ ਉਸ ਦੇ ਕੰਨਾਂ ਵਿਚੋਂ ਨਹੀਂ ਨਿਕਲੀ।

ਘਰ ਵੜਦਿਆਂ ਹੀ, ਉਸ ਆਵਾਜ਼ ਦਾ ਸਾਥ ਦੇਣ ਲਈ ਦੋ ਹੋਰ ਆਵਾਜ਼ਾਂ ਬੋਲੀਆਂ, ''ਨੀ ਆ ਗਈ ਆਂ? ਮਿਲ ਗਈ ਫ਼ੁਰਸਤ ਆਪਣੀ ਪੜ੍ਹਾਈ ਤੋਂ? ਪੜ੍ਹਾਈ ਦੇ ਨਾਂ ਤੇ ਪਤਾ ਨੀ ਕਿੱਥੇ, ਕੀ ਕਰਨ ਜਾਂਦੀ ਆ। ਸਾਡੇ ਮੁੰਡੇ ਨੂੰ ਵੀ ਪਤਾ ਨਹੀਂ ਕੀ ਹੋਇਆ ਜਿਹੜਾ ਇਹਨੂੰ ਰੋਕਦਾ ਨਹੀਂ। ਇੱਥੇ ਉਹਦੇ ਬੁੜੇ ਮਾਂ ਪਿਉ ਭੁੱਖੇ ਮਰੀ ਜਾਂਦੇ ਆ। ਚੱਲ ਉੱਥੋਂ ਚੱਕ ਚਕਲਾ ਬੇਲਨਾ, ਮੇਰੇ ਹੱਥ ਆਟੇ ਵਿਚ ਆ। ਆਟਾ ਵੀ ਨਹੀਂ ਗੁੰਨ ਕੇ ਗਈ - ਅੱਗੇ ਮੇਰੀਆਂ ਉਂਗਲੀਆਂ ਸੁੱਜੀਆਂ ਰਹਿੰਦੀਆਂ ਆ - ਹੁਣ ਹੋਰ ਮੁਸੀਬਤ ਪਾ ਦੇ ਮੇਰੇ ਸਿਰ ਤੇ...''

''ਪਰ ਬੀਜੀ, ਮੈਂ ਤਾਂ ਰੋਟੀ ਬਣਾ ਕੇ ਰੱਖ ਕੇ ਗਈ ਸੀ'' ਪਾਲੀ ਨੇ ਛੇਤੀ ਆਪਣੀ ਸੱਸ ਤੋਂ ਆਟੇ ਦੀ ਪਰਾਤ ਫੜ ਲਈ ਤੇ ਹੱਥ ਧੋ ਕੇ, ਆਪ ਆਟਾ ਗੁੰਨ੍ਹਣ ਲੱਗੀ।

''ਉਹ ਕੋਈ ਖਾਣ ਵਾਲੀਆਂ ਹੁੰਦੀਆਂ?'' ਪਾਲੀ ਦਾ ਸਹੁਰਾ ਬੋਲਿਆ। ''ਠੰਢੀਆਂ ਬਹੀਆਂ।"

''ਬਹੀਆਂ ਕਿੱਥੇ ਹੁੰਦੀਆਂ ਆ, ਭਾਪਾ ਜੀ'' ਪਾਲੀ ਨੇ ਕਿਹਾ। ''ਤੁਰਨ ਤੋਂ ਕੁੱਝ ਮਿੰਟ ਪਹਿਲਾ ਹੀ ਬਣਾ ਕੇ ਰੱਖ ਕੇ ਗਈ ਸੀ। ਬਿੱਟੂ ਤੇ ਗੁੱਡੀ ਵੀ ਰੋਜ਼ ਸਕੂਲ ਵਿਚ ਇਸ ਤਰ੍ਹਾਂ ਦੀਆਂ ਖਾਂਦੇ ਹਨ।''

''ਉਹ ਖਾ ਲੈਂਦੇ ਹੋਣਗੇ, ਇਹੋ ਜਿਹੀਆਂ ਠੰਢੀਆਂ ਬਹੀਆਂ - ਮੈਥੋਂ ਨਹੀਂ ਖਾਧੀਆਂ ਜਾਂਦੀਆਂ।" ਉਸ ਦੇ ਸਹੁਰੇ ਨੇ ਖਿਝ ਕੇ ਆਖਿਆ।

ਡਰੀ ਹੋਈ, ਪਾਲੀ ਕੁੱਝ ਹੋਰ ਨਾ ਬੋਲੀਂ, ''ਉਸ ਦੇ ਪਤੀ ਤੋਂ ਕੋਈ ਸ਼ਿਕਾਇਤ ਨਹੀਂ ਆਉਣੀ ਚਾਹੀਦੀ ਸੀ। ਮਸਾਂ ਤਾਂ ਇਹ ਮੌਕਾ ਮਿਲਿਆ ਸੀ, ਸਕੂਲ ਜਾਣ ਦਾ। ਉਹ ਕਿਸੇ ਵੀ ਕਾਰਨ ਕਰ ਕੇ ਇਹ ਮੌਕਾ ਨਹੀਂ ਗਵਾਉਣਾ ਚਾਹੁੰਦੀ ਸੀ।

ਰੋਟੀ ਬਣਾ ਕੇ, ਤੇ ਪਾ ਕੇ, ਬਰਤਨ ਸਾਫ਼ ਕਰ ਕੇ, ਉਸ ਨੇ ਰਾਤ ਦੀ ਸਬਜ਼ੀ ਬਣਾ ਦਿੱਤੀ ਅਤੇ ਫਿਰ ਕੱਪੜੇ ਧੋ ਦਿੱਤੇ। ਜਦ ਉਸ ਦਾ ਪਤੀ ਆਇਆ ਕੰਮ ਤੋਂ, ਤਾਂ ਉਸ ਵਾਸਤੇ ਚਾਹ ਬਣਾਈ। ਫਿਰ ਉਸ ਦੀ ਸੱਸ ਨੇ ਆਪਣੇ ਬੇਟੇ ਨੂੰ ਉਸ ਦੀ ਵਹੁਟੀ ਦੀਆਂ ਹੋਰ ਸ਼ਿਕਾਇਤਾਂ ਲਾਈਆਂ, ਪਰ ਸ਼ੁਕਰ ਸੀ ਰੱਬ ਦਾ, ਕਿ ਉਸ ਦੇ ਪਤੀ ਦਾ ਧਿਆਨ ਟੀ ਵੀ ਵਲ ਜ਼ਿਆਦਾ ਸੀ ਅਤੇ ਆਪਣੀ ਮਾਂ ਦੀਆਂ ਗੱਲਾਂ ਵਲ ਘੱਟ।

ਰਾਤ ਨੂੰ, ਗੁੱਡੀ ਤੇ ਬੰਟੀ ਦੀਆਂ ਕਾਪੀਆਂ ਦੇਖ ਕੇ, ਉਨ੍ਹਾਂ ਨੂੰ ਸੁਲਾ ਕੇ, ਪਾਲੀ ਆਪਣੀਆਂ ਕਿਤਾਬਾਂ ਨਾਲ ਬੈਠ ਗਈ, ਤੇ ਉਸ ਨੂੰ ਦੁਬਾਰਾ ਯਾਦ ਆਇਆ ਕਿ ਉਹ ਇਹ ਸਾਰੇ ਤਾਹਨੇ ਮਿਹਣੇ ਕਿਉਂ ਸਹਿ ਰਹੀ ਹੈ – ਕਿੰਨਾ ਆਨੰਦ ਮਿਲਦਾ ਸੀ ਉਸ ਨੂੰ ਇੰਨਾ ਕਿਤਾਬਾਂ ਤੋਂ!

ਕਈ ਮਹੀਨੇ ਇਸ ਤਰ੍ਹਾਂ ਪੜ੍ਹਾਈ ਤੇ ਤਾਹਨੇ ਨਾਲ ਨਾਲ ਚੱਲਦੇ ਰਹੇ – ਪੜ੍ਹਾਈ ਔਖੀ ਜ਼ਰੂਰ ਸੀ, ਖ਼ਾਸ ਕਰ ਕੇ ਅੰਗਰੇਜ਼ੀ, ਪਰ ਪਾਲੀ ਪੂਰਾ ਦਿਲ ਲਗਾ ਕੇ ਪੜ੍ਹਦੀ ਰਹੀ। ਫਿਰ ਗੁੱਡੀ ਨੂੰ ਬੁਖ਼ਾਰ ਚੜ੍ਹ ਗਿਆ, ਤੇ ਉਹ ਸਕੂਲ ਤੋਂ ਇੱਕ ਹਫ਼ਤਾ ਘਰ ਰਹੀ, ਪਾਲੀ ਨੂੰ ਵੀ ਉਸ ਨਾਲ ਰਹਿਣਾ ਪਿਆ। ਜਦ ਗੁੱਡੀ ਠੀਕ ਹੋਈ, ਤੇ ਦੋਨੋਂ ਮਾਂ ਬੇਟੀ ਦੁਬਾਰਾ ਸਕੂਲ ਜਾਣ ਲੱਗੀਆਂ, ਫਿਰ ਕੁੱਝ ਦਿਨਾਂ ਬਾਅਦ ਬੰਟੀ ਬਿਮਾਰ ਹੋ ਗਿਆ ਤੇ ਪਾਲੀ ਨੂੰ ਉਸ ਨਾਲ ਘਰ ਰਹਿਣਾ ਪਿਆ। ਉਸਦੀ ਪੜ੍ਹਾਈ ਹੋਰ ਵੀ ਪਿੱਛੇ ਪੈ ਗਈ।

ਬੰਟੀ ਤਾਂ ਚਾਰ ਕੁ ਦਿਨਾਂ ਬਾਅਦ ਹੀ ਠੀਕ ਹੋ ਗਿਆ ਤੇ ਪਾਲੀ ਨੇ ਸ਼ੁਕਰ ਮਨਾਇਆ ਕਿ ਉਸ ਦੇ ਬਹੁਤੇ ਦਿਨ ਨਹੀਂ ਖ਼ਰਾਬ ਹੋਏ। ਪਰ ਬੱਚੇ, ਸਕੂਲ ਅਤੇ ਘਰ ਦਾ ਸਾਰਾ ਕੰਮ – ਜ਼ੁੰਮੇਵਾਰੀ ਜ਼ਿਆਦਾ ਸੀ ਅਤੇ ਵਖਤ ਥੋੜ੍ਹਾ। ਰਾਤ ਨੂੰ ਪੜ੍ਹ ਕੇ ਬੱਸ ਚਾਰ ਪੰਜ ਕੁ ਘੰਟੇ ਸੌਣ ਦੇ ਕਾਰਨ, ਪਾਲੀ ਵਿਚ ਵੀ ਕਮਜ਼ੋਰੀ ਵਧ ਗਈ ਸੀ ਅਤੇ ਉਹ ਖੁਦ ਵੀ ਬਿਮਾਰ ਹੋ ਗਈ। ਇਸ ਵਾਰ ਉਸ ਦੇ ਪੂਰੇ ਦੋ ਹਫ਼ਤੇ ਖ਼ਰਾਬ ਗਏ।

ਹੁਣ ਪੇਪਰਾਂ ਦੇ ਵੇਲੇ, ਪਾਲੀ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਦੀ ਤਿਆਰੀ ਚੰਗੀ ਤਰ੍ਹਾਂ ਨਹੀਂ ਹੋਈ ਸੀ। ਤੇ ਹੁਣ ਉੱਥੇ ਬੈਠੀ ਬੈਠੀ ਉਹ ਡਰੀ ਗਈ ਕਿ ਉਸ ਕਾਰਨ ਸਕੂਲ ਦਾ ਰਿਜ਼ਲਟ ਵੀ ਖ਼ਰਾਬ ਹੋ ਗਿਆ ਹੋਣਾ ਹੈ।

ਉਸ ਨੇ ਸਿਰ ਚੁੱਕ ਕੇ ਦੇਖਿਆ ਕਿ ਮੈਡਮ ਉਸ ਦੇ ਵਲ ਤੁਰੀ ਆ ਰਹੀ ਸੀ। ਪਾਲੀ ਨੂੰ ਲੱਗਾ ਕਿ ਕਿਸੇ ਨੇ ਉਸ ਦੀ ਛਾਤੀ ਅੰਦਰ ਹੱਥ ਪਾ ਕੇ, ਉਸ ਦੇ ਦਿਲ ਨੂੰ ਜ਼ੋਰ ਨਾਲ ਕਸ ਕੇ, ਥੱਲੇ ਨੂੰ ਖਿੱਚ ਦਿੱਤਾ। ''ਰੀਜ਼ਲਟ ਹੀ ਦੱਸਣ ਲੱਗੀ ਹੋਊਗੀ'' ਉਹ ਨੇ ਸੋਚਿਆ

ਮੈਡਮ ਪਾਲੀ ਦੇ ਸਾਹਮਣੇ ਰੁਕੀ, ''ਵਧਾਈਆਂ ਤੁਹਾਨੂੰ'' ਮੈਡਮ ਹੱਸ ਕੇ ਬੋਲੀਂ। ''ਸੈਕੰਡ ਡੀਵਿਜਨ ਵਿਚ ਪਾਸ ਹੋਏ ਹੋ।"

ਪਾਲੀ ਹੈਰਾਨੀ ਨਾਲ ਚੁੱਪ ਰਹੀ।

''ਸੁਣਿਆ? ਤੁਸੀਂ ਸੈਕੰਡ ਡਵੀਜ਼ਨ ਵਿਚ ਪਾਸ ਹੋ ਗਏ ਹੋ। ਕੀ ਸੋਚ ਰਹੇ ਹੋ?''

ਪਾਲੀ ਦੇ ਬੁੱਲ੍ਹਾਂ ਤੇ ਹੌਲੀ ਹੌਲੀ ਇੱਕ ਮੁਸਕਾਨ ਉੱਗ ਗਈ।

''ਮੈਂ ਸੋਚ ਰਹੀ ਸੀ ਮੈਡਮ...'' ਉਸ ਨੇ ਕਿਹਾ, ''ਮੈਂ ਸੋਚ ਰਹੀ ਸੀ, ਪਲੱਸ ਵੰਨ ਦੇ ਪੇਪਰ ਕਿੱਥੇ ਭਰਾਂ?'' ●

---

## ਤਿੰਨ ਕਵਿਤਾਵਾਂ

### ਮੰਗੇ ਸਪਰਾਏ

### ਬੱਚੇ ਦਾ ਸੱਚ

ਮੈਂ ਤਾਂ ਬੱਚੇ ਦੀ ਸੌਖ ਲਈ
ਅੰਗਰੇਜ਼ੀ 'ਚ ਹਾਕਮ ਤੇ ਕੁੱਤਾ
'ਕੱਠਾ ਸਿਖਾਇਆ ਸੀ।

ਮੈਨੂੰ ਕੀ ਪਤਾ ਸੀ
ਬੱਚਾ ਸਿੱਖਣ ਲੱਗਾ
ਹਾਕਮ ਨੂੰ ਕੁੱਤਾ ਤੇ
ਕੁੱਤੇ ਨੂੰ ਹਾਕਮ ਬਣਾ ਦਏਗਾ।

ਉਹ ਕਈ ਵਾਰੀ
ਇਨ੍ਹਾਂ ਨੂੰ 'ਕੱਠੇ ਵੀ ਕਰ ਲੈਂਦਾ ਹੈ।
ਵਾਰ ਵਾਰ ਦੱਸਣ 'ਤੇ ਵੀ
ਕਿ ਹਾਕਮ ਹਾਕਮ ਹੁੰਦਾ ਹੈ
ਤੇ ਕੁੱਤਾ ਕੁੱਤਾ।
ਬੋਲਣ-ਲਿਖਣ ਲੱਗਿਆਂ
ਬੱਚਾ ਹਰ ਵੇਰ
ਉਲਟ ਪੁਲਟ ਕਰ ਲੈਂਦਾ ਹੈ।

ਉਹ ਕਹਿੰਦਾ ਹੈ:
ਮੈਨੂੰ ਤਾਂ ਇਨ੍ਹਾਂ 'ਚ
ਕੋਈ ਫਰਕ ਨਹੀਂ ਦਿਸਦਾ।

ਮੈਂ ਸੁਣਿਆ ਹੈ ਕਿ
ਬੱਚਾ ਦਿਲ ਦਾ ਸੱਚਾ ਹੁੰਦਾ ਹੈ
ਕਦੇ ਝੂਠ ਨਹੀਂ ਬੋਲਦਾ।

••

### ਉਮਰ

ਤੁਸੀਂ ਪਤਾ ਨਹੀਂ ਕਿਵੇਂ
ਇਹਨਾਂ ਨੂੰ ਜੀਵਨ ਦੇ
ਤਿੰਨ ਪੜਾਅ ਕਹਿ ਦਿੰਦੇ ਹੋ।
ਬਚਪਨ – ਬੇਫਿਕਰੀ
ਜਵਾਨੀ – ਮਸਤੀ
ਤੇ ਬੁਢੇਪਾ – ਭਜਨ ਬੰਦਗੀ।

ਸਾਡੀਆਂ ਤਾਂ ਤਿੰਨੇ ਉਮਰਾਂ
ਬੁਢੇਪੇ 'ਚ ਸਿਮਟ ਜਾਂਦੀਆਂ ਹਨ।
ਜਿਨ੍ਹਾਂ ਦੇ ਅਰਥ ਹੁੰਦੇ ਨੇ
ਫਿਕਰ, ਤੌਖਲੇ ਤੇ ਸੰਸੇ।

ਅਸੀਂ ਤਾਂ
ਰੋਟੀ ਤੋਂ ਰੋਟੀ ਤੱਕ ਦੀ
ਜੂਨ ਹੰਢਾਉਂਦੇ ਹਾਂ।
ਬੁਢੇਪਾ ਹੀ ਜੰਮਦੇ ਹਾਂ।
ਬੁਢੇਪਾ ਹੀ ਜੀਂਦੇ ਹਾਂ।
ਤੇ ਖਿੱਚ ਧੂਹ ਕੇ
ਬੁਢੇਪਾ ਹੀ ਮੁਕਾਉਂਦੇ ਹਾਂ।
ਤੁਸੀਂ ਇਕ ਦੇ
ਤਿੰਨ ਕਿਵੇਂ ਬਣਾਉਂਦੇ ਹੋ।

••

### ਰਿਸ਼ਤਾ

ਸੰਵਾਰ ਕੇ ਬੰਨੀ ਪੱਗ
ਧੁਲੀ ਹੋਈ ਟੋਪੀ
ਜਾਂ ਸਾਫੇ 'ਚ ਛੁਪਿਆ ਸਿਰ
ਪਾਟੇ ਕੰਬਲ 'ਚੋਂ ਝਾਕਦਾ ਜ਼ਹੀਨ ਮੱਥਾ।
ਸਤਾ ਲਈ ਤਰਸਦੇ ਬੰਦੇ ਲਈ
ਇਹ ਵੋਟ ਹੋ ਸਕਦਾ ਹੈ।
ਪਰ ਜਿਨ੍ਹਾਂ ਕਲਮਾਂ ਨੂੰ
ਲੋਕਾਂ ਦੀ ਥਾਹ ਪਾਉਣ ਦਾ
ਝੱਲ ਹੋ ਜਾਵੇ
ਉਨ੍ਹਾਂ ਲਈ
ਉਹ ਮਿੱਤਰ ਪਿਆਰਾ ਹੀ ਹੋ ਸਕਦਾ ਹੈ।
ਕਲਮ ਇਸ ਤੋਂ ਵੱਡਾ
ਰਿਸ਼ਤਾ ਕਿਹੜਾ ਮੰਨਦੀ ਹੈ।

••

ਨਾਟਕ

# ਤਿੜਕਦੇ ਰਿਸ਼ਤੇ

## ਨਾਹਰ ਔਜਲਾ




(ਉਨਟੇਰੀਓ ਵਿੱਚ ਰਹਿੰਦੇ ਪੰਜਾਬੀ ਲੇਖਕ ਨਾਹਰ ਔਜਲਾ ਦੇ ਨਾਟਕਾਂ ਦੀ ਪਲੇਠੀ ਪੁਸਤਕ "ਡਾਲਰਾਂ ਦੀ ਦੌੜ" ਹੁਣੇ ਜਿਹੀ ਛਪੀ ਹੈ। ਅਸੀਂ ਇਸ ਪੁਸਤਕ ਨੂੰ ਜੀ ਆਇਆਂ ਕਹਿਣ ਲਈ ਇਸ ਵਿੱਚੋਂ ਇਕ ਨਾਟਕ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ – ਸੰਪਾਦਕ)

**ਪਾਤਰ:**

| | |
|---|---|
| ਨਰਿੰਦਰ ਸਿੰਘ: | ਇਕ ਅਧਖੜ ਉਮਰ ਦਾ ਆਦਮੀ |
| ਬਲਵੰਤ ਕੌਰ : | ਨਰਿੰਦਰ ਦੀ ਪਤਨੀ |
| ਨਵੀ : | ਨਰਿੰਦਰ ਦੀ ਬੇਟੀ |
| ਗੈਰੀ : | ਨਰਿੰਦਰ ਦਾ ਬੇਟਾ |
| ਕਰਮੋ : | ਨਰਿੰਦਰ ਦੀ ਮਾਤਾ |
| ਭਜਨ ਸਿੰਘ : | ਨਰਿੰਦਰ ਦਾ ਰਿਸ਼ਤੇਦਾਰ |
| ਹਰਮੇਲ ਸਿੰਘ : | ਨਰਿੰਦਰ ਦਾ ਛੋਟਾ ਭਰਾ |

*(ਪਰਦਾ ਉੱਠਦਾ ਹੈ, ਲਿਵਿੰਗ ਰੂਮ ਦਾ ਦ੍ਰਿਸ਼ ਹੈ। ਸੋਫਾ, ਲਵਸੀਟ 'ਤੇ ਚੇਅਰ ਪਏ ਹਨ। ਕਰਮੋ ਤੇ ਬਲਵੰਤ ਲਿਵਿੰਗ ਰੂਮ 'ਚ ਬੈਠੀਆਂ ਹਨ।)*

ਕਰਮੋ : ਲੈ ਫੜ ਪਾਣੀ ਪੀ ਲੈ, ਰੋਣੇ ਧੋਣੇ ਨਾਲ ਹੁਣ ਬਹੂ ਨੇ ਵਾਪਸ ਥੋੜੋ ਆ ਜਾਣੈ।

ਬਲਵੰਤ: ਬੇਬੇ ਜੀ ਮੈਨੂੰ ਤਾਂ ਅਜੇ ਵੀ ਇਹ ਸਭ ਕੁਝ ਇਕ ਸੁਪਨਾ ਹੀ ਲੱਗ ਰਿਹਾ, ਸੱਚ ਹੀ ਨਹੀਂ ਆਉਂਦਾ।

ਕਰਮੋ: ਬੁਰੇ ਵਕਤ ਕਿਹੜਾ ਪੁੱਛ ਕੇ ਆਉਂਦੇ ਨੇ।

ਬਲਵੰਤ: ਮੈਂ ਤਾਂ ਵਿਆਹ ਤੋਂ ਪਹਿਲਾਂ ਦੋਹਾਂ ਦੀਆਂ ਕੁੰਡਲੀਆਂ ਵੀ ਮਿਲਵਾਈਆਂ ਸੀ, ਬਨਭੌਰੇ ਵਾਲਾ ਬਾਬਾ ਤਾਂ ਕਹਿੰਦਾ ਸੀ, ਵਿਆਹ 'ਚ ਕੋਈ ਅੜਚਣ ਨਹੀਂ, ਮਹੂਰਤ ਬੜਾ ਚੰਗਾ ਹੈ।

ਕਰਮੋ : ਹੁਣ ਪੁੱਛਣਾ ਸੀ ਬਾਬੇ ਨੂੰ ਬਈ ਆਹ ਸੁਨਾਮੀ ਕਿਥੋਂ ਆਗੀ।

ਬਲਵੰਤ: ਅੱਜ ਕੀਤੀ ਸੀ ਫੋਨ 'ਤੇ ਗੱਲ, ਮੈਂ ਦੱਸਿਆ ਬਈ ਸਾਡੀ ਬਹੂ ਤਾਂ ਕੈਨੇਡਾ ਵੜਦਿਆਂ ਹੀ ਵਿਗੜ ਗਈ।

ਕਰਮੋ : ਫੇਰ ਦਿੱਤਾ ਕੋਈ ਜਵਾਬ?

ਬਲਵੰਤ: ਕਹਿੰਦਾ ਵਿਆਹ ਤੱਕ ਤਾਂ ਸਮਾਂ ਠੀਕ ਸੀ, ਵਿਆਹ ਤੋਂ ਬਾਅਦ ਦਾਨ ਪੁੰਨ ਕਰਨ 'ਚ ਕਿਤੇ ਕਮੀ ਰਹਿ ਗਈ, ਰਾਹੂ ਤੇ ਕੇਤੂ ਆਪਣੀ ਦਿਸ਼ਾ ਬਦਲ ਗਏ।

ਕਰਮੋ: ਬਲਵੰਤ, ਮੈਂ ਤਾਂ ਧੀਏ ਤੈਨੂੰ ਕਦੇ ਟੋਕਿਆ ਨਹੀਂ, ਪਰ ਇਹ ਪੁੱਛਿਆ ਦੇਣ ਵਾਲੇ ਹੁੰਦੇ ਠੱਗ ਹੀ ਨੇ।

ਬਲਵੰਤ: ਬੇਬੇ ਜੀ ਮੁਸੀਬਤਾਂ ਕਿਹੜਾ ਬੰਦੇ ਦਾ ਖਹਿੜਾ ਛੱਡਦੀਆਂ ਨੇ, ਔਖੇ ਵੇਲੇ ਬੰਦਾ ਕੋਈ ਨਾ ਕੋਈ ਸਹਾਰਾ ਭਾਲਦੈ।

ਕਰਮੋ: ਇਹ ਲੋਕ ਸ਼ਿਕਾਰ ਵੀ ਤਾਂ ਭੋਲ਼ੇ ਭਾਲ਼ੇ ਦੁਖੀ ਬੰਦਿਆਂ ਦਾ ਈ ਕਰਦੈ ਨੇ, ਮੇਰੇ ਨਾਲ ਤਾਂ ਹੱਡੀਂ ਬੀਤੀ ਹੋਈ ਐ।

ਬਲਵੰਤ : ਨਾਂਹ ਤੁਹਾਨੂੰ ਕੀ ਹੋ ਗਿਆ ਸੀ।

ਕਰਮੋ: ਉਦੋਂ ਮੈਂ ਅਜੇ ਕੁਆਰੀ ਸੀ, ਮੈਨੂੰ ਰਾਤ ਨੂੰ ਪਈ ਪਈ ਨੂੰ ਦਬਾਅ ਜਿਹਾ ਪੈ ਜਾਂਦਾ ਸੀ, ਮੈਂ ਉੱਚੀ ਉੱਚੀ ਬੋਲਣ ਲੱਗ ਪੈਂਦੀ ਸੀ। ਮੇਰੀ ਮਾਂ ਨੂੰ ਲੱਗਦਾ ਸੀ ਮੈਨੂੰ ਬੰਤੋ ਦੀ ਕਸਰ ਹੋ ਜਾਂਦੀ ਐ।

ਬਲਵੰਤ: ਇਹ ਬੰਤੋ ਕੌਣ ਸੀ?

ਕਰਮੋ: ਸਾਡੀ ਗੁਆਂਢਣ ਸੀ, ਗਰੀਬ ਘਰ ਦੀ ਜਨਾਨੀ ਸੀ, ਜੱਟਾਂ ਦੇ ਖੇਤਾਂ 'ਚੋਂ ਪੱਠੇ ਲੈ ਕੇ ਆਉਣਾ ਤਾਂ ਉਸਦੀ ਮਜ਼ਬੂਰੀ ਸੀ। ਪਰ ਘਰ ਵਾਲਾ ਹਮੇਸ਼ਾ ਸ਼ੱਕ ਕਰਦਾ ਰਹਿੰਦਾ ਸੀ, ਮਾੜੀ ਮਾੜੀ ਗੱਲ 'ਤੇ ਲੜਾਈ ਕਰਕੇ ਉਸਨੂੰ ਕੁੱਟ ਧਰਦਾ ਸੀ। ਦੁਖੀ ਹੋਈ ਨੇ ਇਕ ਦਿਨ ਖੂਹ 'ਚ ਛਾਲ ਮਾਰ ਦਿੱਤੀ ਸੀ। ਲੋਕਾਂ ਨੂੰ ਸ਼ੱਕ ਸੀ ਕਿ ਉਹਦੀ ਭਟਕਦੀ ਰੂਹ ਕਿਸੇ ਨਾ ਕਿਸੇ 'ਚ ਆਉਂਦੀ ਹੀ ਰਹਿੰਦੀ ਹੈ। ਮਾਂ ਇਹ ਭੂਤ ਕਢਵਾਉਣ ਲਈ ਮੈਨੂੰ ਇਕ ਸਾਧ ਦੇ ਡੇਰੇ ਲੈ ਗਈ।

ਬਲਵੰਤ: ਫੇਰ ਨਿਕਲ ਗਏ ਭੂਤ?

ਕਰਮੋ: ਉਥੋਂ ਤਾਂ ਸਗੋਂ ਮੈਨੂੰ ਇਕ ਹੋਰ ਭੂਤ ਚਿੰਬੜ ਗਿਆ, ਬਾਬੇ ਦਾ ਇਕ ਚੇਲਾ ਮਾਂ ਨੂੰ ਬਾਹਰ ਹੀ ਬਿਠਾ ਕੇ ਮੈਨੂੰ ਸਾਧ ਕੋਲ ਲੈ ਗਿਆ। ਸਾਧ ਤਾਂ ਇਹੋ ਜਿਹੀਆਂ ਹਰਕਤਾਂ ਨੇ ਉੱਤਰ ਆਇਆ, ਮੈਂ ਤੈਨੂੰ ਦੱਸ ਨਹੀਂ ਸਕਦੀ। ਮੈਂ ਤਾਂ ਘਬਰਾਈ ਹੋਈ ਨੇ ਸਾਧ ਨੂੰ ਧੱਕਾ ਈ ਮਾਰ ਦਿੱਤਾ ਤੇ ਚੀਕਾਂ ਮਾਰਦੀ ਭੱਜ ਕੇ ਕੁਟੀਆ 'ਚੋਂ ਬਾਹਰ ਆਗੀ।

ਬਲਵੰਤ: ਫੇਰ?

ਕਰਮੋ: ਬਾਬੇ ਦੇ ਚੇਲੇ ਕਹਿਣ ਕੁੜੀ ਨੂੰ ਜਿੰਨ ਚਿੰਬੜ ਗਿਆ, ਮਾਂ ਵੀ ਘਬਰਾ ਗਈ। ਮੁੜ ਕੇ ਮੈਂ ਤਾਂ ਅੱਜ ਤੱਕ ਕਿਸੇ ਪੁਛਿਆ ਦੇਣ ਵਾਲੇ ਦੇ ਮੂੰਹ ਨੀ ਲੱਗੀ।

ਕਰਮੋ: ਤੁਹਾਡੀ ਬਿਮਾਰੀ ਦਾ ਕੀ ਬਣਿਆ?

ਬਲਵੰਤ: ਇਕ ਡਾਕਟਰ ਤੋਂ ਦਵਾਈ ਖਾਧੀ ਤੇ ਮੈਂ ਠੀਕ ਹੋ ਗਈ, ਲੈ ਦਵਾਈ ਤੋਂ ਯਾਦ ਆ ਗਿਆ, ਮੈਂ ਤਾਂ ਅੱਜ ਗੋਲੀਆਂ ਲੈਣੀਆਂ ਹੀ ਭੁੱਲ ਗਈ *(ਉੱਠਦੀ ਹੋਈ)* ਲੈ ਬਲਵੰਤ ਵੀ ਆ ਗਿਆ *(ਬਲਵੰਤ ਅੰਦਰ ਆ ਕੇ ਸੋਫੇ 'ਤੇ ਬੈਠਦਾ ਹੈ)*

ਬਲਵੰਤ : ਗੈਰੀ ਦਾ ਲੱਗਿਆ ਕੁਝ ਪਤਾ।

ਨਰਿੰਦਰ : ਫੋਨ ਤਾਂ ਉਸਦਾ ਬੰਦ ਸੀ, ਮੈਂ ਉਸਦੇ ਦੋਸਤਾਂ ਨੂੰ ਫੋਨ ਕੀਤਾ ਸੀ, ਉਹ ਅੱਗਿਉਂ ਕਹਿਣ ਲੱਗ ਪਏ, ਏਅਰਪੋਰਟ 'ਤੇ ਹੋਵੇਗਾ, ਅੱਜ ਉਸਦੀ ਵਾਈਫ ਨੇ ਆਉਣਾ ਸੀ, ਮੈਂ ਤਾਂ ਗੱਲ ਨੂੰ ਟਾਲ ਹੀ ਦਿੱਤਾ।

ਬਲਵੰਤ : ਆਪਣਾ ਗੈਰੀ ਤਾਂ ਇਸ ਗੱਲ ਦੀ ਬਹੁਤੀ ਹੱਤਕ ਮੰਨ ਗਿਆ।

ਨਰਿੰਦਰ : ਆਪਾਂ ਕਿਹੜਾ ਕਦੇ ਸੋਚਿਆ ਸੀ ਕਿ ਸਾਡੇ ਨਾਲ ਵੀ ਕੋਈ ਏਨੀ ਮਾੜੀ ਕਰ ਸਕਦੈ।

ਬਲਵੰਤ : ਪਤਾ ਨੀ ਚੰਦਰੀ ਨੇ ਸਾਡੇ ਨਾਲ ਕਿਹੜੇ ਜਨਮਾਂ ਦਾ ਬਦਲਾ ਲਿਐ। *(ਨਵੀ ਅੰਦਰ ਆਉਂਦੀ ਹੈ)*

ਨਵੀ : ਮੰਮੀ ... *(ਥੋੜੀ ਦੇਰ ਬਾਅਦ ਇਧਰ ਉਧਰ ਦੇਖ ਕੇ)* ਡੈਡੀ, ਭਾਬੀ ਜੀ ਕਿਥੇ ਨੇ? ਭਾਬੀ ਜੀ ਆਏ ਨੀ? ਤੁਸੀਂ ਕੁਝ ਬੋਲਦੇ ਕਿਉਂ ਨਹੀਂ?

ਨਰਿੰਦਰ : ਨਵੀ, ਕੋਈ ਜ਼ਰੂਰੀ ਨਹੀਂ ਕਿ ਘਰ ਦੀ ਹਰ ਇਕ ਗੱਲ ਤੈਨੂੰ ਦੱਸੀ ਜਾਵੇ।

ਨਵੀ : ਡੈਡ ਕਿਉਂ ਨਹੀਂ, ਆਈ ਐਮ ਏ ਫੈਮਿਲੀ ਮੈਂਬਰ, ਮੈਂ ਹੁਣ ਕੋਈ ਬੱਚੀ ਨਹੀਂ ਹਾਂ।

ਬਲਵੰਤ : ਨਵੀ ਤੂੰ ਆਪਣੇ ਕਮਰੇ 'ਚ ਜਾ, ਪੜ੍ਹਾਈ ਕਰ, ਨਹੀਂ ਜਾ ਕੇ ਟੀ. ਵੀ. ਦੇਖ ਲੈ।

ਨਵੀ : ਉਹ ਮਾਮ! ਵਾਟਜ਼ ਗੋਇੰਗ ਔਨ, ਤੁਸੀਂ ਮੈਨੂੰ ਗੱਲ ਕਿਉਂ ਨਹੀਂ ਦੱਸਦੇ, ਅੱਜ ਭਾਬੀ ਨੇ ਆਉਣਾ ਸੀ, ਆਈ ਕਿ ਨਹੀਂ।

ਨਰਿੰਦਰ : ਆਗੀ, ਆਗੀ, ਆਗੀ। *(ਗੁੱਸੇ 'ਚ ਬੋਲਦਾ ਹੈ)*

ਨਵੀ : ਵੇਅਰ ਇਜ਼ ਸ਼ੀ?

ਬਲਵੰਤ : ਉਹ ਕਿਸੇ ਹੋਰ ਦੇ ਘਰੇ ਚਲੀ ਗਈ।

ਨਵੀ : ਕਿਸੇ ਹੋਰ ਦੇ, ਉਨ੍ਹਾਂ ਦੇ ਘਰ ਬਾਅਦ 'ਚ ਚਲੀ ਜਾਂਦੀ।

ਨਰਿੰਦਰ : ਇਹ ਤੂੰ ਉਸਦੇ ਕੋਲੋਂ ਹੀ ਪੁੱਛ ਲਵੀਂ, ਚੱਲ ਉੱਠ ਹੁਣ, ਬਹੁਤਾ ਦਿਮਾਗ ਨਾ ਖਾ।

ਬਲਵੰਤ : ਤੁਸੀਂ ਬਹੂ ਵਾਲਾ ਗੁੱਸਾ ਹੁਣ ਕੁੜੀ 'ਤੇ ਹੀ ਕਿਉਂ ਕੱਢੀ ਜਾਨੇ ਓ।

ਨਰਿੰਦਰ : ਸਵਾਲ ਤੇ ਸਵਾਲ ਪੁੱਛੀ ਜਾ ਰਹੀ ਹੈ, ਦੇਖਦੀ ਹੀ ਨਹੀਂ ਕਿ ਬੰਦੇ ਦਾ ਮੂਡ ਕਿਵੇਂ ਐ।

ਨਵੀ : ਆਈ ਨੋ ਡੈਡ, ਦੇਅਰ ਇਜ਼ ਸਮਥਿੰਗ ਰੌਂਗ, ਮੈਂ ਤੁਹਾਡੇ ਨਾਲ ਪਰਾਬਲਮ ਨੂੰ ਸ਼ੇਅਰ ਕਰਨਾ ਚਾਹੁੰਦੀ ਹਾਂ, ਤੁਸੀਂ ਨਹੀਂ ਦੱਸਣਾ ਚਾਹੁੰਦੇ ਇਟਸ ਅੱਪ-ਟੂ ਯੂ *(ਉੱਠ ਕੇ ਚਲੀ ਜਾਂਦੀ ਹੈ ਅਤੇ ਫੋਨ ਦੀ ਘੰਟੀ ਵੱਜਦੀ ਹੈ)*

ਬਲਵੰਤ : ਉੱਠ ਕੇ ਦੇਖੋ ਤਾਂ ਕੀਹਦਾ ਫੋਨ ਐ।

ਨਰਿੰਦਰ : ਹੁਣ ਤਾਂ ਫੋਨ ਚੁੱਕਣ ਨੂੰ ਵੀ ਦਿਲ ਨਹੀਂ ਕਰਦਾ *(ਫੋਨ ਸੁਣਨ ਲਈ ਉੱਠਦੀ ਹੈ, ਉਧਰੋਂ ਭਜਨ ਸਿੰਘ ਆ ਜਾਂਦਾ ਹੈ)*

ਭਜਨ : ਬਈ ਅੱਜ ਤਾਂ ਨਵੀਂ ਬਹੂ ਦੇ ਚਾਅ 'ਚ ਡੋਰ ਵੀ ਬੰਦ ਨੀ ਕੀਤਾ, ਮੈਂ ਵੀ ਸੋਚਿਆ, ਚੱਲ ਘਰਦੇ ਹੀ ਨੇ, ਬੈੱਲ ਮਾਰਨ ਦੀ ਕੀ ਲੋੜ ਐ। *(ਨਰਿੰਦਰ ਆ ਕੇ ਭਜਨ ਨਾਲ ਹੱਥ ਮਿਲਾਉਂਦਾ ਹੈ।ਫੋਨ ਦੀ ਘੰਟੀ ਬੰਦ ਹੋ ਜਾਂਦੀ ਹੈ)*

ਭਜਨ : ਸੁੱਖ ਐ ਭਾਬੀ ਜੀ ਬੜੇ ਚੁੱਪ ਚੁੱਪ ਲਗਦੇ ਓ? ਲਗਦੈ ਬਹੂ ਨੇ ਆਉਂਦੀ ਨੇ ਅੱਖਾਂ ਦਿਖਾ ਦਿੱਤੀਆਂ, ਅਜੇ ਤਾਂ ਅੱਗੇ ਅੱਗੇ ਦੇਖਿਉ ਕੀ ਬਣਦੈ, ਬਹੂ ਵੀ ਤੁਸੀਂ ਡਾਕਟਰਨੀ ਲੱਭੀ ਐ।

ਨਰਿੰਦਰ : ਤਾਂਹੀਉਂ ਤਾਂ ਸਾਰੇ ਟੱਬਰ ਨੂੰ ਜ਼ਹਿਰ ਦੇ ਟੀਕੇ ਲਾਗੀ।

ਭਜਨ : ਬਈ ਕੀ ਬੁਝਾਰਤਾਂ ਜਿਹੀਆਂ ਪਾਉਣ ਲੱਗ ਪਏ, ਸਭ ਠੀਕ ਤਾਂ ਹੈ।

ਨਰਿੰਦਰ : ਭਜਨ ਸਿਆਂ, ਗੱਲ ਦੱਸਦਿਆਂ ਨੂੰ ਵੀ ਸ਼ਰਮ ਆਉਂਦੀ ਹੈ, ਪਰ ਹੁਣ ਤੇਰੇ ਤੋਂ ਕੀ ਲੁਕੋ, ਸਤਿੰਦਰ ਏਅਰਪੋਰਟ ਤੋਂ ਹੀ ਸਾਡੇ ਨਾਲ ਨਹੀਂ ਆਈ।

ਭਜਨ : ਤੁਹਾਡੇ ਨਾਲ ਨੀ ਆਈ, ਫੇਰ ਕਿੱਥੇ ਚਲੀ ਗਈ?

ਨਰਿੰਦਰ : ਅਮਰੀਕ ਸੱਗੂ ਹੋਰੀਂ ਨੇ ਨਾ, ਜਿਹੜੇ ਮਾਲਟਨ 'ਚ ਰਹਿੰਦੇ ਨੇ, ਸਤਿੰਦਰ ਦੇ ਮਾਮੇ ਦੇ ਦੋਸਤ ਨੇ।

ਭਜਨ : ਹਾਂ, ਹਾਂ ਮੈਂ ਜਾਣਦਾ।

ਨਰਿੰਦਰ : ਉਹ ਆਏ ਸੀ ਏਅਰਪੋਰਟ ਤੇ ਸਤਿੰਦਰ ਉਨ੍ਹਾਂ ਦੀ ਕਾਰ 'ਚ ਬੈਠ ਕੇ ਉਨ੍ਹਾਂ ਦੇ ਨਾਲ ਹੀ ਚਲੀ ਗਈ।

ਬਲਵੰਤ : ਮੈਂ ਤੇ ਗੈਰੀ ਤਾਂ ਉਹਦੇ ਮਗਰ ਵੀ ਭੱਜੇ, ਸਾਨੂੰ ਲੱਗਿਆ ਸ਼ਾਇਦ ਸਤਿੰਦਰ ਨੂੰ ਭੁਲੇਖਾ ਪੈ ਗਿਆ, ਪਰ ਉਹ ਤਾਂ ਸਾਡੇ ਵੱਲ ਝਾਕੀ ਤੱਕ ਨਹੀਂ।

ਭਜਨ : ਬਈ ਆਹ ਤਾਂ ਜੱਗੋਂ ਤੇਰ੍ਹਵੀਂ ਕਰਗੀ, ਨਹੀਂ ਤਾਂ ਭੱਜਣ ਵਾਲੇ ਮੁੰਡੇ ਕੁੜੀਆਂ ਪਹਿਲਾਂ ਘਰ ਜ਼ਰੂਰ ਆਉਂਦੇ ਨੇ, ਫੇਰ ਭਾਵੇਂ ਬਣੀ ਬਣਾਈ ਸਕੀਮ ਮੁਤਾਬਕ ਹਫਤੇ ਬਾਅਦ ਹੀ ਸਤ ਸ੍ਰੀ ਅਕਾਲ ਬੁਲਾ ਜਾਣ।

*(ਫੋਨ ਦੀ ਬੈੱਲ ਫਿਰ ਵੱਜਦੀ ਹੈ ਤੇ ਬਲਵੰਤ ਉੱਠ ਕੇ ਚਲੀ ਜਾਂਦੀ ਹੈ।)*

ਨਰਿੰਦਰ : ਪਰ ਇਹ ਤਾਂ ਪਤੰਦਰ ਦੀ ਬਹੁਤੀ ਤੇਜ਼ ਨਿਕਲੀ।

ਭਜਨ : ਡਾਕਟਰ ਮਰੀਜ਼ਾਂ ਨੂੰ ਬਚਾਉਣ ਲਈ ਹਮੇਸ਼ਾ ਹੀ ਜਲਦੀ ਕਰਦੇ ਨੇ, ਬਸ ਆਦਤ ਮੁਤਾਬਕ ਉਹਨੇ ਇਹ ਕੰਮ ਵੀ ਜਲਦੀ 'ਚ ਹੀ ਕਰ ਲਿਐ।

ਨਰਿੰਦਰ : ਮੈਨੂੰ ਤਾਂ ਇਹ ਨੀ ਸਮਝ ਲੱਗਦੀ ਬਈ ਇਹ ਲੋਕ ਮਨ 'ਚ ਮੈਲ ਰੱਖ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਲਾਵਾਂ ਹੀ ਕਿਉਂ ਲੈਂਦੇ ਨੇ?

ਭਜਨ : ਅੱਜਕੱਲ੍ਹ ਤਾਂ ਲੋਕਾਂ ਨੇ ਰੱਬ ਦਾ ਵੀ ਭੇਤ ਜਿਹਾ ਹੀ ਪਾ ਲਿਆ, ਬਈ ਕੰਮ ਕੱਢੋ ਤੇ ਬਾਅਦ 'ਚ ਭੁੱਲ ਬਖਸ਼ਾਲੋ, ਨਾਲੇ ਸਿੱਧੀ ਉਂਗਲੀ ਘਿਉ ਨਿਕਲਦਾ ਵੀ ਕਿਥੇ ਐ?

ਬਲਵੰਤ : *(ਆ ਕੇ ਬੈਠਦੀ ਹੋਈ)* ਏਧਰ ਆਹ ਰਿਸ਼ਤੇਦਾਰ ਫੋਨ ਕਰਨੋ ਨੀ ਹੱਟਦੇ।

ਨਰਿੰਦਰ : ਜਿਹੜਾ ਪੁੱਛਦੈ, ਉਹਨੂੰ ਕਹਿ ਦੇ ਫਲਾਈਟ ਲੇਟ ਹੋ ਗਈ, ਨਾਲੇ ਅੰਬਰਸਰ ਵਾਲੀ ਫਲਾਈਟ ਅੱਗੇ ਕਿਹੜਾ ਕਦੇ ਟਾਈਮ ਨਾਲ ਆਈ ਐ।

ਭਜਨ : ਮੈਂ ਤਾਂ ਕਹਿਨਾ ਬਾਰ ਬਾਰ ਪੁੱਛਣ ਪਛਾਉਣ ਵਾਲਾ ਕੰਮ ਹੀ ਮੁਕਾ ਦਿਉ।

ਨਰਿੰਦਰ : ਉਹ ਕਿਵੇਂ?

ਅਮਰ : ਕਹਿ ਦਿਉ, ਜਹਾਜ ਹਾਈਜੈਕ ਕਰ ਲਿਆ ਅੱਤਵਾਦੀਆਂ ਨੇ।

ਨਰਿੰਦਰ : ਲੋਕ ਤਾਂ ਬੁਰੇ ਦੇ ਘਰ ਤੱਕ ਜਾਂਦੇ ਨੇ, ਕੀਹਨੇ ਸੱਚ ਮੰਨਣਾ

ਭਜਨ : ਅਮਰੀਕਾਂ ਵਾਲੇ ਹਰ ਮਾੜੀ ਘਟਨਾ ਅਲ-ਕਾਇਦਾ ਦੇ ਸਿਰ ਮੜ ਦਿੰਦੇ ਨੇ, ਲੋਕ ਸੱਚ ਮੰਨਣ, ਨਾ ਮੰਨਣ ਇਹ ਉਹਨਾਂ ਦੀ ਸਿਰਦਰਦੀ ਹੁੰਦੀ ਐ

ਨਵੀ : ਮੰਮੀ ਸਰੀ ਵਾਲੀ ਮਾਸੀ ਦਾ ਫੋਨ ਐ, ਪੁੱਛਦੀ ਐ ਪਾਰਟੀ ਕਦੋਂ ਰੱਖੀ ਐ?

ਬਲਵੰਤ : ਉਹਨੂੰ ਕਹਿਦੇ ਮੰਮੀ ਘਰ ਨੀ

ਭਜਨ : ਮੇਰਾ ਤਾਂ ਖਿਆਲ ਐ ਹੁਣ ਨਵੀ ਨੂੰ ਦੱਸਣ ਦੀ ਲੋੜ ਨੀ, ਉਹਦੀ ਮਾਸੀ ਨੇ ਸੁਣ ਹੀ ਲਿਆ ਹੋਣਾ।

ਨਰਿੰਦਰ : ਆਪਾਂ ਤਾਂ ਅਗਲੇ ਹਫ਼ਤੇ ਪਾਰਟੀ ਵੀ ਰੱਖੀ ਹੋਈ ਐ, ਭਜਨ ਤੂੰ ਹੀ ਹਾਲ ਬੁੱਕ ਕੀਤਾ ਸੀ, ਫੋਨ ਕਰਕੇ ਕੈਂਸਲ ਕਰਵਾ ਦੇਵੀਂ।

ਭਜਨ : ਲਗਦੈ ਹਾਲ ਵਾਲੇ ਦੀ ਕਿਸਮਤ ਆਪਾਂ ਤੋਂ ਵੀ ਮਾੜੀ ਐ। ਮੈਂ ਤਾਂ ਕਹਿਨਾ ਦੋ ਦਿਨ ਦੇਖ ਲੈਨੇ ਐਂ।

ਨਰਿੰਦਰ : ਉਹਦੀ ਕੀ ਉਡੀਕ ਕਰੀਏ ਜਿਹੜੀ ਸਾਡੇ ਏਅਰਪੋਰਟ 'ਤੇ ਖੜਿਆਂ ਦੇ ਮੂੰਹ 'ਤੇ ਚਪੇੜ ਮਾਰ ਕੇ ਚਲੀ ਗਈ।

ਭਜਨ : ਪਤਾ ਨੀ ਕਿੰਨੀਆਂ ਕੁ ਦੀਆਂ ਚਪੇੜਾਂ ਮਾਰ ਗਈਆਂ।

ਬਲਵੰਤ : ਕਿਸੇ ਬਾਰੇ ਕਦੇ ਚੰਗਾ ਵੀ ਸੋਚਿਆ ਕਰ।

ਭਜਨ : ਆਇਆ ਤਾਂ ਮੈਂ ਵੀ ਚੰਗਾ ਹੀ ਸੋਚ ਕੇ ਸੀ ਬਈ ਖੁਸ਼ੀ ਦਾ ਦਿਨ ਐ, ਦੋ ਚਾਰ ਪੈੱਗ ਲਾਵਾਂਗੇ, ਪਰ ਹੁਣ ਤਾਂ ਗਮ 'ਚ ਹੀ ਪੀਣੀ ਪੈਣੀ ਐ *(ਉੱਠ ਕੇ ਕਿਚਨ ਵੱਲ ਜਾਂਦਾ ਹੈ)* ਬੋਤਲ ਵੀ ਕਿਚਨ 'ਚ ਹੀ ਰੱਖੀ ਪਈ ਐ।

ਬਲਵੰਤ : *(ਥੋੜਾ ਜਿਹਾ ਨਰਿੰਦਰ ਵਲ ਨੂੰ ਨੇੜੇ ਹੁੰਦੀ ਹੋਈ)* ਸਾਡੇ ਤੇ ਕੀ ਬਿਪਤਾ ਬਣੀ ਹੋਈ ਐ, ਇਹਨੂੰ ਪੈਗ ਲਾਉਣ ਦੀ ਪਈ ਹੋਈ ਐ।

ਨਰਿੰਦਰ : ਭਲੀਏ ਕੀਹਦੇ ਕੋਲ ਟਾਇਮ ਹੈ, ਕਿਸੇ ਦਾ ਦੁੱਖ ਵੰਡਾਉਣ ਲਈ, ਅੱਜ ਕੱਲ ਹਰ ਬੰਦਾ ਬਿਜ਼ਨਿਸ ਦੇ ਹਿਸਾਬ ਕਿਤਾਬ ਨਾਲ ਹੀ ਸੋਚਦੇ।

ਭਜਨ : ਬਈ ਆਪਾਂ ਤਾਂ ਆਪਣੇ ਦੋ ਲੰਡੂ ਜਿਹੇ ਪੈਗ ਲਾ ਲਏ, ਹੁਣ ਮੈਂ ਚਲਦਾ *(ਥੋੜਾ ਜਿਹਾ ਰੁਕ ਕੇ)* ਪਾਰਟੀ ਤਾਂ ਫਿਰ ਹੁਣ ਕੈਂਸਲ ਹੀ ਹੈ ਨਾ।

ਨਰਿੰਦਰ : ਤੈਨੂੰ ਕੀ ਲਗਦੈ ਹੁਣ ਬਹੂ ਭੱਜਣ ਦੀ ਖੁਸ਼ੀ 'ਚ ਪਾਰਟੀ ਰੱਖੀਏ

ਭਜਨ : ਆਪਣੀ ਕਮਿਊਨਟੀ 'ਚ ਚਲਦੈ, ਕਈ ਤਾਂ ਬਹੂ ਨੂੰ ਕੁੱਟ-ਕੁੱਟ ਕੇ ਭਜਾਉਂਦੇ ਨੇ, ਬਈ ਪਹਿਲੀ ਭੱਜੇ, ਫੇਰ ਚੰਗਾ ਦਾਜ ਲੈ ਕੇ ਦੂਜੀ ਲਿਆਈਏ।

ਬਲਵੰਤ : ਤੇਰੇ ਨਾਲ ਕਦੇ ਇਹੋ ਜਿਹੀ ਹੋਈ ਨੀ, ਤੈਨੂੰ ਤਾਂਹੀਓਂ ਗੱਲਾਂ ਆਉਂਦੀਆਂ ਨੇ। ਸਿਆਣੇ ਠੀਕ ਹੀ ਕਹਿੰਦੇ ਨੇ,

ਜਿਸ ਤਨ ਲਾਗੇ ਸੋ ਤਨ ਜਾਣੇ'

ਭਜਨ : ਬਈ ਮੈਂ ਹੁਣ ਚੱਲਿਆਂ। *(ਬਾਹਰ ਨੂੰ ਤੁਰਦਾ ਹੋਇਆ ਜਾਂਦਾ ਹੈ)*

ਬਲਵੰਤ : ਹੋਰ ਪਤਾ ਨੀ ਅਜੇ ਕੀਹਦੀਆਂ-ਕੀਹਦੀਆਂ ਸੁਣਨੀਆਂ ਪੈਣੀਆਂ ਨੇ।

ਨਰਿੰਦਰ : ਦੇਖ ਕਿਵੇਂ ਦੂਜਿਆਂ ਦਾ ਮਜ਼ਾਕ ਉਡਾਉਂਦਾ। ਇਹ ਬੜਾ ਬੇਸ਼ਰਮਾਂ ਦਾ ਟੱਬਰ ਐ, ਇਹਦਾ ਛੋਟਾ ਭਰਾ ਆਪਣੀ ਹੀ ਘਰਵਾਲੀ ਨੂੰ, ਪੁਛਿਆ ਦੇਣ ਵਾਲੇ ਬਾਬੇ ਦੇ ਹੀ ਸਿਰ ਧਰਨ ਨੂੰ ਫਿਰਦਾ ਸੀ। ਅਖੇ ਪਿਛਲੇ ਜਨਮ 'ਚ ਇਹ ਬਾਬੇ ਦੀ ਹੀ ਘਰਵਾਲੀ ਸੀ। ਉਹਨਾਂ ਦਿਨਾਂ 'ਚ ਭਜਨ ਦਾ ਮੂੰਹ ਦੇਖਣ ਵਾਲਾ ਸੀ।

ਬਲਵੰਤ : ਲੋਕਾਂ ਨੇ ਬਥੇਰੀ ਤੋਏ-ਤੋਏ ਕੀਤੀ ਸੀ। ਬਾਬੇ ਦੀ ਤੇ ਇਹਨਾਂ ਦੇ ਟੱਬਰ ਦੀ।

*(ਬੈੱਲ ਵੱਜਦੀ ਹੈ, ਨਰਿੰਦਰ ਉੱਠ ਕੇ ਦੇਖਣ ਲਗਦਾ ਹੈ, ਹਰਮੇਲ ਦਾਖਲ ਹੁੰਦਾ ਹੈ)*

ਹਰਮੇਲ : *(ਸੋਫ਼ੇ 'ਤੇ ਬੈਠਦਾ)* ਇਹ ਤਾਂ ਮਾੜਾ ਹੀ ਹੋਇਆ।

ਨਰਿੰਦਰ : ਚਲੋ, ਜਹਾਜ਼ ਤਾਂ ਲੇਟ ਹੋ ਹੀ ਜਾਂਦੈ। *(ਨਰਿੰਦਰ ਗੱਲ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦਾ ਹੈ)*

ਹਰਮੇਲ : ਜਹਾਜ਼ ਲੇਟ? ਮੈਂ ਕੁਝ ਸਮਝਿਆ ਨੀ।

ਬਲਵੰਤ : ਏਦਾਂ ਹੀ ਕੁਝ ਹੋ ਗਿਆ, ਸਮਝ ਤਾਂ ਸਾਨੂੰ ਵੀ ਨਹੀਂ ਲੱਗੀ।

ਹਰਮੇਲ : ਪਰ ਆਹ ਭਜਨ ਮੈਨੂੰ ਹੁਣੇ ਦੱਸਦਾ ਸੀ, ਬਹੂ ਏਅਰਪੋਰਟ ਤੋਂ ਹੀ ਚਲੀ ਗਈ।

ਨਰਿੰਦਰ : ਬੜਾ ਚਬਲ ਬੰਦਾ ਭਜਨ ਵੀ, ਸਾਨੂੰ ਕੁਝ ਹੋਰ ਕਹਿ ਗਿਐ, ਤੇ ਤੈਨੂੰ ਕੁਝ ਹੋਰ।

ਹਰਮੇਲ : ਅਮਰੀਕ ਸੱਗੂ ਹੋਰਾਂ ਨਾਲ ਤਾਂ ਆਪਣੀ ਕੋਈ ਦੁਸ਼ਮਣੀ ਨਹੀਂ ਸੀ, ਉਹਨਾਂ ਨੇ ਇਹ ਚੰਗਾ ਨੀ ਕੀਤਾ।

ਬਲਵੰਤ : ਉਹਨਾਂ ਨੂੰ ਕਿਸੇ ਨਾਲ ਕੀ, ਉਹਨਾਂ ਨੂੰ ਤਾਂ ਲੱਭੀ ਲਭਾਈ ਸੋਨੇ ਦੀ ਖਾਣ ਮਿਲਗੀ।

ਨਰਿੰਦਰ : ਪਰ ਸਤਿੰਦਰ ਹੁਣ ਸਾਰੀ ਉਮਰ ਪਛਤਾਊ, ਇਹਨਾਂ ਠੱਗਾਂ ਦੇ ਚੁੰਗਲ 'ਚੋਂ ਹੁਣ ਸੌਖੀ ਨੀ ਨਿਕਲ ਸਕਦੀ, ਉਹਦੀ ਹਾਲਤ ਤਾਂ ਹੁਣ, ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ, ਵਾਲੀ ਹੋਵੇਗੀ। ਦੇਖ ਲਿਉ। ਤੁਹਾਡੇ ਸਾਹਮਣੇ ਹੀ ਐ।

ਹਰਮੇਲ : ਬਾਈ, ਬੰਦਾ ਜਨਾਨੀ ਨੂੰ ਛੱਡ ਦੇਵੇ, ਆਪਣੀ ਕਮਿਊਨਟੀ 'ਚ ਚਲਦੈ, ਪਰ ਜੇ ਜਨਾਨੀ ਆਪਣੇ ਘਰ ਵਾਲੇ ਦੇ ਏਦਾਂ ਮੂੰਹ 'ਤੇ ਥੁੱਕ ਕੇ ਚਲੀ ਜਾਵੇ ਫੇਰ ਤਾਂ ਬੰਦੇ ਦਾ ਮਰਨ ਹੀ ਹੋ ਜਾਂਦੇ।

ਬਲਵੰਤ : ਵੇ ਹਰਮੇਲ ਤੇਰੇ ਮੂੰਹੋਂ, ਇਹ ਗੱਲ ਸੋਭਦੀ ਨੀ, ਤੂੰ ਕੈਨੇਡਾ ਪਹੁੰਚ ਕੇ ਮਹੀਨੇ ਬਾਅਦ ਹੀ ਆਪਣੀ ਘਰਵਾਲੀ ਨੂੰ ਛੱਡ ਦਿੱਤਾ ਸੀ, ਤੈਨੂੰ ਕੀ ਲਗਦੈ ਉਹਨੂੰ ਵਿਚਾਰੀ ਨੂੰ ਕੋਈ ਦੁੱਖ ਨੀ ਹੋਇਆ ਹੋਊ।

ਨਰਿੰਦਰ : ਬਲਵੰਤ, ਇਹਦੇ ਵਿਚ ਹਰਮੇਲ ਦਾ ਇੰਨਾ ਕਸੂਰ ਨਹੀ, ਮੈਂ ਹੀ ਇਹਨੂੰ ਫੋਨ ਕਰਕੇ ਮਨਾਇਆ ਸੀ, ਬਈ ਹੁਣ ਵਿਆਹ ਕਰਵਾ ਲੈ, ਬਾਅਦ 'ਚ ਨਾ ਚੰਗੀ ਲੱਗੀ ਤਾਂ ਇਥੇ ਆ ਕੇ ਛੱਡ ਦੇਵੀਂ।

ਬਲਵੰਤ : ਨਾ ਤੁਸੀਂ ਤਾਂ ਕਹਿੰਦੇ ਸੀ, ਆਪਾਂ ਉਸ ਵਿਚਾਰੀ ਦੀ ਮੱਦਦ ਕਰਨੀ ਐ।

ਨਰਿੰਦਰ : ਉਹਦੇ ਘਰ ਵਾਲਾ ਸ਼ਰਾਬੀ-ਕਬਾਬੀ ਸੀ, ਕੁੱਟਦਾ-ਮਾਰਦਾ ਸੀ, ਹਮਦਰਦੀ ਕਰਕੇ ਹੀ ਮੈਂ ਉਸਨੂੰ ਆਪਣੇ ਘਰ ਲੈ ਕੇ ਆਇਆ ਸੀ।

ਬਲਵੰਤ : ਆਹ ਹਮਦਰਦੀ ਐ, ਬਈ ਉਹਦੇ ਨਾਲ ਤੁਸੀਂ ਆਪਣੇ ਭਰਾ ਨੂੰ ਕਨੇਡਾ ਕੱਢਿਆ ਤੇ ਬਾਅਦ 'ਚ ਉਹਨੂੰ ਵਿਚਾਰੀ ਨੂੰ ਦੇ ਦਿੱਤਾ ਤਲਾਕ, ਇਸ ਤੋਂ ਵੀ ਵੱਧ ਕੋਈ ਇਨਸਾਨ ਗਿਰ ਸਕਦੈ।

ਹਰਮੇਲ : ਕਮਾਲ ਐ... ਤੁਸੀਂ ਤਾਂ ਆਪਣੀ ਬਹੂ ਵਾਲਾ ਸਾਰਾ ਗੁੱਸਾ ਮੇਰੇ 'ਤੇ ਹੀ ਕੱਢ ਰਹੇ ਹੋ *(ਉੱਠ ਕੇ ਤੁਰਦਾ ਹੋਇਆ)* ਕਿਸੇ ਨਾਲ ਹਮਦਰਦੀ ਕਰਨ ਦਾ ਵੀ ਵਕਤ ਨੀ ਰਿਹਾ।

ਨਰਿੰਦਰ : ਬਲਵੰਤ, ਹੁਣ ਪੁਰਾਣੇ ਜਖ਼ਮਾਂ ਨੂੰ ਉਧੇੜਨ ਦਾ ਕੋਈ ਫਾਇਦਾ ਨੀ, ਸੱਚ ਤਾਂ ਇਹ ਹੈ ਕਿ ਹਰਮੇਲ ਨੂੰ ਐੱਮ ਏ ਕਰਨ ਤੋਂ ਬਾਅਦ ਵੀ ਕੋਈ ਨੌਕਰੀ ਨਹੀਂ ਸੀ ਮਿਲੀ। ਜ਼ਮੀਨ ਥੋੜ੍ਹੀ ਸੀ, ਉੱਥੇ ਉਹ ਕੰਮ ਕਰਕੇ ਰਾਜ਼ੀ ਨਹੀਂ ਸੀ। ਹਰ ਕਿਸਮ ਦਾ ਨਸ਼ਾ ਕਰਨ ਲੱਗ ਪਿਆ ਸੀ। ਇਸ ਨੂੰ ਏਧਰ ਕੱਢਣ ਲਈ ਹੀ ਇਹ ਸਭ ਕੁਝ ਕੀਤਾ ਸੀ।

ਬਲਵੰਤ : ਪਰ ਜਦੋਂ ਹਰਮੇਲ ਨੇ ਡਿੰਪੀ ਨੂੰ ਤਲਾਕ ਦਿੱਤਾ, ਉਦੋਂ ਉਹ ਇਸਦੇ ਬੱਚੇ ਦੀ ਮਾਂ ਬਣਨ ਵਾਲੀ ਸੀ, ਤਲਾਕ ਬਾਰੇ ਸੁਣ ਕੇ ਤਾਂ ਡਿਪਰੈਸ਼ਨ ਵਿਚ ਆ ਗਈ ਸੀ। ਤੁਸੀਂ ਆਪਣੇ ਭਰਾ ਨੂੰ ਸਮਝਾਉਣ ਦੀ ਬਜਾਏ ਪੁਲੀਸ ਬੁਲਾ ਕੇ ਉਹਨੂੰ ਮੈਂਟਲ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੁਸੀਂ ਡਿੰਪੀ ਨਾਲ ਇਹ ਧੋਖਾ ਕਰਨੈ, ਤਾਂ ਮੈਂ ਉਸ ਨੂੰ ਕਦੇ ਵੀ ਤੁਹਾਡੀ ਇਸ ਚਾਲ ਵਿਚ ਨਾ ਫਸਣ ਦਿੰਦੀ।

ਨਰਿੰਦਰ : ਭੁੱਲ ਵੀ ਜਾ ਹੁਣ ਇਸ ਗੱਲ ਨੂੰ। *(ਗੈਰੀ ਅੰਦਰ ਆਉਂਦਾ ਹੈ)*

ਨਰਿੰਦਰ : ਗੈਰੀ ਕਿਥੇ ਚਲਿਆ ਗਿਆ ਸੀ ਤੂੰ? ਅਸੀਂ ਤੈਨੂੰ ਥਾਂ-ਥਾਂ ਲਭਦੇ ਰਹੇ।

ਗੈਰੀ : ਡੈਡੀ ਮੈਂ ਸੱਗੂ ਹੋਰਾਂ ਦੇ ਘਰ ਗਿਆ ਸੀ, ਸਤਿੰਦਰ ਤੋਂ ਇਹ ਪੁੱਛਣ ਲਈ ਕਿ ਉਹਨੇ ਇਹ ਸਭ ਕਿਉਂ ਕੀਤੈ।

ਨਰਿੰਦਰ : ਜਿਸ ਜਨਾਨੀ ਨੇ ਏਡਾ ਵੱਡਾ ਕਦਮ ਚੁੱਕ ਲਿਆ, ਹੁਣ ਉਸਦੇ ਪਿੱਛੇ-ਪਿੱਛੇ ਫਿਰਨ ਦਾ ਕੋਈ ਫਾਇਦਾ ਨਹੀਂ।

ਗੈਰੀ : ਤੁਸੀਂ ਮੈਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ

ਨਰਿੰਦਰ : ਸਾਡੇ ਤੇ ਗੁੱਸਾ ਕਿਉਂ ਕਰ ਰਿਹੈ?

ਗੈਰੀ : ਮੈਂ ਇੱਥੇ, ਜਿਸ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ, ਉਸ ਕੁੜੀ ਨਾਲ ਤੁਹਾਨੂੰ ਇਹ ਤਕਲੀਫ ਸੀ ਕਿ ਉਹ ਕੁੜੀ ਜੱਟ ਨਹੀਂ, ਉਹ ਸੈਣੀਆਂ ਦੀ ਕੁੜੀ ਹੈ। ਵੈਸੇ ਉਹ ਪੰਜਾਬੀ ਨੇ, ਸਿੱਖ ਧਰਮ 'ਚ ਵਿਸ਼ਵਾਸ ਰੱਖਦੇ ਨੇ। ਪਰ ਤੁਹਾਨੂੰ ਖੁਸ਼ ਕਰਨ ਲਈ, ਮੈਨੂੰ ਪੰਜਾਬ 'ਚ ਜਾ ਕੇ ਵਿਆਹ ਕਰਵਾਉਣਾ ਪਿਆ।

ਬਲਵੰਤ : ਅਸੀਂ ਤਾਂ ਤੇਰੇ ਲਈ ਜੱਟਾਂ ਦੀ ਕੁੜੀ, ਉਹ ਵੀ ਡਾਕਟਰਨੀ ਲੱਭੀ ਸੀ, ਵਿਆਹ ਵੀ ਚੰਗਾ ਕੀਤਾ ਸੀ, ਪਰ ਜੇ ਹੁਣ ਕੁੜੀ ਹੀ ਧੋਖਾ ਦੇਗੀ, ਇਹਦੇ 'ਚ ਸਾਡਾ ਕੀ ਕਸੂਰ?

ਗੈਰੀ : ਮੈਨੂੰ ਤਾਂ ਅੱਜ ਹੀ ਪਤਾ ਲੱਗਿਆ, ਸਤਿੰਦਰ ਮੇਰੇ ਨਾਲ ਵਿਆਹ ਕਰਵਾਉਣ 'ਚ ਇੰਟਰਸਟਡ ਹੀ ਨਹੀਂ ਸੀ, ਇਹ ਉਸਨੇ ਆਪਣੀ ਮਾਂ ਨੂੰ ਵੀ ਦੱਸ ਦਿੱਤਾ ਸੀ।

ਨਰਿੰਦਰ : ਫੇਰ ਉਸ ਦੇ ਮਾਂ ਪਿਉ ਨੇ, ਸਾਨੂੰ ਧੋਖੇ 'ਚ ਕਿਉਂ ਰੱਖਿਐ?

ਗੈਰੀ : ਉਹਨਾਂ ਨੂੰ ਆਪ ਕੈਨੇਡਾ ਪਹੁੰਚਣ ਦਾ ਲਾਲਚ ਸੀ, ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਮਾਂ ਪਿਉ ਆਪਣੇ ਮਤਲਬ ਕੱਢਣ ਲਈ ਆਪਣੀ ਹੀ ਔਲਾਦ ਦੇ ਸੌਦੇ ਕਿਉਂ ਕਰਦੇ ਨੇ।

ਬਲਵੰਤ : ਪੁੱਤ ਤੂੰ ਅੱਪ-ਸੈਟ ਨਾ ਹੋ, ਮੈਂ ਹੀ ਸਤਿੰਦਰ ਦੀ ਮਿੰਨਤ ਕਰਕੇ ਦੇਖ ਲੈਨੀ ਆਂ।

ਗੈਰੀ : ਮਾਂ ਤੁਹਾਨੂੰ ਹੁਣ ਕੁਝ ਵੀ ਕਰਨ ਦੀ ਲੋੜ ਨਹੀਂ, ਸਤਿੰਦਰ ਮੇਰੇ ਨਾਲ ਰਹਿਣਾ ਨਹੀਂ ਚਾਹੁੰਦੀ, ਤੇ ਮੈਂ ਜ਼ਬਰਦਸਤੀ ਕਿਸੇ ਨੂੰ ਰੱਖਣਾ ਨਹੀਂ ਚਾਹੁੰਦਾ ਸੋ ਅਸੀਂ ਦੋਹਾਂ ਨੇ ਤਲਾਕ ਕਰਨ ਦਾ ਫੈਸਲਾ ਕਰ ਲਿਆ *(ਉੱਠ ਕੇ ਤੁਰ ਜਾਂਦਾ ਹੈ)*

ਨਰਿੰਦਰ : ਕੀ ਕਿਹੈ ਤਲਾਕ

ਬਲਵੰਤ : ਆਹ ਦੇਖ ਲਵੋ, ਜਿਹੜਾ ਟੋਆ ਤੁਸੀਂ ਕਿਸੇ ਲਈ ਪੁੱਟਿਆ ਸੀ, ਅੱਜ ਅਸੀਂ ਉਸ ਟੋਏ ਵਿਚ ਡਿੱਗ ਪਏ ਆਂ, ਬਾਬੇ ਨਾਨਕ ਨੇ ਠੀਕ ਹੀ ਕਿਹੈ, 'ਮੰਦੇ ਕੰਮੀ ਨਾਨਕਾ' ਜਦ ਕਦ ਮੰਦਾ ਹੋਏ'

ਨਰਿੰਦਰ : ਬਲਵੰਤ ਤੂੰ ਠੀਕ ਹੀ ਕਹਿਨੀ ਐ, ਆਪਦੇ ਭਰਾ ਨੂੰ ਏਧਰ ਕੱਢਣ ਸਮੇਂ, ਤਲਾਕ ਨੂੰ ਮੈਂ ਸਿਰਫ ਇਕ ਲਫਜ਼ ਹੀ ਸਮਝਦਾ ਸੀ। ਪਰ ਤਲਾਕ ਦੀ ਚੀਸ ਇੰਨੀ ਦਰਦਨਾਕ ਹੁੰਦੀ ਏ ਉਸਦਾ ਪਤਾ ਤਾਂ ਮੈਨੂੰ ਅੱਜ ਹੀ ਲੱਗਿਐ, ਤਲਾਕ ਦਾ ਅਸਲ ਮਤਲਬ ਤਾਂ ਮੈਂ ਅੱਜ ਹੀ ਜਾਣ ਸਕਿਆ। ਅਸੀਂ ਆਪਣੇ ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਦੇ ਚੱਕਰ 'ਚ ਇੰਨੇ ਭ੍ਰਿਸ਼ਟ ਹੋ ਗਏ ਹਾਂ ਕਿ ਅਸੀਂ ਸਾਡੀਆਂ ਸਮਾਜਿਕ ਜ਼ੁੰਮੇਵਾਰੀਆਂ ਨੂੰ ਹੀ ਭੁੱਲ ਬੈਠੇ ਹਾਂ, ਵਿਆਹ ਵਰਗੇ ਪਵਿੱਤਰ ਰਿਸ਼ਤਿਆਂ ਲਈ ਵੀ ਕਿਸੇ 'ਤੇ ਵਿਸ਼ਵਾਸ਼ ਕਰਨਾ ਬੜਾ ਮੁਸ਼ਕਲ ਹੋ ਗਿਆ।

ਬਲਵੰਤ : ਗੈਰੀ ਪੁੱਤ, ਤੂੰ ਹੁਣ ਆਪਣੀ ਮਰਜ਼ੀ ਨਾਲ ਵਿਆਹ ਕਰੀਂ। ਤੇਰੇ ਪਿਉ ਨੇ ਬਥੇਰਾ ਧੱਕਾ ਕਰ ਲਿਆ।

ਨਰਿੰਦਰ : ਬੱਸ ਹੁਣ ਬਹੁਤ ਹੋ ਗਿਆ, ਇਹ ਕੁਦਰਤ ਵੱਲੋਂ ਮੈਨੂੰ ਦਿੱਤਾ ਸਬਕ ਹੈ। ਬੱਚਿਆਂ, ਛੋਟੇ ਭਰਾਵਾਂ ਦੀ ਜ਼ਿੰਦਗੀ ਦੀਆਂ ਲਗਾਮਾਂ ਆਪਣੇ ਹੱਥ 'ਚ ਫੜਨ ਦੀ ਕੋਸ਼ਿਸ਼ ਕਰਦਾ ਮੈਂ ਵਕਤ ਦੇ ਘੋੜੇ ਤੋਂ ਮੂਧੇ ਮੂੰਹ ਡਿੱਗਿਆ ਹਾਂ। ਸੌਰੀ ਬੇਟੇ ਸੌਰੀ। *(ਨਰਿੰਦਰ ਦੀਆਂ ਅੱਖਾਂ ਭਰ ਆਉਂਦੀਆਂ ਹਨ, ਪਿੱਠ ਭੂਮੀ ਤੋਂ ਗੀਤ ਦੀਆਂ ਸਤਰਾਂ ਗੂੰਜਦੀਆਂ ਹਨ)*

*ਰਿਸ਼ਤੇ ਤਾਂ ਹੋ ਗਏ ਖੋਖਲੇ,*
*ਡਾਲਰ ਟਿਕਾਊ ਹੋ ਗਿਆ,*
*ਮੰਡੀ ਦੀ ਵਸਤੂ ਹੈ ਵਿਆਹ,*
*ਬੰਦਾ ਵਿਕਾਊ ਹੋ ਗਿਆ।*

(ਹੌਲੀ ਹੌਲੀ ਪਰਦਾ ਡਿੱਗਦਾ ਹੈ)

ਹਿੰਦੀ ਨਾਵਲ ਦਾ ਅਨੁਵਾਦ – ਆਖਰੀ ਕਿਸ਼ਤ

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(‘ਧਰਤੀ ਧਨ ਨਾ ਆਪਣਾ’ ਪੰਜਾਬ ਦੇ ਇੱਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਆਖਰੀ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

**45**

ਮੱਕੀ ਅਤੇ ਬਾਜਰੇ ਦੀ ਫਸਲ ਵਧਣ ਦੇ ਨਾਲ-ਨਾਲ ਗਿਆਨੋ ਅਤੇ ਕਾਲੀ ਦੇ ਪਿਆਰ ਦੇ ਚਰਚੇ ਵੀ ਫੈਲਦੇ ਗਏ। ਫਸਲ ਦੀ ਗੁਡਾਈ ਦੌਰਾਨ ਘਾਹ ਕੱਢ ਦਿੱਤਾ ਜਾਂਦਾ ਹੈ ਤਾਂ ਕਿ ਉਹਨੂੰ ਕੋਈ ਨੁਕਸਾਨ ਨਾ ਪਹੁੰਚੇ। ਘਾਹ-ਫੂਸ ਫਿਰ ਉੱਗ ਆਉਂਦਾ ਤਾਂ ਦੁਬਾਰਾ ਗੁਡਾਈ ਕਰ ਦਿੱਤੀ ਜਾਂਦੀ। ਗਿਆਨੋ ਅਤੇ ਕਾਲੀ ਦੇ ਪਿਆਰ ਦੀਆਂ ਕਹਾਣੀਆਂ ਫੈਲਣ ਲੱਗਦੀਆਂ ਤਾਂ ਗਿਆਨੋ ਦੀ ਮਾਰ-ਕੁੱਟ ਅਤੇ ਫਿਟਕਾਰ ਨਾਲ ਉਹਨਾਂ ਨੂੰ ਘੱਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ। ਦੋਨਾਂ ਦੀਆਂ ਮੁਲਾਕਾਤਾਂ ਬੰਦ ਹੋ ਜਾਂਦੀਆਂ ਪਰ ਕੁਝ ਦਿਨਾਂ ਬਾਅਦ ਇਹ ਸਿਲਸਿਲਾ ਫਿਰ ਸ਼ੁਰੂ ਹੋ ਜਾਂਦਾ।

ਦੋਨਾਂ ਦੀ ਮੁਹੱਬਤ ਦੇ ਚਰਚੇ ਚਮ੍ਹਾਰਲੀ ਤੋਂ ਬਾਹਰ ਖੇਤਾਂ, ਹਵੇਲੀਆਂ ਅਤੇ ਦੁਕਾਨਾਂ ਉੱਤੇ ਵੀ ਹੋਣ ਲੱਗੇ। ਪਿੰਡ ਦੇ ਨੌਜਵਾਨਾਂ ਨੇ ਗਿਆਨੋ ਦੇ ਰੰਗ-ਰੂਪ ਅਤੇ ਚਾਲ-ਢਾਲ ਦੇ ਅਨੁਸਾਰ ਉਹਨੂੰ ਮੋਰਨੀ ਦਾ ਨਾਂ ਦੇ ਦਿੱਤਾ। ਅਤੇ ਜਦੋਂ ਲੋਕਾਂ ਨੂੰ ਵਿਸ਼ਵਾਸ ਹੋ ਗਿਆ ਕਿ ਮਾਰ-ਕੁੱਟ ਅਤੇ ਬੰਦਸ਼ਾਂ ਦੇ ਬਾਵਜੂਦ ਵੀ ਉਹਨਾਂ ਦਾ ਪਿਆਰ ਨਹੀਂ ਟੁੱਟਿਆ ਅਤੇ ਉਹ ਚੋਰੀ-ਛਿੱਪੀਂ, ਹਨ੍ਹੇਰੇ-ਸਵੇਰੇ, ਗਲਿਆਂ ਵਿੱਚ, ਖੇਤਾਂ ਵਿੱਚ, ਤਕੀਏ ਦੀਆਂ ਝਾੜੀਆਂ ਵਿੱਚ ਅਤੇ ਕੋਠਿਆਂ ਦੀਆਂ ਛੱਤਾਂ ’ਤੇ ਮਿਲਦੇ ਰਹਿੰਦੇ ਹਨ ਤਾਂ ਉਹਨਾਂ ਨੇ ਗਿਆਨੋ ਦੇ ਨਵੇਂ ਨਾਂ ਵਿੱਚ ਥੋੜ੍ਹੀ ਜਿਹੀ ਤਬਦੀਲੀ ਕਰਕੇ ਉਹਨੂੰ ‘ਕਾਲੀ ਦੀ ਮੋਰਨੀ’ ਕਹਿਣਾ ਸ਼ੁਰੂ ਕਰ ਦਿੱਤਾ।

ਚਮ੍ਹਾਰਲੀ ਦੇ ਨੌਜਵਾਨਾਂ ਦੇ ਨਾਲ ਜੱਟਾਂ ਦੇ ਮੁੰਡਿਆਂ ਨੇ ਵੀ ਇਹਨਾਂ ਚਰਚਿਆਂ ਤੋਂ ਫਾਇਦਾ ਲੈਣਾ ਚਾਹਾ। ਉਹਨਾਂ ਨੇ ਗਿਆਨੋ ਨਾਲ ਛੇੜ-ਛਾੜ ਸ਼ੁਰੂ ਕਰ ਦਿੱਤੀ, ਉਹਨੂੰ ਧਮਕੀਆਂ ਦਿੱਤੀਆਂ ਪਰ ਉਹ ਪਹਿਲਾਂ ਨਾਲੋਂ ਵੀ ਜ਼ਿਆਦਾ ਮੂੰਹ-ਫੱਟ ਅਤੇ ਨਿਡਰ ਬਣ ਗਈ। ਗਲੀ ਹੋਵੇ ਜਾਂ ਡੰਡੀ, ਖੇਤ ਹੋਵੇ ਜਾਂ ਹਵੇਲੀ, ਜਿੱਥੇ ਵੀ ਉਹਨੂੰ ਕੋਈ ਛੇੜਦਾ, ਉਹ ਗਾਲ੍ਹਾਂ ਕੱਢ ਦਿੰਦੀ ਅਤੇ ਕਈ ਵਾਰ ਤਾਂ ਹੱਥੋਪਾਈ ਲਈ ਵੀ ਤਿਆਰ ਹੋ ਜਾਂਦੀ।

ਚਮਾਰਾਂ ਦੇ ਮੁੰਡੇ ਕਾਲੀ ਦੇ ਸਾਹਮਣੇ ਤਾਂ ਚੁੱਪ ਰਹਿੰਦੇ ਪਰ ਉਹਦੀ ਗੈਰ-ਹਾਜ਼ਰੀ ਵਿੱਚ ਬਹੁਤ ਚਸਕੇ ਲੈ-ਲੈ ਕੇ ਦੋਨਾਂ ਬਾਰੇ ਗੱਲਾਂ ਕਰਦੇ। ਇਹ ਗੱਲਾਂ ਕਾਲੀ ਤੱਕ ਵੀ ਪਹੁੰਚਦੀਆਂ ਅਤੇ ਉਹ ਆਪਣਾ ਗੁੱਸਾ ਕੱਢਣ ਲਈ ਕਿਸੇ ਨਾ ਕਿਸੇ ਬਹਾਨੇ ਸਾਰਿਆਂ ਨਾਲ ਲੜ ਚੁੱਕਿਆ ਸੀ। ਜੱਟਾਂ ਦੇ ਮੁੰਡੇ ਉਹਨੂੰ ਘੇਰ ਕੇ ਪੁੱਛਦੇ ਕਿ ਉਹਦੇ ਕੋਲ ਕਿਹੜੀ ਗਿੱਦੜਸਿੰਗੀ ਹੈ ਜਿਸ ਨਾਲ ਉਹਨੇ ਗਿਆਨੋ ਨੂੰ ਵਸ ਵਿੱਚ ਕੀਤਾ ਹੋਇਆ ਹੈ, ਕਿਹੜਾ ਜਾਦੂ, ਟੂਣਾ, ਯੰਤਰ ਜਾਂ ਤਵੀਤ ਹੈ ਜਿਸ ਨਾਲ ਉਹਨੇ ਗਿਆਨੋ ਦੇ ਤਨ-ਮਨ ਉੱਤੇ ਆਪਣਾ ਅਧਿਕਾਰ ਕਰ ਲਿਆ ਹੈ। ਕਾਲੀ ਕਦੇ ਹਾਸੇ ਵਿੱਚ ਗੱਲ ਟਾਲ ਦਿੰਦਾ ਅਤੇ ਜੇ ਕੋਈ ਗਿਆਨੋ ਦੇ ਸੰਬੰਧ ਵਿੱਚ ਗਲਤ ਗੱਲ ਕਹਿੰਦਾ ਤਾਂ ਉਹ ਮਰਨ-ਮਾਰਨ ਨੂੰ ਵੀ ਤਿਆਰ ਹੋ ਜਾਂਦਾ।

ਚਮਾਰਾਂ ਦੇ ਮੁੰਡੇ ਡਰ ਦੇ ਮਾਰੇ ਮੰਗੂ ਨੂੰ ਤਾਂ ਕੁੱਝ ਨਾ ਕਹਿੰਦੇ ਪਰ ਜੱਟਾਂ ਦੇ ਮੁੰਡੇ ਉਹਨੂੰ ਕਿਸੇ ਨਾ ਕਿਸੇ ਤਰ੍ਹਾਂ ਜਤਾਉਂਦੇ ਰਹਿੰਦੇ ਕਿ ਉਹਦੀ ਭੈਣ ਕਾਲੀ ਨਾਲ ਫਸੀ ਹੋਈ ਹੈ। ਮੰਗੂ ਉਹਨਾਂ ਨੂੰ ਤਾਂ ਕੋਈ ਜਵਾਬ ਨਾ ਦਿੰਦਾ ਪਰ ਗਿਆਨੋ ਨੂੰ ਕੁੱਟਦਾ ਅਤੇ ਮਾਂ ਨੂੰ ਝਿੜਕਦਾ। ਕਾਲੀ ਨੂੰ ਉਹਨੂੰ ਦੇਖ ਕੇ ਬਹੁਤ ਗੁੱਸਾ ਆਉਂਦਾ ਪਰ ਉਹ ਇਸ ਖਿਆਲ ਨਾਲ ਚੁੱਪ ਰਹਿੰਦਾ ਕਿ ਜੇ ਗੱਲ ਵੱਧ ਗਈ ਤਾਂ ਪਿੰਡ ਦੇ ਵੱਡੇ ਬਜ਼ੁਰਗਾਂ ਤੱਕ ਵੀ ਜਾ ਪਹੁੰਚੇਗੀ।

ਲੋਕਾਂ ਨੂੰ ਇਹ ਤਾਂ ਪਤਾ ਸੀ ਕਿ ਗਿਆਨੋ ਅਤੇ ਕਾਲੀ ਆਪਸ ਵਿੱਚ ਮਿਲਦੇ ਰਹਿੰਦੇ ਹਨ ਪਰ ਅੱਜ ਤੱਕ ਉਹਨਾਂ ਨੂੰ ਕਿਸੇ ਨੇ ਦੇਖਿਆ ਨਹੀਂ ਸੀ। ਚਮਾਰਾਂ ਅਤੇ ਜੱਟਾਂ ਦੇ ਮੁੰਡਿਆਂ ਨੂੰ ਖੇਤਾਂ ਵਿੱਚ ਘੁੰਮਦਿਆਂ ਕਿਤੇ ਬਾਜਰੇ ਜਾਂ ਮੱਕੀ ਦੇ ਪੰਜ-ਦਸ ਡੰਡਲ ਢੱਠੇ ਹੋਏ ਦਿਸ ਪੈਂਦੇ ਤਾਂ ਉਹ ਇਕ-ਦੂਸਰੇ ਨੂੰ ਅੱਖ ਮਾਰ ਕੇ ਮੁਸਕਰਾਉਂਦੇ ਹੋਏ ਕਹਿੰਦੇ ਕਿ ‘ਕਾਲੀ ਦੀ ਮੋਰਨੀ’ ਸ਼ਾਇਦ ਇੱਥੇ ਪੈਲ ਪਾ ਕੇ ਗਈ ਹੈ।

ਲੋਕਾਂ ਦੀ ਤਾਂਕ-ਝਾਕ ਵਧਣ ਲੱਗੀ ਤਾਂ ਉਹਨਾਂ ਨੇ ਮੁਲਾਕਾਤ ਦੇ ਤਰੀਕੇ ਅਤੇ ਥਾਂ ਬਦਲ ਦਿੱਤੇ। ਕਾਲੀ ਬਹੁਤਾ ਚਿਰ ਲਾਲੂ ਭਲਵਾਨ ਦੀ ਹਵੇਲੀ ਵਿੱਚ ਰਹਿਣ ਲੱਗਾ। ਉਹ ਰਾਤ ਟਿਕ ਜਾਣ ਬਾਅਦ ਦੱਬੇ ਪੈਰੀਂ ਮੁਹੱਲੇ ਵਿੱਚ ਆਉਂਦਾ ਅਤੇ ਬਾਬੇ ਫੱਤੇ ਦੇ ਕੋਠੇ ਦੇ ਉੱਤੋਂ ਦੀ ਮੰਗੂ ਦੇ ਘਰ ਪਹੁੰਚ ਜਾਂਦਾ।

ਜਦੋਂ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਲੱਗ ਗਿਆ ਤਾਂ ਉਹ ਬਹੁਤ ਸਵੇਰੇ ਖੇਤਾਂ ਵਿੱਚ ਮਿਲਣ ਲੱਗੇ। ਉਹ ਦੋਵੇਂ ਅਲੱਗ-ਅਲੱਗ ਰਾਹਾਂ ਥਾਣੀਂ ਆਉਂਦੇ ਅਤੇ ਮਿੱਥੀ ਜਗਹ ’ਤੇ ਮਿਲ ਪੈਂਦੇ। ਦੋਨਾਂ ਨੇ ਕਈ ਵਾਰ ਇਕ-ਦੂਜੇ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕੀਤੀ ਅਤੇ ਕਦੇ ਨਾ ਮਿਲਣ ਦਾ ਇਰਾਦਾ ਕੀਤਾ ਪਰ ਇਹ ਇਰਾਦਾ ਦੋ-ਚਾਰ ਦਿਨਾਂ ਬਾਅਦ ਹੀ ਟੁੱਟ ਜਾਂਦਾ।

ਇਕ ਦਿਨ ਕਾਲੀ ਅਤੇ ਗਿਆਨੋ ਸਵੇਰੇ ਸਵੇਰੇ ਤਕੀਏ ਦੇ ਕੋਲ ਝਾੜੀਆਂ ਵਿੱਚ ਬੈਠੇ ਸਨ। ਉਹਨਾਂ ਨੂੰ ਨਾ ਤਾਂ ਭੂਤਾਂ-ਪ੍ਰੇਤਾਂ ਦਾ ਡਰ ਸੀ ਅਤੇ ਨਾ ਹੀ ਸੱਪ-ਸਪੋਲੀਏ ਦਾ। ਉਹਨਾਂ ਨੂੰ ਇਹ ਵੀ ਯਾਦ ਨਹੀਂ ਸੀ ਕਿ ਪਹੁ ਪਾਟ ਚੁੱਕੀ ਹੈ। ਪਰ ਕੁੱਝ ਫਾਸਲੇ ’ਤੇ ਉਹਨਾਂ ਨੂੰ ਕਿਸੇ ਦੇ ਖੰਘਣ

ਦੀ ਅਵਾਜ਼ ਸੁਣਾਈ ਦਿੱਤੀ ਅਤੇ ਉਹ ਚੌਂਕ ਗਏ। ਜਦੋਂ ਉਹਨਾਂ ਨੇ ਦੇਖਿਆ ਕਿ ਉਹ ਆਦਮੀ ਉਸ ਹੀ ਪਾਸੇ ਆ ਰਿਹਾ ਹੈ ਤਾਂ ਉਹ ਉੱਠ ਖੜ੍ਹੇ ਹੋਏ। ਕਾਲੀ ਤਕੀਏ ਦੇ ਪਿੱਛੇ ਖੇਤਾਂ ਵੱਲ ਨਿਕਲ ਗਿਆ ਅਤੇ ਗਿਆਨੋ ਝਾੜੀਆਂ ਤੋਂ ਬੱਚਦੀ ਬਚਾਉਂਦੀ ਚੋਅ ਵੱਲ ਆ ਗਈ। ਉਹ ਆਦਮੀ ਝਾੜੀਆਂ ਤੋਂ ਬਾਹਰ ਖੜਾ ਸੀ। ਗਿਆਨੋ ਉਹਨੂੰ ਆਪਣੇ ਸਾਹਮਣੇ ਦੇਖ ਕੇ ਰੁਕ ਗਈ ਤਾਂ ਉਹਨੇ ਅੱਗੇ ਵੱਧ ਕੇ ਗਿਆਨੋ ਦਾ ਹੱਥ ਫੜ ਲਿਆ ਅਤੇ ਉੱਚੀ ਅਵਾਜ਼ ਵਿੱਚ ਬੋਲਿਆ:

"ਹੋ ਗਈ ਤਸੱਲੀ, ਆਪਣੇ ਯਾਰ ਨੂੰ ਕਿੱਥੇ ਨਠਾ ਦਿੱਤਾ?" ਘੜੰਮ ਚੌਧਰੀ ਖੀ ਖੀ ਕਰਕੇ ਹਸਦਾ ਬੋਲਿਆ:

"ਮੋਰਨੀਏ, ਤੇਰੇ ਅੰਦਰ ਕਿੰਨੀ ਅੱਗ ਹੈ ਜੋ ਬੁਝਣ ਵਿੱਚ ਨਹੀਂ ਆਉਂਦੀ।"

ਗਿਆਨੋ ਹੱਥ ਛੁਡਾ ਕੇ ਕੁੱਝ ਕਹੇ ਬਿਨਾਂ ਪਿੰਡ ਵੱਲ ਦੌੜ ਗਈ ਅਤੇ ਘੜੰਮ ਚੌਧਰੀ ਸਾਰੇ ਪਿੰਡ ਨੂੰ ਗਾਲ੍ਹਾਂ ਕੱਢਦਾ ਅੱਗੇ ਵੱਧ ਗਿਆ।

ਦਿਨ ਚੜ੍ਹਨ ਤੱਕ ਘੜੰਮ ਚੌਧਰੀ ਨੇ ਇਸ ਗੱਲ ਨੂੰ ਸਾਰੇ ਪਿੰਡ ਵਿੱਚ ਫੈਲਾ ਦਿੱਤਾ। ਮੰਗੂ ਦੇ ਘਰ ਆ ਕੇ ਘੜੰਮ ਚੌਧਰੀ ਨੇ ਉਹਨੂੰ ਅਤੇ ਉਹਦੀ ਮਾਂ ਜੱਸੋ ਨੂੰ ਬਹੁਤ ਗਾਲ੍ਹਾਂ ਕੱਢੀਆਂ। ਉਹਦੇ ਜਾਣ ਬਾਅਦ ਮੰਗੂ ਬੂਹਾ ਬੰਦ ਕਰਕੇ ਗਿਆਨੋ ਨੂੰ ਡਾਂਗ ਨਾਲ ਕੁੱਟਣ ਲੱਗਾ। ਉਹਦੀਆਂ ਚੀਕਾਂ ਸਾਰੇ ਮੁਹੱਲੇ ਵਿੱਚ ਛਾਈਆਂ ਹੋਈਆਂ ਸਨ ਅਤੇ ਨੌਜਵਾਨਾਂ ਨੂੰ ਇਹ ਚੀਕਾਂ ਸੁਣ ਕੇ ਅਜੀਬ ਜਿਹਾ ਸਕੂਨ ਮਹਿਸੂਸ ਹੋ ਰਿਹਾ ਸੀ।

ਬਾਬਾ ਫੱਤਾ ਅਤੇ ਤਾਇਆ ਬਸੰਤਾ ਜ਼ਮਾਨੇ ਨੂੰ ਬੁਰਾ-ਭਲਾ ਕਹਿ ਰਹੇ ਸਨ। ਗਿਆਨੋ ਦੀਆਂ ਚੀਕਾਂ ਸੁਣ ਕੇ ਬਾਬੇ ਫੱਤੇ ਨੇ ਪੁੱਛਿਆ:

"ਇਹ ਕੌਣ ਰੋ ਰਹੀ ਹੈ?"

ਤਾਇਆ ਬਸੰਤਾ ਅਫਸੋਸ ਭਰੀ ਅਵਾਜ਼ ਵਿੱਚ ਬੋਲਿਆ:

"ਇਹ ਖੁਸ਼ੀਏ ਦੀ ਘਰ ਵਾਲੀ ਪੁੰਨੋ ਹੋਣੀ ਹੈ ਜਾਂ ਫਿਰ ਮੰਗੂ ਦੀ ਭੈਣ ਗਿਆਨੋ। ਏਦਾਂ ਦੀਆਂ ਚੀਕਾਂ ਜਾਂ ਤਾਂ ਬਾਂਝ ਔਰਤਾਂ ਦੀਆਂ ਹੁੰਦੀਆਂ ਹਨ ਜਾਂ ਪਿਆਰ ਦੀਆਂ ਮਾਰੀਆਂ ਮੁਟਿਆਰਾਂ ਦੀਆਂ। ਬੰਜਰ ਜ਼ਮੀਨ, ਬਾਂਝ ਔਰਤ ਅਤੇ ਪਿਆਰ ਦੀ ਮਾਰੀ ਮੁਟਿਆਰ ਨੂੰ ਕੋਈ ਵੀ ਪਸੰਦ ਨਹੀਂ ਕਰਦਾ।"

"ਮੁਹੱਲੇ ਵਿੱਚ ਬਹੁਤ ਗੰਦ ਪੈਣ ਲੱਗਾ ਹੈ। ਮੰਗੂ ਨੂੰ ਸਮਝਾਉ ਕਿ ਕੁੜੀ ਦਾ ਕਿਤੇ ਟਿਕਾਣਾ ਕਰੇ।" ਬਾਬੇ ਫੱਤੇ ਨੇ ਕਿਹਾ।

"ਉਹਨੂੰ ਤਾਂ ਸਮਝਾਵਾਂ ਜੇ ਉਹਨੂੰ ਪਤਾ ਨਾ ਹੋਵੇ।" ਤਾਏ ਬਸੰਤੇ ਨੇ ਜਵਾਬ ਦਿੱਤਾ ਅਤੇ ਜਦੋਂ ਗਿਆਨੋ ਦੀਆਂ ਚੀਕਾਂ ਦਹਾੜਾਂ ਵਿੱਚ ਬਦਲ ਗਈਆਂ ਤਾਂ ਉਹ ਗਾਲ੍ਹਾਂ ਕੱਢਦਾ ਮੰਗੂ ਦੇ ਘਰ ਵੱਲ ਤੁਰ ਪਿਆ।

ਉੱਥੇ ਤੀਵੀਂਆਂ ਅਤੇ ਬੱਚਿਆਂ ਦੀ ਭੀੜ ਇਕੱਠੀ ਹੋ ਗਈ ਸੀ। ਤਾਏ ਬਸੰਤੇ ਨੂੰ ਦੇਖ ਕੇ ਤੀਵੀਂਆਂ ਪਿੱਛੇ ਹੱਟ ਗਈਆਂ ਅਤੇ ਬੱਚਿਆਂ ਨੂੰ ਉਹਨੇ ਝਿੜਕ ਕੇ ਦੌੜਾ ਦਿੱਤਾ। ਉਹ ਦਰਵਾਜ਼ਾ ਖੜਕਾਉਂਦਾ ਮੰਗੂ ਨੂੰ ਅਵਾਜ਼ਾਂ ਮਾਰਨ ਲੱਗਾ।

ਗਿਆਨੋ ਦੇ ਨਾਲ-ਨਾਲ ਜੱਸੋ ਵੀ ਵਿਰਲਾਪ ਕਰ ਰਹੀ ਸੀ। ਉਹ ਗਿਆਨੋ ਦੀ ਬਜਾਏ ਮੰਗੂ ਨੂੰ ਗਾਲ੍ਹਾਂ ਕੱਢਦੀ ਕਹਿਣ ਲੱਗੀ:

"ਮੋਇਆ, ਬਸ ਕਰ, ਕੀ ਇਹਦੀ ਜਾਨ ਲੈ ਕੇ ਹਟੂੰਗਾ... ਮੋਇਆ ਘੜੰਮ ਚੌਧਰੀ ਤਾਂ ਸਿਆਪੇ ਦੀ ਨੈਣ ਹੈ।"

ਤਾਏ ਬਸੰਤੇ ਨੇ ਦਰਵਾਜ਼ੇ ਵਿੱਚ ਬਹੁਤ ਜ਼ੋਰ ਨਾਲ ਪੈਰ ਮਾਰਿਆ ਅਤੇ ਮੰਗੂ ਨੂੰ ਬਹੁਤ ਉੱਚੀ ਦੇਣੀ ਅਵਾਜ਼ ਮਾਰਦਾ ਬੋਲਿਆ:

"ਉਏ ਚਮ੍ਹਾਰਲੀ ਦਿਆ ਸੂਰਮਿਆਂ, ਦਰਵਾਜ਼ਾ ਤਾਂ ਖੋਲ੍ਹ।" ਮੰਗੂ ਨੇ ਫਿਰ ਵੀ ਕੋਈ ਜੁਆਬ ਨਾ ਦਿੱਤਾ ਤਾਂ ਉਹ ਉਹਨੂੰ ਗਾਹਲਾਂ ਕੱਢਦਾ ਹੋਇਆ ਬਾਬੇ ਫੱਤੇ ਦੀ ਛੱਤ ਉੱਤੇ ਜਾ ਚੜ੍ਹਿਆ ਅਤੇ ਉੱਥੋਂ ਮੰਗੂ ਦੀ ਛੱਤ ਉੱਤੇ ਆ ਗਿਆ।

ਕੁੱਝ ਸਮਾਂ ਉਹ ਬਨੇਰੇ ਤੋਂ ਹੇਠਾਂ ਦੇਖਦਾ ਰਿਹਾ। ਗਿਆਨੋ ਫਰਸ਼ 'ਤੇ ਅਧਮੋਈ ਜਿਹੀ ਲੰਮੀ ਪਈ ਸੀ। ਜੱਸੋ ਨੇ ਮੰਗੂ ਨੂੰ ਫੜਿਆ ਹੋਇਆ ਸੀ ਅਤੇ ਉਹ ਹਫਦਾ ਹੋਇਆ ਦੰਦ ਪੀਹ ਰਿਹਾ ਸੀ। ਮੰਗੂ ਦਾ ਸਾਹ ਥੋੜ੍ਹਾ ਦਰੁਸਤ ਹੋ ਗਿਆ ਤਾਂ ਉਹਨੇ ਜੱਸੋ ਨੂੰ ਧੱਕਾ ਦੇ ਕੇ ਪਰ੍ਹੇ ਸੁੱਟ ਦਿੱਤਾ ਅਤੇ ਗਿਆਨੋ ਦਾ ਗਲ ਦੋਨਾਂ ਹੱਥਾਂ ਵਿੱਚ ਫੜ ਕੇ ਘੁੱਟਣ ਲੱਗਾ।

ਤਾਇਆ ਬਸੰਤਾ ਲੱਕੜੀ ਦੀ ਪੌੜੀ ਦੇ ਤਿੰਨ ਡੰਡੇ ਇਕ ਵਾਰੀ ਹੀ ਉਤਰਦਾ ਹੇਠਾਂ ਆ ਗਿਆ। ਉਹਨੂੰ ਦੇਖ ਕੇ ਜੱਸੋ ਨੇ ਛੋਟਾ ਜਿਹਾ ਘੁੰਡ ਕੱਢ ਲਿਆ ਅਤੇ ਫਫਕ ਫਫਕ ਕੇ ਰੋਣ ਲੱਗੀ। ਤਾਇਆ ਬਸੰਤਾ ਮੰਗੂ ਦਾ ਹੱਥ ਫੜਦਾ ਹੋਇਆ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਪਾਗਲ ਹੋ ਗਿਆ ਹੈਂ? ਬਰਾਬਰ ਦੀ ਭੈਣ 'ਤੇ ਹੱਥ ਚੁੱਕਦਾ ਹੈਂ? ਤੇਰੇ ਸਾਹਮਣੇ ਖੜ੍ਹੀ ਹੋ ਜਾਵੇ ਤਾਂ ਤੇਰੀ ਕੀ ਇੱਜ਼ਤ ਰਹੂਗੀ?"

ਮੰਗੂ ਨੇ ਤਾਏ ਬਸੰਤੇ ਨੂੰ ਧੱਕਾ ਦੇ ਕੇ ਪਰ੍ਹੇ ਕਰ ਦਿੱਤਾ। ਉਹ ਬੜੀ ਮੁਸ਼ਕਿਲ ਨਾਲ ਆਪਣੇ-ਆਪ ਨੂੰ ਸੰਭਾਲ ਸਕਿਆ ਅਤੇ ਮੰਗੂ ਦੇ ਮੋਢਿਆਂ 'ਤੇ ਦੋਨੋਂ ਹੱਥਾਂ ਦਾ ਦੁਹੱਥੜ ਮਾਰਦਾ ਹੋਇਆ ਬੋਲਿਆ:

"ਤੈਨੂੰ ਆਪਣੇ ਤੋਂ ਵੱਡਿਆਂ ਦਾ ਵੀ ਲਿਹਾਜ਼ ਨਹੀਂ।... ਇਹਨੂੰ ਤੂੰ ਮਾਰ ਦਊਂਗਾ... ਤੈਨੂੰ ਪੁਲਿਸ ਫਾਂਸੀ ਲਾ ਦਊਗੀ... ਇਸ ਵਿਚਾਰੀ ਦਾ ਕੀ ਬਣੂਗਾ?" ਤਾਏ ਬਸੰਤੇ ਨੇ ਜੱਸੋ ਵੱਲ ਇਸ਼ਾਰਾ ਕਰਦਿਆਂ ਕਿਹਾ।

ਇਹ ਸੁਣ ਕੇ ਜੱਸੋ ਹੋਰ ਵੀ ਫਫਕ ਕੇ ਰੋਣ ਲੱਗੀ।

"ਮੋਇਆ ਲੋਕਾਂ ਦੇ ਸਿਖਾਏ-ਪੜ੍ਹਾਏ ਭੈਣ ਦੀ ਜਾਨ ਦਾ ਦੁਸ਼ਮਣ ਹੋ ਗਿਆ ਹੈ...।"

ਤਾਏ ਬਸੰਤੇ ਨੇ ਬਹੁਤ ਮੁਸ਼ਕਿਲ ਨਾਲ ਮੰਗੂ ਨੂੰ ਚੁੱਕਿਆ ਅਤੇ ਉਹਨੂੰ ਪਰ੍ਹੇ ਧੱਕਦਾ ਹੋਇਆ ਗਿਆਨੋ ਦੇ ਸਿਰ 'ਤੇ ਝੁੱਕ ਗਿਆ ਅਤੇ ਉਹਨੂੰ ਚੰਗੀ ਤਰ੍ਹਾਂ ਦੇਖ-ਭਾਲ ਕੇ ਜੱਸੋ ਨੂੰ ਕਹਿਣ ਲੱਗਾ:

"ਪੁੱਤਰਾ, ਇਹਨੂੰ ਪਾਣੀ ਪਿਲਾ। ਰੋ-ਰੋ ਕੇ ਇਹਦਾ ਗਲ ਸੁੱਕ ਗਿਆ ਹੈ।"

ਤਾਇਆ ਬਸੰਤਾ ਮੰਗੂ ਨੂੰ ਕੋਠੜੀ ਵਿੱਚ ਲੈ ਗਿਆ ਅਤੇ ਉਹਨੂੰ ਸਮਝਾਉਂਦਾ ਹੋਇਆ ਬੋਲਿਆ:

"ਬਰਾਬਰ ਦੀ ਭੈਣ 'ਤੇ ਹੱਥ ਨਹੀਂ ਚੁੱਕਣਾ ਚਾਹੀਦਾ।"

"ਤਾਇਆ ਮੈਂ ਲੋਕਾਂ ਦੀਆਂ ਗੱਲਾਂ ਸੁਣ ਕੇ ਤੰਗ ਆ ਗਿਆ ਹਾਂ। ਇਹਨੇ ਮੇਰੀ ਇੱਜ਼ਤ ਮਿੱਟੀ ਵਿੱਚ ਰੋਲ ਦਿੱਤੀ ਹੈ। ਜਿੱਥੇ ਵੀ ਜਾਂਦਾ ਹਾਂ ਇਕ ਹੀ ਗੱਲ ਕੰਨਾਂ ਵਿੱਚ ਪੈਂਦੀ ਹੈ।... ਮੈਂ ਉਸ ਆਪਣੀ ਮਾਂ ਦੇ ਖਸਮ ਦੀਆਂ ਵੀ ਬੋਟੀਆਂ ਕਰ ਦਊਂਗਾ।" ਮੰਗੂ ਡਾਂਗ ਚੁੱਕਣ ਲਈ ਵਧਿਆ।

"ਪਹਿਲਾਂ ਮੇਰੀ ਗੱਲ ਸੁਣ ਲੈ ਫਿਰ ਜਿਸ ਮਾਂ ਦੇ ਖਸਮ ਦੀਆਂ ਜੀਅ ਕਰਦਾ, ਬੋਟੀਆਂ ਕਰ ਦਈਂ।"

ਮੰਗੂ ਹਫਦਾ ਹੋਇਆ ਤਾਏ ਬਸੰਤੇ ਵੱਲ ਦੇਖਣ ਲੱਗਾ।

"ਮੈਂ ਤੈਨੂੰ ਇਹ ਕਹਿਣਾ ਚਾਹੁੰਦਾ ਹਾਂ ਇਹ ਤਰੀਕਾ ਠੀਕ ਨਹੀਂ ਹੈ। ਤੂੰ ਸਾਰੀ ਦੁਨੀਆ ਨੂੰ ਤਮਾਸ਼ਾ ਦਿਖਾ ਰਿਹੈਂ। ਏਦਾਂ ਦੇ ਮਾਮਲਿਆਂ ਵਿੱਚ ਪਰਦੇ ਨਾਲ ਕੰਮ ਕਰੀਦਾ, ਰੌਲਾ ਨਹੀਂ ਪਾਈਦਾ। ਇਸ ਨਾਲ ਤੇਰੀ ਹੋਰ ਵੀ ਜ਼ਿਆਦਾ ਬੇਇੱਜ਼ਤੀ ਹੋਊਗੀ। ਜ਼ਰਾ ਦਰਵਾਜ਼ਾ ਖੋਲ੍ਹ ਦੇਖ ਕੇ, ਸਾਰਾ ਮੁਹੱਲਾ ਉੱਥੇ ਖੜ੍ਹਾ ਹੈ।.... ਮੈਂ ਤੇਰੀ ਗੱਲ ਸਮਝਦਾ ਹਾਂ, ਪਰ ਇਹਦਾ ਇਹ ਇਲਾਜ਼ ਨਹੀਂ ਜੋ ਤੂੰ ਕਰ ਰਿਹਾ ਹੈਂ।"

ਤਾਇਆ ਬਸੰਤਾ ਕੁੱਝ ਚਿਰ ਚੁੱਪ ਰਿਹਾ ਅਤੇ ਫਿਰ ਜੱਸੋ ਨੂੰ ਅੰਦਰ ਸੱਦ ਹੌਲੀ ਅਵਾਜ਼ ਵਿੱਚ ਬੋਲਿਆ:

"ਕੋਈ ਮੁੰਡਾ ਲੱਭ ਕੇ ਇਹਨੂੰ ਟਿਕਾਣੇ ਲਾਉ। ਕੁੰਵਾਰਾ ਨਹੀਂ ਮਿਲਦਾ ਤਾਂ ਦੁਹਾਜੂ ਦੇਖ ਲਉ। ਭਟਕੇ ਹੋਏ ਆਦਮੀ ਨੂੰ ਸਿੱਧਾ ਰਾਹ ਦਿਖਾਉਣਾ ਚਾਹੀਦਾ, ਉਹਨੂੰ ਕੁੱਟਣਾ ਨਹੀਂ ਚਾਹੀਦਾ। .... ਤੂੰ ਕੁੜੀ 'ਤੇ ਨਿਗ੍ਹਾ ਰੱਖ। ਬਗੈਰ ਮਤਲਬ ਦੇ ਬਾਹਰ ਨਾ ਜਾਣ ਦੇ...ਇਸ ਤਰ੍ਹਾਂ ਰੌਲਾ ਪਾਉਗੇ ਤਾਂ ਨੁਕਸਾਨ ਕਰਾਉਗੇ।"

ਤਾਏ ਬਸੰਤੇ ਦੀਆਂ ਗੱਲਾਂ ਸੁਣ ਕੇ ਮੰਗੂ ਕੁਛ ਨਰਮ ਪੈ ਗਿਆ। ਜੱਸੋ ਨੇ ਗਿਆਨੋ ਨੂੰ ਉਠਾ ਕੇ ਮੰਜੇ 'ਤੇ ਪਾ ਦਿੱਤਾ। ਤਾਇਆ ਬਸੰਤਾ ਉਹਦੇ ਕੋਲ ਆ ਕੇ ਬਹੁਤ ਸਖਤ ਅਵਾਜ਼ ਵਿੱਚ ਬੋਲਿਆ:

"ਦੇਖ, ਹਰ ਆਦਮੀ ਦੀ ਇੱਜ਼ਤ ਉਹਦੇ ਆਪਣੇ ਹੱਥ ਹੁੰਦੀ ਹੈ। ਜੇ ਮੈਂ ਫਿਰ ਕਦੇ ਤੇਰੇ ਬਾਰੇ ਬੁਰੀ ਗੱਲ ਸੁਣੀ ਤਾਂ ਮੈਤੋਂ ਬੁਰਾ ਕੋਈ ਨਹੀਂ ਹੋਊਗਾ। ਜਿਹਨੂੰ ਮਾਂ-ਬਾਪ ਅਤੇ ਭਰਾ ਭੈਣ ਦੀ ਇੱਜ਼ਤ ਦਾ ਖਿਆਲ ਨਾ ਹੋਵੇ ਉਹ ਔਲਾਦ ਕਿਸ ਕੰਮ ਦੀ।"

ਤਾਇਆ ਬਸੰਤਾ, ਮੰਗੂ, ਜੱਸੋ, ਅਤੇ ਗਿਆਨੋ ਨੂੰ ਇਕ ਵਾਰ ਫਿਰ ਆਪਣੇ ਆਪਣੇ ਫਰਜ਼ ਦੇ ਪਾਲਣ ਦਾ ਸੁਨੇਹਾ ਦੇ ਕੇ ਕਾਲੀ ਦੇ ਘਰ ਵੱਲ ਆ ਗਿਆ। ਉੱਥੇ ਤਾਲਾ ਲੱਗਿਆ ਦੇਖ ਕੇ ਉਹ ਲਾਲੂ ਭਲਵਾਨ ਦੀ ਹਵੇਲੀ ਵੱਲ ਤੁਰ ਪਿਆ। ਕਾਲੀ ਉੱਥੇ ਵੀ ਨਹੀਂ ਸੀ। ਲਾਲੂ ਭਲਵਾਨ ਤੋਂ ਪੁੱਛਿਆ ਤਾਂ ਉਹ ਸਿਰਫ ਏਨਾ ਹੀ ਦੱਸ ਸਕਿਆ ਕਿ ਸ਼ਾਇਦ ਟਾਹਲੀ ਵਾਲੀ ਖੇਤ ਵਿੱਚ ਹੋਵੇਗਾ, ਜੇ ਉੱਥੇ ਨਾ ਹੋਇਆ ਤਾਂ ਕਿੱਕਰ ਵਾਲੇ ਖੇਤ ਗਿਆ ਹੋਵੇਗਾ।

ਤਾਇਆ ਬਸੰਤਾ ਹਵੇਲੀ ਤੋਂ ਬਾਹਰ ਜਾਣ ਲਈ ਮੁੜਿਆ ਤਾਂ ਲਾਲੂ ਭਲਵਾਨ ਨੇ ਉਹਨੂੰ ਰੋਕ ਲਿਆ ਅਤੇ ਬਹੁਤ ਹੀ ਗੰਭੀਰ ਅਵਾਜ਼ ਵਿੱਚ ਬੋਲਿਆ:

"ਬਸੰਤਿਆ, ਤੂੰ ਸਿਆਣਾ ਆਦਮੀ ਹੈ, ਸ਼ਾਇਦ ਕੁੱਛ ਦੱਸ ਸਕੇਂ।... ਕਾਲੀ ਵਿੱਚ ਮੈਂ ਕੁਛ ਦਿਨਾਂ ਤੋਂ ਇਕ ਗੱਲ ਦੇਖ ਰਿਹਾ ਹਾਂ... ਕਦੇ-ਕਦੇ ਉਹ ਸਾਰਾ ਦਿਨ ਕੰਮ ਨੂੰ ਹੱਥ ਨਹੀਂ ਲਾਉਂਦਾ ਜਾਂ ਫਿਰ ਏਨਾ ਕੰਮ ਕਰਦਾ ਹੈ ਕਿ ਉਹਨੂੰ ਰੋਟੀ-ਪਾਣੀ ਦੀ ਸੁਧ-ਬੁੱਧ ਨਹੀਂ ਰਹਿੰਦੀ... ਮੈਂ ਪਹਿਲਾਂ ਸਮਝਦਾ ਸੀ ਕਿ ਸ਼ਾਇਦ ਉਹਨੂੰ ਆਪਣੀ ਚਾਚੀ ਯਾਦ ਆਉਂਦੀ ਹੋਵੇਗੀ ਪਰ ਅੱਜ ਸਵੇਰੇ ਨੱਥਾ ਸਿੰਘ (ਘੜੰਮ ਚੌਧਰੀ) ਮੈਨੂੰ ਕੁੱਝ ਹੋਰ ਹੀ ਦੱਸ ਗਿਆ ਹੈ।"

ਲਾਲੂ ਭਲਵਾਨ ਦਿਲਚਸਪੀ ਨਾਲ ਉਹਦੀ ਵੱਲ ਦੇਖਣ ਲੱਗਾ। ਤਾਇਆ ਬਸੰਤਾ ਉਹਦੀ ਆਦਤ ਤੋਂ ਵਾਕਫ਼ ਸੀ। ਭਲਵਾਨ ਦੀ ਸਾਰੀ ਖੇਤੀ ਬਰਬਾਦ ਹੋ ਜਾਵੇ, ਉਹਦੀ ਉਹ ਪਰਵਾਹ ਨਹੀਂ ਕਰੇਗਾ ਪਰ ਉਸ ਆਦਮੀ ਨੂੰ ਨਹੀਂ ਰੱਖੇਗਾ ਜੋ ਲੰਗੋਟ ਦਾ ਢਿੱਲਾ ਹੋਵੇ। ਉਹ ਬਹੁਤ ਸ਼ਾਂਤੀ ਨਾਲ ਬੋਲਿਆ:

"ਭਲਵਾਨ ਜੀ, ਤੁਸੀਂ ਨੱਥਾ ਸਿੰਘ ਨੂੰ ਤਾਂ ਜਾਣਦੇ ਹੀ ਹੋ, ਕੋਈ ਬੱਚਾ ਕੁੱਤੀ ਦੇ ਮਗਰ ਦੌੜਿਆ ਜਾ ਰਿਹਾ ਹੋਵੇ ਤਾਂ ਉਹਨੂੰ ਸ਼ੱਕ ਪੈ ਜਾਂਦਾ। ਤੁਸੀਂ ਸੋਚੋ, ਤੀਵੀਂਆਂ ਜੰਗਲ ਪਾਣੀ ਲਈ ਝਾੜੀਆਂ ਜਾਂ ਫਸਲ ਵਿੱਚ ਨਹੀਂ ਜਾਣਗੀਆਂ ਤਾਂ ਕੀ ਖੁਲ੍ਹੇ ਚੋਅ 'ਚ ਬੈਠਣਗੀਆਂ।"

"ਮੈਂ ਸਮਝ ਗਿਆ... ਮੈਂ ਪਹਿਲਾਂ ਹੀ ਜਾਣਦਾ ਸੀ ਕਿ ਸਾਰੀ ਗੱਲ ਨੱਥਾ ਸਿੰਘ ਦੇ ਦਿਮਾਗ ਦੀ ਕਾਢ ਹੈ।"

ਸਭ ਤੋਂ ਪਹਿਲਾਂ ਤਾਇਆ ਬਸੰਤਾ, ਲਾਲੂ ਭਲਵਾਨ ਦੇ ਟਾਹਲੀ ਵਾਲੇ ਖੇਤ ਵੱਲ ਗਿਆ। ਉੱਥੋਂ ਕਿੱਕਰ ਵਾਲੇ ਖੇਤ ਵਿੱਚ ਅਤੇ ਫਿਰ ਅੰਬ ਵਾਲੇ ਖੇਤ ਵਿੱਚ। ਅਵਾਜ਼ ਮਾਰਨ 'ਤੇ ਕਾਲੀ ਬਾਹਰ ਆ ਗਿਆ ਅਤੇ ਤਾਏ ਬਸੰਤੇ ਨੂੰ ਦੇਖਦਿਆਂ ਹੀ ਉਹਦਾ ਰੰਗ ਫਕ ਹੋ ਗਿਆ।

"ਦੁਪਹਿਰ ਹੋ ਗਈ ਹੈ, ਕੀ ਪਿੰਡ ਨਹੀਂ ਜਾਣਾ।"

"ਮਰਲੇ-ਡੇਢ ਮਰਲੇ ਦੀ ਗੁਡਾਈ ਰਹਿੰਦੀ ਹੈ।" ਕਾਲੀ ਨੇ ਪਸੀਨਾ ਪੂੰਝਦਿਆਂ ਕਿਹਾ।

ਕਾਲੀ ਮਨ-ਹੀ-ਮਨ ਕੰਬ ਰਿਹਾ ਸੀ ਕਿ ਤਾਇਆ ਬਸੰਤਾ ਹੁਣੇ ਹੀ ਸਵੇਰ ਦੀ ਘਟਨਾ ਦਾ ਜ਼ਿਕਰ ਛੇੜ ਦੇਵੇਗਾ। ਉਹਦੇ ਚਿਹਰੇ 'ਤੇ ਇਕ ਰੰਗ ਆ ਰਿਹਾ ਸੀ ਅਤੇ ਇਕ ਰੰਗ ਜਾ ਰਿਹਾ ਸੀ। ਜੇ ਤਾਇਆ ਬਸੰਤਾ ਉਹਤੋਂ ਸਿੱਧਾ ਸਵਾਲ ਪੁੱਛਦਾ ਕਿ ਸਵੇਰੇ ਕੀ ਹੋਇਆ ਸੀ ਤਾਂ ਸ਼ਾਇਦ ਕਾਲੀ ਉਹਦੇ ਪੈਰ ਫੜ੍ਹ ਕੇ ਮਾਫੀ ਮੰਗ ਲੈਂਦਾ ਪਰ ਉਸ ਵੱਲੋਂ ਘੁੰਮਾ-ਫਿਰਾ ਕੇ ਗੱਲ ਕਰਨ ਨਾਲ ਕਾਲੀ ਨੂੰ ਸੰਭਲਣ ਦਾ ਮੌਕਾ ਮਿਲ ਗਿਆ। ਉਹ ਘੜੰਮ ਚੌਧਰੀ ਦੀ ਫੈਲਾਈ ਹੋਈ ਗੱਲ ਅਤੇ ਗਿਆਨੋ ਦੀ ਕੁੱਟ-ਮਾਰ ਦੀ ਕਹਾਣੀ ਨੂੰ ਇਸ ਤਰ੍ਹਾਂ ਸ਼ਾਂਤੀ ਨਾਲ ਸੁਣਦਾ ਰਿਹਾ ਜਿਵੇਂ ਉਹਦੇ ਨਾਲ ਉਹਦਾ ਕੋਈ ਸੰਬੰਧ ਨਾ ਹੋਵੇ।

ਉਸ ਵੱਲੋਂ ਇਕ ਹੀ ਵਾਰ ਕਹਿਣ 'ਤੇ ਕਾਲੀ ਪਿੰਡ ਜਾਣ ਨੂੰ ਰਾਜ਼ੀ ਹੋ ਗਿਆ ਤਾਂ ਤਾਏ ਬਸੰਤੇ ਨੂੰ ਵਿਸ਼ਵਾਸ-ਜਿਹਾ ਹੋਣ ਲੱਗਾ ਕਿ ਉਹਦੀ ਜਗਹ ਸ਼ਾਇਦ ਕੋਈ ਹੋਰ ਮੁੰਡਾ ਹੋਵੇਗਾ। ਪਰ ਫਿਰ ਵੀ ਉਹਨੇ ਕਾਲੀ ਨੂੰ ਸ਼ਰਾਫਤ ਨਾਲ ਰਹਿਣ ਅਤੇ ਮੁਹੱਲੇ ਵਿੱਚ ਹਰ ਇਕ ਕੰਵਾਰੀ ਮੁਟਿਆਰ ਨੂੰ ਭੈਣ ਸਮਝਣ ਦਾ ਸੁਨੇਹਾ ਦਿੱਤਾ। ਕਾਲੀ ਉਹਦੀ ਗੱਲ ਅੱਗੇ ਸਿਰ ਝੁਕਾਉਂਦਾ ਹੋਇਆ ਗਿਆਨੋ ਨੂੰ ਮਿਲਣ ਦੀ ਤਰਕੀਬ ਸੋਚਦਾ ਰਿਹਾ।

ਸ਼ਾਮ ਹੁੰਦਿਆਂ ਹੀ ਕਾਲੀ ਸਾਰਿਆਂ ਦੇ ਸਾਹਮਣੇ ਗਲੀ ਥਾਣੀ ਹੁੰਦਾ ਹੋਇਆ ਲਾਲੂ ਭਲਵਾਨ ਦੀ ਹਵੇਲੀ ਚਲਾ ਗਿਆ। ਲੋਕਾਂ ਨੂੰ ਹੁਣ ਗਿਆਨੋ ਨਾਲ ਹਮਦਰਦੀ ਅਤੇ ਕਾਲੀ ਨਾਲ ਨਫਰਤ ਹੋਣ ਲੱਗੀ ਸੀ। ਗਿਆਨੋ ਨੇ ਲਗਭਗ ਪੱਕਾ ਇਰਾਦਾ ਕਰ ਲਿਆ ਸੀ ਕਿ ਉਹ ਹੁਣ ਕਦੇ

ਵੀ ਕਾਲੀ ਨੂੰ ਨਹੀਂ ਮਿਲੇਗੀ। ਪਰ ਜਦੋਂ ਉਹਨੇ ਰਾਤ ਗਈ ਆਪਣੀ ਪੌੜੀ ਰਾਹੀਂ ਹੇਠਾਂ ਉਤਰਦਾ ਇਕ ਪ੍ਰਛਾਵਾਂ ਦੇਖਿਆ ਤਾਂ ਉਹਦਾ ਪੱਕਾ ਇਰਾਦਾ ਇਕ ਪਲ ਵਿੱਚ ਟੁੱਟ ਗਿਆ ਅਤੇ ਉਹ ਕਾਲੀ ਦੀਆਂ ਬਾਹਾਂ ਵਿੱਚ ਲਿਪਟੀ ਖਾਮੋਸ਼ੀ ਵਿੱਚ ਰੋਂਦੀ ਹੋਈ ਆਪਣੇ ਸਾਰੇ ਦੁੱਖ ਧੋਂਦੀ ਰਹੀ।

**46**

ਪ੍ਰੀਤੋ ਨੂੰ ਜਦੋਂ ਪਤਾ ਲੱਗਾ ਕਿ ਜੱਸੋ, ਗਿਆਨੋ ਦੀ ਮੰਗਨੀ ਕਰਨ ਲਈ ਕਾਹਲੀ ਹੈ ਤਾਂ ਉਹ ਉਹਦੇ ਘਰ ਗਈ ਅਤੇ ਇੱਧਰ ਉੱਧਰ ਦੀਆਂ ਗੱਲਾਂ ਕਰਨ ਬਾਅਦ ਜੱਸੋ ਦੇ ਕੰਨ ਵਿੱਚ ਬਹੁਤ ਹੌਲੀ ਅਵਾਜ਼ ਵਿੱਚ ਬੋਲੀ:

"ਸੁਣਿਆ ਤੂੰ ਗਿਆਨੋ ਦੀ ਕੁੜਮਾਈ ਕਰ ਰਹੀ ਹੈਂ?"

ਜੱਸੋ ਨੇ ਹਾਂ ਵਿੱਚ ਸਿਰ ਹਿਲਾਇਆ ਤਾਂ ਪ੍ਰੀਤੋ ਕੁੱਝ ਉੱਚੀ ਅਵਾਜ਼ ਵਿੱਚ ਬੋਲੀ:

"ਮੈਂ ਤੈਨੂੰ ਪਹਿਲਾਂ ਵੀ ਕਈ ਵਾਰ ਕਿਹਾ ਸੀ ਪਰ ਤੂੰ ਮੇਰੀ ਗੱਲ ਵੱਲ ਧਿਆਨ ਨਹੀਂ ਦਿੰਦੀ ਸੀ।"

"ਪ੍ਰੀਤੋ, ਇਹ ਕੰਮ ਮਰਦਾਂ ਦੇ ਹਨ। ਮੈਂ ਮੰਗੂ ਨੂੰ ਪਿਛਲੇ ਛੇ ਮਹੀਨਿਆਂ ਤੋਂ ਕਹਿ ਰਹੀ ਹਾਂ ਕਿ ਗਿਆਨੋ ਵੱਡੀ ਹੋ ਗਈ ਹੈ। ਇਹਦਾ ਕਿਤੇ ਕੋਈ ਟਿਕਾਣਾ ਕਰ।" ਜੱਸੋ ਨੇ ਦ੍ਰਿੜ ਅਵਾਜ਼ ਵਿੱਚ ਕਿਹਾ।

"ਸੱਚ ਤਾਂ ਇਹ ਹੈ ਕਿ ਜਵਾਨ ਭੈਣਾਂ ਅਤੇ ਧੀਆਂ ਸਹੁਰੀਂ ਚੰਗੀਆਂ ਲੱਗਦੀਆਂ ਹਨ।... ਜਦੋਂ ਤੱਕ ਵਿਆਹ ਨਾ ਹੋ ਜਾਵੇ ਹਰ ਵੇਲੇ ਧੁੜਕੂ ਲੱਗਾ ਰਹਿੰਦਾ। ਮੈਂ ਇਹ ਨਹੀਂ ਕਹਿੰਦੀ ਕਿ ਹਰ ਜਵਾਨ ਕੁੜੀ ਬਦਮਾਸ਼ ਹੁੰਦੀ ਹੈ। ਪਰ ਇਕ ਕੱਚੀ ਉਮਰ, ਦੂਜਾ ਪਰਾਏ ਘਰਾਂ ਅਤੇ ਖੇਤਾਂ ਵਿੱਚ ਆਉਣਾ ਜਾਣਾ। ਏਦਾਂ ਦੀ ਹਾਲਤ ਵਿੱਚ ਕਈ ਕੁੜੀਆਂ ਆਪਣਾ ਹਾਨ-ਲਾਭ ਭੁੱਲ ਜਾਂਦੀਆਂ ਹਨ।..."

"ਸੱਚ ਕਹਿੰਦੀ ਹੈਂ।" ਜੱਸੋ ਨੇ ਬੁੱਝੀ ਹੋਈ ਅਵਾਜ਼ ਵਿੱਚ ਕਿਹਾ।

"ਤੂੰ ਗਿਆਨੋ ਨੂੰ ਛੁੱਟੀ ਵੀ ਬਹੁਤ ਦੇ ਰੱਖੀ ਸੀ। ਫਸਲ ਦੁਆਲੇ ਵਾੜ ਨਾ ਹੋਵੇ ਤਾਂ ਰਾਹ ਜਾਂਦੇ ਜਾਨਵਰ ਵੀ ਮੂੰਹ ਮਾਰਦੇ ਹਨ। ਜਿਹਨੂੰ ਆਦਤ ਪੈ ਜਾਵੇ ਉਹ ਤਾਂ ਸੌ ਕੋਹ ਦਾ ਵਲ ਪਾ ਕੇ ਵੀ ਉੱਥੇ ਪਹੁੰਚੂਗਾ। ਮਾਰ ਕੇ ਪਰ੍ਹਾਂ ਕਰੋ ਤਾਂ ਮੌਕਾ ਮਿਲਦਿਆਂ ਹੀ ਫਿਰ ਆ ਜਾਊਗਾ।"

ਪ੍ਰੀਤੋ ਦੀ ਗੱਲ ਸੁਣ ਕੇ ਜੱਸੋ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਹ ਉਹਨੂੰ ਪੀ ਗਈ ਅਤੇ ਲੰਮਾ ਸਾਹ ਖਿੱਚਦੀ ਹੋਈ ਬੋਲੀ:

"ਕੋਈ ਚੰਗਾ-ਜਿਹਾ ਮੁੰਡਾ ਮਿਲ ਜਾਵੇ ਤਾਂ ਅੱਜ ਹੀ ਕੁੜਮਾਈ ਕਰ ਦੇਵਾਂ।"

"ਮੁੰਡਾ ਤਾਂ ਹੈਗਾ....।"

"ਕਿਹੜਾ?" ਜੱਸੋ ਨੇ ਚੌਂਕ ਕੇ ਕਿਹਾ।

"ਘਰ ਵੀ ਚੰਗਾ। ਉਹ ਆਪਣਾ ਹੀ ਕੰਮ ਕਰਦੇ ਹਨ। ਮੁੰਡੇ ਦਾ ਪੇ ਖੱਡੀ ਚਲਾਉਂਦਾ ਅਤੇ ਮੁੰਡਾ ਜੁੱਤੀਆਂ ਸਿਉਂਦਾ। ਉਹ ਗਿਆਰਾਂ ਭਰਾ ਭੈਣ ਸੀਗੇ ਪਰ ਹੁਣ ਸੱਤ ਰਹਿ ਗਏ ਹਨ।" ਪ੍ਰੀਤੋ ਬੋਲੀ।

"ਕਿੱਥੋਂ ਦੇ ਹਨ, ਉਹਨਾਂ ਦਾ ਕੋਈ ਅਤਾ ਪਤਾ ਤਾਂ ਹੋਊ।" ਜੱਸੋ ਦੀ ਜਗਿਆਸਾ ਜਾਗ ਉੱਠੀ।

"ਇੱਥੋਂ ਬਹੁਤ ਦੂਰ ਨਹੀਂ ਰਹਿੰਦੇ। ਨੈਨੋਵਾਲ ਇੱਥੇ ਦੋ ਕੋਹ ਹੈ। ... ਨੈਨੋਵਾਲ ਤੋਂ ਸੀਕਰੀ ਇਕ ਕੋਹ... ਸੀਕਰੀ ਤੋਂ ਡੇਢ ਕੋਹ 'ਤੇ ਸ਼ੇਰ ਪੁਰ ਹੈ। ਉੱਥੇ ਰਹਿੰਦੇ ਹਨ ਉਹ।" ਪ੍ਰੀਤੋ ਨੇ ਕਿਹਾ।

"ਤੇਰੀ ਉਹਨਾਂ ਨਾਲ ਜਾਣ ਪਛਾਣ ਹੈ?"

"ਜਾਣ-ਪਛਾਣ? ... ਮੇਰੇ ਤਾਂ ਨਜ਼ਦੀਕੀ ਰਿਸ਼ਤੇਦਾਰ ਹਨ। ... ਮੁੰਡਾ ਹੈ ਕਮਾਊ... ਪਹਿਲਾਂ ਦੇਸੀ ਜੁੱਤੀਆਂ ਬਣਾਉਂਦਾ ਸੀ ਹੁਣ ਵਿਲਾਇਤੀ ਜੁੱਤੀਆਂ ਬਣਾਉਣ ਲੱਗ ਪਿਆ।" ਪ੍ਰੀਤੋ ਗੱਲ ਨੂੰ ਲਮਕਾਉਂਦੀ ਬੋਲੀ।

ਜੱਸੋ ਉਸ ਮੁੰਡੇ ਬਾਰੇ ਇਕ ਹੀ ਵਾਰ ਸਭ ਕੁੱਝ ਜਾਣ ਲੈਣਾ ਚਾਹੁੰਦੀ ਸੀ ਪਰ ਪ੍ਰੀਤੋ ਇੱਧਰ-ਉੱਧਰ ਦੀਆਂ ਉੱਪਰਲੀਆਂ ਗੱਲਾਂ ਜ਼ਿਆਦਾ ਦੱਸ ਰਹੀ ਸੀ।

"ਮੁੰਡੇ ਦੀ ਉਮਰ ਕਿੰਨੀ ਹੈ?"

"ਪੱਕਾ ਤਾਂ ਮੈਨੂੰ ਯਾਦ ਨਹੀਂ... ਗਿਆਨੋ ਦੇ ਹਾਣ-ਪ੍ਰਵਾਣ ਦਾ ਹੀ ਹੋਣਾ। ਦੋ ਚਾਰ ਸਾਲ ਵੱਡਾ ਹੋਊਗਾ। ਜਦੋਂ ਮੇਰਾ ਵਿਆਹ ਹੋਇਆ ਤਾਂ ਉਹ ਮੇਰੇ ਛੋਟੇ ਅਮਰੂ ਜਿੱਡਾ ਸੀ। ਅਮਰੂ ਨੇ ਅਗਲੇ ਵਿਸਾਖ ਬਾਰਾਂ ਸਾਲਾਂ ਦਾ ਹੋ ਜਾਣਾ।... ਅੱਗੇ ਤੂੰ ਹਿਸਾਬ ਲਾ ਲੈ।" ਪ੍ਰੀਤੋ ਨੇ ਸੋਚਦਿਆਂ ਜੁਆਬ ਦਿੱਤਾ।

"ਏਨਾ ਵੱਡਾ ਹੋ ਗਿਆ ਹੈ ਅਜੇ ਤੱਕ ਉਹਦਾ ਵਿਆਹ ਨਹੀਂ ਹੋਇਆ? ਕੀ ਅੰਗ-ਰੰਗ ਤਾਂ ਠੀਕ ਹੈ?"

"ਜੋ ਏਨਾ ਕਮਾਊ ਹੈ ਉਹਦਾ ਅੰਗ-ਰੰਗ ਠੀਕ ਨਹੀਂ ਹੋਊ। ਹੁਣ ਤਾਂ ਉਹਨੇ ਆਪਣੇ ਨਾਲ ਕੰਮ ਸਿਖਾਉਣ ਲਈ ਦੋ ਮੁੰਡੇ ਸ਼ਗਿਰਦ ਵੀ ਰੱਖ ਲਏ ਹਨ।"

ਜੱਸੋ ਵਾਰ ਵਾਰ ਅੰਗ-ਰੰਗ ਬਾਰੇ ਪੁੱਛਦੀ ਅਤੇ ਪ੍ਰੀਤੋ ਉਹਦੀ ਕਮਾਈ ਬਾਰੇ ਦੱਸਣਾ ਸ਼ੁਰੂ ਕਰ ਦਿੰਦੀ। ਜਦੋਂ ਜੱਸੋ ਜ਼ੋਰ ਦੇ ਕੇ ਪੁੱਛਣ ਲੱਗੀ ਤਾਂ ਪ੍ਰੀਤੋ ਕੁੱਝ ਖਿੱਝ ਕੇ ਬੋਲੀ:

"ਦੇਖ, ਗਿਆਨੋ ਲਈ ਠੀਕ ਰਹੂ।"

"ਕੀ ਮਤਲਬ?" ਜੱਸੋ ਨੇ ਵੀ ਸਖਤ ਅਵਾਜ਼ ਵਿੱਚ ਪੁੱਛਿਆ।

"ਮਤਲਬ ਇਹ ਹੈ ਕਿ ਬਚਪਨ 'ਚ ਉਹਨੂੰ ਵੱਡੀ ਮਾਤਾ ਨਿਕਲੀ ਸੀ। ਉਸ ਨਾਲ ਉਹਦੀ ਇਕ ਅੱਖ ਚਲੀ ਗਈ ਸੀ। ਪਰ ਦੂਸਰੀ ਅੱਖ ਬਿਲੌਰ ਦੀ ਤਰ੍ਹਾਂ ਸਾਫ ਹੈ।" ਪ੍ਰੀਤੋ ਨੇ ਕਿਹਾ।

"ਸਿੱਧੀ ਤਰ੍ਹਾਂ ਕਿਉਂ ਨਹੀਂ ਕਹਿੰਦੀ ਕਿ ਮੁੰਡਾ ਕਾਣਾ ਹੈ...।" ਜੱਸੋ ਨੇ ਗੁੱਸੇ ਵਿੱਚ ਕਿਹਾ।

"ਆਪਣੀ ਕੁੜੀ ਕਾਣੇ ਨੂੰ ਦੇ ਦੇਵਾਂ... ਵੱਡਾ ਰਿਸ਼ਤਾ ਦਸ ਰਹੀ ਹੈ...।" ਜੱਸੋ ਜਿਵੇਂ ਫੁੱਟ ਪਈ।

"ਤੇਰੀ ਕੁੜੀ ਵੀ ਕੋਈ ਸੁੱਚਾ ਮੋਤੀ ਨਹੀਂ ਹੈ। ਖੋਟੇ ਮਾਲ ਨੂੰ ਕੋਈ ਕਾਣਾ, ਲੰਗੜਾ-ਲੂਲਾ ਹੀ ਕਬੂਲ ਕਰੂਗਾ।" ਪ੍ਰੀਤੋ ਨੇ ਵੀ ਤਲਖ ਅਵਾਜ਼ ਵਿੱਚ ਜਵਾਬ ਦਿੱਤਾ ਅਤੇ ਬਾਹਰ ਚਲੇ ਗਈ।

ਮੁਹੱਲੇ ਦੀਆਂ ਕੁਛ ਹੋਰ ਬੁੜੀਆਂ ਨੇ ਵੀ ਮੁੰਡਿਆਂ ਦੀ ਦਸ ਪਾਈ ਪਰ ਉਹਨਾਂ ਵਿੱਚੋਂ ਕੋਈ ਚੇਚਕ ਦਾ ਖਾਧਾ ਹੋਇਆ ਸੀ ਅਤੇ ਕੋਈ ਟਾਈਫਾਈਡ ਦਾ ਮਾਰਿਆ ਹੋਇਆ। ਜੱਸੋ ਪਰੇਸ਼ਾਨ ਹੋ ਕੇ ਰੋ ਪੈਂਦੀ ਅਤੇ ਗਿਆਨੋ ਨੂੰ ਬੁਰਾ ਭਲਾ ਕਹਿੰਦੀ। ਪਰ ਆਸ ਦਾ ਕਿਨਾਰਾ ਫੜ੍ਹ ਕੇ ਫਿਰ ਕੋਸ਼ਿਸ਼ ਸ਼ੁਰੂ ਕਰ ਦਿੰਦੀ।

ਇਕ ਦਿਨ ਉਹ ਘਰ ਵਿੱਚ ਇਕੱਲੀ ਬੈਠੀ ਸੀ ਕਿ ਪ੍ਰਸਿੰਨੀ ਆ ਗਈ। ਉਹ ਇੱਧਰ ਉੱਧਰ ਦੀਆਂ ਗੱਲਾਂ ਕਰਨ ਬਾਅਦ ਜੱਸੋ ਨੂੰ ਕਹਿਣ ਲੱਗੀ:

"ਚਾਚੀ ਮੈਂ ਤੇਰੇ ਨਾਲ ਇਕ ਗੱਲ ਕਰਨ ਆਈ ਹਾਂ।"

ਜੱਸੋ ਹੈਰਾਨੀ ਅਤੇ ਡਰ ਨਾਲ ਉਹ ਮੂੰਹ ਵੱਲ ਦੇਖਣ ਲੱਗੀ ਤਾਂ ਉਹ ਮੁਸਕਰਾਉਂਦੀ ਹੋਈ ਬੋਲੀ:

"ਮੈਂ ਕਿਸੇ ਤੇ ਤੁਹਮਤ ਲਾਉਣ ਲਈ ਨਹੀਂ ਆਈ। ਏਦਾਂ ਦੀਆਂ ਗੱਲਾਂ ਤਾਂ ਉਹ ਰੰਡੀਆਂ ਕਰਦੀਆਂ ਹਨ ਜਿਹਨਾਂ ਦੇ ਆਪਣੇ ਕਰਮ ਖੋਟੇ ਹੋਣ।"

ਜੱਸੋ ਦੇ ਚਿਹਰੇ 'ਤੇ ਸਕੂਨ ਦਿਸਣ ਲੱਗਾ ਤਾਂ ਪ੍ਰਸਿੰਨੀ ਬੋਲੀ:

"ਮੇਰੀ ਪੰਡੋਰੀ ਵਾਲੀ ਮਾਸੀ ਦਾ ਮੁੰਡਾ ਹੈ। ਉਮਰ ਕੋਈ ਵੀਹ ਸਾਲ ਹੋਊਗੀ। ਅੰਗ-ਰੰਗ ਸਭ ਠੀਕ ਹੈ। ਸਾਲ ਵਿੱਚ ਛੇ ਮਹੀਨੇ ਹਮੀਰੇ ਦੀ ਗੰਨਾ ਮਿੱਲ ਵਿੱਚ ਕੰਮ ਕਰਦਾ ਹੈ ਅਤੇ ਛੇ ਮਹੀਨੇ ਪਿੰਡ ਵਿੱਚ ਮਿਹਨਤ ਮਜ਼ਦੂਰੀ। ਛੇ ਭੈਣ ਭਰਾ ਹਨ। ਉਹ ਸਾਰਿਆਂ ਤੋਂ ਵੱਡਾ ਹੈ। ਕਹੇਂ ਤਾਂ ਗਿਆਨੋ ਬਾਰੇ ਗੱਲ ਕਰਾਂ।"

ਜੱਸੋ ਸੋਚ ਵਿੱਚ ਪੈ ਗਈ। ਪ੍ਰਸਿੰਨੀ ਉਹਦੇ ਮਨ ਦਾ ਡਰ ਭਾਂਪਦੀ ਹੋਈ ਬੋਲੀ:

"ਮੁੰਡੇ ਦਾ ਅੰਗ-ਰੰਗ ਸਭ ਠੀਕ ਹੈ। ਮੇਰੇ 'ਤੇ ਯਕੀਨ ਨਹੀਂ ਤਾਂ ਆਪ ਜਾ ਕੇ ਦੇਖ ਆ ਜਾਂ ਮੰਗੂ ਨੂੰ ਭੇਜ ਦੇ। ਅੱਜਕੱਲ੍ਹ ਉਹ ਪਿੰਡ ਹੀ ਹੈ।"

ਪ੍ਰਸਿੰਨੀ ਨੂੰ ਵਿਸ਼ਵਾਸ ਨਾਲ ਗੱਲ ਕਰਦਿਆਂ ਦੇਖ ਜੱਸੋ ਦੀ ਸ਼ੱਕ ਦੂਰ ਹੋ ਗਈ ਅਤੇ ਉਹ ਫੈਸਲਾਕੁਨ ਅਵਾਜ਼ ਵਿੱਚ ਕਹਿਣ ਲੱਗੀ, "ਤੇਰੀ ਤਸੱਲੀ ਹੈ ਤਾਂ ਮੇਰੀ ਵੀ ਤਸੱਲੀ ਹੈ। ਤੂੰ ਮੁੰਡੇ ਨੂੰ ਚੰਗੀ ਤਰ੍ਹਾਂ ਦੇਖਿਆ ਹੋਇਆ ਹੈ ਨਾ?"

"ਮੈਂ ਤਾਂ ਪਿਛਲੇ ਸਾਲ ਮਾਸੀ ਦੇ ਘਰ ਮਹੀਨਾ-ਭਰ ਰਹਿ ਕੇ ਆਈ ਸੀ। ਇਹ ਕੰਮ ਹੋ ਜਾਵੇ ਤਾਂ ਗਿਆਨੋ ਸੁਖੀ ਰਹੂਗੀ ... ਕੱਚੀ ਉਮਰ ਵਿੱਚ ਕੌਣ ਗਲਤੀ ਨਹੀਂ ਕਰਦਾ। ਇਹ ਜੋ ਵਧਾ ਵਧਾ ਕੇ ਗੱਲਾਂ ਕਰਦੀਆਂ ਹਨ, ਇਹਨਾਂ ਨੂੰ ਆਪਣੇ ਦਿਨ ਯਾਦ ਨਹੀਂ ਰਹੇ। ਚਲੋ ਉਹ ਨਾ ਸਹੀ, ਆਪਣੀ ਔਲਾਦ ਦੀਆਂ ਕਰਤੂਤਾਂ ਕਿਉਂ ਨਹੀਂ ਦੇਖਦੀਆਂ?"

ਜੱਸੋ 'ਤੇ ਫਿਰ ਉਦਾਸੀ ਛਾਉਣ ਲੱਗੀ ਤਾਂ ਪ੍ਰਸਿੰਨੀ ਨੇ ਗੱਲ ਦਾ ਰੁਖ ਬਦਲ ਦਿੱਤਾ ਅਤੇ ਲੜਕੇ ਅਤੇ ਉਹਦੇ ਮਾਂ-ਬਾਪ ਬਾਰੇ ਵਿਸਥਾਰ ਨਾਲ ਦੱਸਣ ਲੱਗੀ। ਜੱਸੋ ਨੇ ਆਪਣੀ ਤਸੱਲੀ ਕਰਨ ਬਾਅਦ ਸਹਿਮਤੀ ਦੇ ਦਿੱਤੀ ਤਾਂ ਪ੍ਰਸਿੰਨੀ ਸਿਰ ਹਿਲਾਉਂਦੀ ਹੋਈ ਬੋਲੀ:

"ਪਰ ਇਕ ਸ਼ਰਤ ਹੈ?"

"ਕੀ?" ਜੱਸੋ ਚੌਂਕ ਗਈ।

"ਮੇਰੇ ਤਾਏ ਦੀ ਕੁੜੀ ਦਾ ਰਿਸ਼ਤਾ ਮੰਗੂ ਲਈ ਲੈਣਾ ਪਊਗਾ...।"

ਪ੍ਰਸਿੰਨੀ ਜੱਸੋ ਦੇ ਜੁਆਬ ਦੀ ਉਡੀਕ ਕੀਤੇ ਬਿਨਾਂ ਹੀ ਤੇਜ਼ ਅਵਾਜ਼ ਵਿੱਚ ਬੋਲੀ:

"ਕੁੜੀ ਸੋਲ੍ਹਵੇਂ ਸਾਲ ਵਿੱਚ ਹੈ। ਰੰਗ ਮੇਰੇ ਰੰਗ ਤੋਂ ਸਾਫ ਹੈ। ਪਰ ਅੱਖਾਂ 'ਚ ਕੁਕਰੇ ਹਨ। ਵੱਡੀ ਹੋਊਗੀ ਤਾਂ ਆਪਣੇ ਆਪ ਠੀਕ ਹੋ ਜਾਣਗੇ। ਸੁਰਮਾ ਪਾ ਲਵੇ ਤਾਂ ਉਹਨਾਂ ਦਾ ਹੁਣ ਵੀ ਪਤਾ ਨਹੀਂ ਚਲਦਾ। ਦੇਖਣ ਨੂੰ ਪਤਲੀ ਜਿਹੀ ਹੈ ਪਰ ਕੰਮ ਨੂੰ ਗੱਡਾ ਹੈ। ਤੇਰੇ ਘਰੋਂ ਇਕ ਗਿਆਨੋ ਜਾਊਗੀ ਅਤੇ ਦੂਜੀ ਆਊਗੀ। ਉਹਦਾ ਨਾਂ ਵੀ ਗਿਆਨੋ ਹੈ।"

ਜੱਸੋ ਉਹਦੀ ਵੱਲ ਦੇਖਦੀ ਹੋਈ ਬੋਲੀ, "ਇਹ ਤਾਂ ਵੱਟਾ-ਸੱਟਾ ਹੋ ਗਿਆ।"

"ਵੱਟਾ-ਸੱਟਾ ਕਿਵੇਂ? ਗਿਆਨੋ ਮੇਰੀ ਮਾਸੀ ਦੇ ਘਰ ਜਾਊਗੀ ਅਤੇ ਮੇਰੇ ਤਾਏ ਦੀ ਕੁੜੀ ਤੇਰੇ ਘਰ ਆਊਗੀ।"

"ਅੱਛਾ, ਤੇਰੇ ਤਾਏ ਦੀ ਕੁੜੀ ਹੈ। ਮੈਂ ਸਮਝੀ ਸੀ ਮਾਮੇ ਦੀ ਹੈ।" ਜੱਸੋ ਨੇ ਖੁਸ਼ ਹੁੰਦਿਆਂ ਕਿਹਾ ਅਤੇ ਪ੍ਰਸਿੰਨੀ ਨੂੰ ਕਹਿਣ ਲੱਗੀ:

"ਮੁਹੱਲੇ ਵਿੱਚ ਅਜੇ ਕਿਸੇ ਨਾਲ ਗੱਲ ਨਾ ਕਰੀਂ। ਸ਼ਗਨ ਚਲਾ ਗਿਆ ਤਾਂ ਲੋਕਾਂ ਨੂੰ ਆਪਣੇ-ਆਪ ਹੀ ਪਤਾ ਲੱਗ ਜਾਊਗਾ।"

"ਚਾਚੀ, ਮੈਂ ਇਸ ਮੁਹੱਲੇ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਤੂੰ ਚਿੰਤਾ ਨਾ ਕਰ।"

"ਤੂੰ ਅੱਜਕੱਲ੍ਹ ਵਿੱਚ ਹੀ ਪੰਡੋਰੀ ਚਲੀ ਜਾ। ਉੱਧਰ ਗੱਲ ਪੱਕੀ ਕਰਕੇ ਗਿਆਨੋ ਦਾ ਸ਼ਗਨ ਲੈ ਜਾ ਅਤੇ ਫਿਰ ਆਪਣੇ ਪੇਕੀਂ ਜਾ ਕੇ ਮੰਗੂ ਲਈ ਸ਼ਗਨ ਲੈ ਆ। ਤੂੰ ਇਹ ਕੰਮ ਪੱਕਾ ਕਰ ਦੇ ਤਾਂ ਮੈਂ ਸਾਰੀ ਉਮਰ ਤੇਰੇ ਗੁਣ ਗਾਊਂਗੀ।"

ਸੱਤਾਂ ਦਿਨਾਂ ਬਾਅਦ ਤਾਇਆ ਬਸੰਤਾ ਅਤੇ ਮੰਗੂ ਗਿਆਨੋ ਦਾ ਸ਼ਗਨ ਪਾ ਆਏ। ਦੋਨਾਂ ਨੂੰ ਮੁੰਡਾ ਪਸੰਦ ਆਇਆ ਸੀ ਅਤੇ ਉਹ ਉਹਦੀਆਂ ਬਹੁਤ ਸਿਫਤਾਂ ਕਰ ਰਹੇ ਸਨ। ਕੁੱਝ ਦਿਨਾਂ ਬਾਅਦ ਪ੍ਰਸਿੰਨੀ ਦਾ ਭਰਾ ਮੰਗੂ ਨੂੰ ਸ਼ਗਨ ਪਾ ਗਿਆ।

ਗਿਆਨੋ ਦੀ ਮੰਗਣੀ ਤੋਂ ਬਾਅਦ ਪ੍ਰਸਿੰਨੀ ਦਾ ਉਹਨਾਂ ਦੇ ਘਰ ਆਉਣਾ-ਜਾਣਾ ਬਹੁਤ ਵਧ ਗਿਆ। ਪ੍ਰਸਿੰਨੀ ਗਿਆਨੋ ਦੇ ਕੋਲ ਬੈਠਦੀ ਤਾਂ ਹਮੇਸ਼ਾਂ ਉਹਦੇ ਮੰਗੇਤਰ ਦੀਆਂ ਗੱਲਾਂ ਕਰਦੀ। ਉਹਦੇ ਗੁਣ ਗਾਉਂਦੀ ਅਤੇ ਉਹਨੂੰ ਵਿਸ਼ਵਾਸ ਦਿਵਾਉਂਦੀ ਕਿ ਉਹ ਉਹਨੂੰ ਉਂਗਲੀ ਦੇ ਛੱਲੇ ਵਾਂਗ ਰੱਖੇਗਾ। ਗਿਆਨੋ ਆਪਣੇ ਹੀ ਖਿਆਲਾਂ ਵਿੱਚ ਗੁਆਚੀ ਸਿਰ ਹਿਲਾਉਂਦੀ ਰਹਿੰਦੀ।

ਕਾਲੀ ਜ਼ਿਆਦਾਤਰ ਲਾਲੂ ਭਲਵਾਨ ਦੀ ਹਵੇਲੀ ਵਿੱਚ ਹੀ ਰਹਿੰਦਾ। ਉੱਥੇ ਹੀ ਖਾਂਦਾ ਪੀਂਦਾ ਅਤੇ ਉੱਥੇ ਹੀ ਸੌਂ ਜਾਂਦਾ। ਮੁਹੱਲੇ ਵਿੱਚ ਜਦੋਂ ਕਦੇ ਵੀ ਆਉਂਦਾ ਤਾਂ ਕੋਈ-ਨਾ-ਕੋਈ ਉਹਨੂੰ ਇਹ ਖਬਰ ਜ਼ਰੂਰ ਸੁਣਾਉਂਦਾ ਕਿ ਗਿਆਨੋ ਦੀ ਮੰਗਨੀ ਹੋ ਗਈ ਹੈ। ਗੱਲ ਕਰਨ ਦਾ ਢੰਗ ਏਦਾਂ

ਦਾ ਹੁੰਦਾ ਜਿਵੇਂ ਪੁੱਛ ਰਿਹਾ ਹੋਵੇ ਕਿ ਹੁਣ ਉਹਦਾ ਕੀ ਬਣੂਗਾ। ਜੱਟਾਂ ਦੇ ਮੁੰਡੇ ਉਹਨੂੰ ਅਵਾਜ਼ ਮਾਰ ਕੇ ਸੱਦਦੇ ਅਤੇ ਮਖੌਲ ਉਡਾਉਂਦੇ ਹੋਏ ਕਹਿੰਦੇ:

"ਚਮਾਰਾ, ਤੂੰ ਮੋਰਨੀ ਦੇ ਜਿਉਂਦੇ ਜੀਅ ਰੰਡਾ ਹੋ ਜਾਣਾ।"

ਦੂਜਾ ਪੁਚਕਾਰ ਕੇ ਕਹਿੰਦਾ, "ਤੂੰ ਇਹਨੂੰ ਨਹੀਂ ਜਾਣਦਾ, ਇਹ ਚਮ੍ਹਾਰਲੀ ਦਾ ਰਾਂਝਾ ਹੈ। ਇਹ ਕੋਈ ਹੋਰ ਹੀਰ ਲੱਭ ਲਊਗਾ।"

ਲੋਕਾਂ ਦੀਆਂ ਗੱਲਾਂ ਸੁਣ ਕੇ ਕਾਲੀ ਨੂੰ ਸ਼ੱਕ ਹੋਣ ਲੱਗਾ ਕਿ ਗਿਆਨੋ ਆਪਣੀ ਮੰਗਨੀ ਤੋਂ ਸੰਤੁਸ਼ਟ ਹੈ। ਉਹ ਰਾਤ ਨੂੰ ਉੱਠ ਕੇ ਹਰ ਉਸ ਜਗ੍ਹਾ ਜਾਂਦਾ ਜਿੱਥੇ ਉਹ ਮਿਲਿਆ ਕਰਦੇ ਸਨ। ਮੁਹੱਲੇ ਵਿੱਚ ਜਾਂਦਾ ਤਾਂ ਵੀ ਗਿਆਨੋ ਗਲੀ ਵਿੱਚ ਦਿਖਾਈ ਨਾ ਦਿੰਦੀ। ਇਹ ਸਾਰਾ ਕੁਝ ਦੇਖ ਕੇ ਉਹਦਾ ਸ਼ੱਕ ਵਿਸ਼ਵਾਸ ਵਿੱਚ ਬਦਲਣ ਲੱਗਾ। ਕਦੇ ਕਦੇ ਇਹ ਸੋਚ ਕੇ ਉਹਦੇ ਦਿਲ ਵਿੱਚ ਹੂਕ ਜਿਹੀ ਉੱਠਦੀ ਕਿ ਗਿਆਨੋ ਨੇ ਮੰਗਨੀ ਤੋਂ ਬਾਅਦ ਉਹਤੋਂ ਮੂੰਹ ਮੋੜ ਲਿਆ ਹੈ। ਉਹਦਾ ਦਿਲ ਕਰਦਾ ਕਿ ਉਹ ਘੱਟੋ ਘੱਟ ਇਕ ਵਾਰ ਮਿਲ ਪਵੇ ਤਾਂਕਿ ਉਹ ਆਪਣੀਆਂ ਅੱਖਾਂ ਨਾਲ ਦੇਖ ਸਕੇ, ਆਪਣੇ ਕੰਨਾਂ ਰਾਹੀਂ ਸੁਣ ਸਕੇ ਕਿ ਉਹ ਖੁਸ਼ ਹੈ।

ਗਲੀਆਂ ਵਿੱਚ ਹਨ੍ਹੇਰਾ ਛਾ ਗਿਆ ਸੀ ਅਤੇ ਘਰਾਂ ਵਿੱਚ ਦੀਵੇ ਬਲ ਚੁੱਕੇ ਸਨ। ਕਾਲੀ ਲਾਲੂ ਭਲਵਾਨ ਦੀ ਹਵੇਲੀ ਵਿੱਚੋਂ ਆਪਣੇ ਘਰ ਨੂੰ ਆ ਰਿਹਾ ਸੀ। ਜੀਤੂ ਦੇ ਘਰ ਦੇ ਸਾਹਮਣਿਉਂ ਲੰਘ ਕੇ ਉਹ ਮੋੜ 'ਤੇ ਪਹੁੰਚਿਆ ਤਾਂ ਉਹਦੇ ਪੈਰ ਰੁਕ ਗਏ... ਥੋੜ੍ਹੀ ਦੂਰ 'ਤੇ ਹੀ ਗਿਆਨੋ ਦਾ ਘਰ ਸੀ। ਪਰ ਉਹ ਸਿਰ ਝੁਕਾਈ ਅੱਗੇ ਵਧਣ ਲੱਗਾ। ਗਿਆਨੋ ਦੇ ਘਰ ਦੇ ਬੂਹੇ ਦੇ ਦੋਨੋਂ ਦਰ ਖੁਲ੍ਹੇ ਸਨ। ਵਿਹੜੇ ਵਿੱਚ ਇਕ ਪਾਸੇ ਮਿੱਟੀ ਦੇ ਤੇਲ ਦਾ ਦੀਵਾ ਜਗ ਰਿਹਾ ਸੀ ਅਤੇ ਉਹ ਚੁੱਲ੍ਹੇ ਦੇ ਨੇੜੇ ਦੋਨੋਂ ਗੋਡਿਆਂ ਉੱਤੇ ਠੋਡੀ ਟਿਕਾਈ ਬੈਠੀ ਸੀ। ਉਹਦੇ ਚਿਹਰੇ ਦੇ ਇਕ ਹਿੱਸੇ 'ਤੇ ਚੁੱਲ੍ਹੇ ਵਿੱਚ ਬਲ ਰਹੀ ਮੱਧਮ ਅੱਗ ਦੀ ਰੌਸ਼ਨੀ ਪੈ ਰਹੀ ਸੀ ਅਤੇ ਵਾਲਾਂ ਦੀਆਂ ਲਟਾਂ ਚਿਹਰੇ ਉੱਤੇ ਝੁਕੀਆਂ ਹੋਈਆਂ ਸਨ।

ਕਾਲੀ ਉਹਨੂੰ ਦੇਖ ਕੇ ਰੁਕ ਗਿਆ ਅਤੇ ਫਿਰ ਉਹਦੀ ਦਹਿਲੀਜ਼ ਵੱਲ ਵੱਧਦਾ ਹੋਇਆ ਬਹੁਤ ਹੀ ਧੀਮੀ ਅਵਾਜ਼ ਵਿੱਚ ਬੋਲਿਆ:

"ਗਿਆਨੋ।"

ਉਹ ਉਸ ਹੀ ਤਰ੍ਹਾਂ ਚੁੱਪਚਾਪ ਅਤੇ ਗੁੰਮ-ਸੁੰਮ ਬੈਠੀ ਰਹੀ ਤਾਂ ਉਹਨੇ ਇਕ ਵਾਰ ਅੱਗੇ ਵੱਧ ਕੇ ਉਹਨੂੰ ਫਿਰ ਅਵਾਜ਼ ਮਾਰੀ। ਗਿਆਨੋ ਨੇ ਚੌਂਕ ਕੇ ਉਸ ਵੱਲ ਦੇਖਿਆ ਅਤੇ ਇਕਦਮ ਉੱਠ ਖੜ੍ਹੀ ਹੋਈ ਅਤੇ ਤੇਜ਼ੀ ਨਾਲ ਉਹਦੇ ਕੋਲ ਆ ਗਈ। ਉਹਦੀਆਂ ਅੱਖਾਂ ਫੈਲ ਕੇ ਬਹੁਤ ਵੱਡੀਆਂ ਲੱਗ ਰਹੀਆਂ ਸਨ। ਬੁੱਲ੍ਹ ਕੰਬ ਰਹੇ ਸਨ। ਉਹ ਇਕਟਕ ਉਹਦੀ ਵੱਲ ਦੇਖਦੀ ਰਹੀ।

ਕਾਲੀ ਕੁੱਝ ਪਲ ਉੱਥੇ ਖੜ੍ਹਾ ਉਹਨੂੰ ਦੇਖਦਾ ਰਿਹਾ ਅਤੇ ਲੰਮਾ ਸਾਹ ਛੱਡਦਾ ਹੋਇਆ ਸਿਰ ਝੁਕਾਈ ਦਰਵਾਜ਼ੇ ਵੱਲ ਮੁੜਿਆ। ਗਿਆਨੋ ਨੇ ਅੱਗੇ ਵੱਧ ਕੇ ਉਹਦਾ ਹੱਥ ਫੜ ਲਿਆ।

ਉਹ ਅਜੇ ਕੋਈ ਗੱਲ ਨਹੀਂ ਕਰ ਸਕੇ ਸਨ ਕਿ ਤਾਈ ਨਿਹਾਲੀ ਆ ਗਈ ਅਤੇ ਕਾਲੀ ਨੂੰ ਉੱਥੇ ਖੜਾ ਦੇਖ ਕੇ ਤਿੱਖੀ ਅਵਾਜ਼ ਵਿੱਚ ਬੋਲੀ:

"ਵੇ, ਤੂੰ ਇੱਥੇ ਖੜ੍ਹਾ ਕੀ ਕਰ ਰਿਹਾ ਹੈਂ?" ਫਿਰ ਉਹ ਜੱਸੋ ਨੂੰ ਅਵਾਜ਼ਾਂ ਮਾਰਦੀ ਉੱਚੀ ਅਵਾਜ਼ ਵਿੱਚ ਬੋਲੀ:

"ਜੱਸੋ ਰੰਡੀ ਦਾ ਵੀ ਕੋਈ ਟਿਕਾਣਾ ਨਹੀਂ। ਕੁੜੀ ਪਹਿਲਾਂ ਹੀ ਮੁਸ਼ਟੰਡੀ ਹੈ ਅਤੇ ਉੱਪਰੋਂ ਇਹ ਉਹਨੂੰ ਇਕੱਲੀ ਛੱਡ ਕੇ ਚਲੀ ਜਾਂਦੀ ਹੈ। ਤਾਂ ਕਿ ਉਹ ਯਰਾਨੇ ਪਾਲ ਸਕੇ।"

ਤਾਈ ਨਿਹਾਲੀ ਦੀ ਅਵਾਜ਼ ਸੁਣ ਕੇ ਮੁਹੱਲੇ ਦੇ ਕਈ ਲੋਕ ਇਕੱਠੇ ਹੋ ਗਏ। ਕਾਲੀ ਦਾ ਤਨ ਅਤੇ ਮਨ ਕੰਬਣ ਲੱਗਾ। ਉਹ ਜਿੱਥੇ ਖੜ੍ਹਾ ਸੀ ਉੱਥੇ ਹੀ ਖੜ੍ਹਾ ਰਿਹਾ। ਗਿਆਨੋ ਉਹਦਾ ਹੱਥ ਛੱਡ ਕੇ ਪਿੱਛੇ ਹੱਟ ਗਈ। ਜੱਸੋ ਆਉਂਦੀ ਹੀ ਕਾਲੀ ਦੇ ਦੁਹੱਥੜਾਂ ਮਾਰਨ ਲੱਗੀ ਅਤੇ ਉਹਨੂੰ ਗਾਹਲਾਂ ਕੱਢਣ ਲੱਗੀ। ਕਾਲੀ ਚੁੱਪਚਾਪ ਖੜ੍ਹਾ ਰਿਹਾ। ਮੰਗੂ ਨੇ ਕਾਲੀ ਨੂੰ ਗਲੋਂ ਫੜ ਲਿਆ ਅਤੇ ਉਹਨੂੰ ਜ਼ੋਰ-ਜ਼ੋਰ ਨਾਲ ਕੁੱਟਣ ਲੱਗਾ। ਇਹ ਦੇਖ ਕੇ ਗਿਆਨੋ ਤੜਪ ਉੱਠੀ ਅਤੇ ਉਹਨੂੰ ਛੁਡਾਉਣ ਲਈ ਅੱਗੇ ਵਧੀ ਪਰ ਜੱਸੋ ਨੇ ਧੱਕਾ ਦੇ ਉਹਨੂੰ ਪਿੱਛੇ ਹਟਾ ਦਿੱਤਾ।

ਮੰਗੂ ਦੀ ਦੇਖਾ-ਦੇਖੀ ਜੀਤੂ, ਬੰਤੂ, ਸੰਤੂ ਅਤੇ ਬੱਗੇ ਨੇ ਵੀ ਕਾਲੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤਾਂ ਉਹ ਜੋਸ਼ ਵਿੱਚ ਆ ਗਿਆ। ਉਹਨੇ ਬੰਤੂ ਦਾ ਗੁੱਟ ਮਰੋੜ ਦਿੱਤਾ। ਜੀਤੂ ਦੀ ਪੁੜਪੁੜੀ ਵਿੱਚ ਮੁੱਕਾ ਮਾਰਿਆ ਅਤੇ ਸੰਤੂ ਨੂੰ ਧੱਕਾ ਦੇ ਕੇ ਪਿੱਛੇ ਸੁੱਟ ਦਿੱਤਾ ਪਰ ਮੰਗੂ ਤੋਂ ਚੁੱਪਚਾਪ ਕੁੱਟ ਖਾਂਦਾ ਰਿਹਾ।

ਤਾਏ ਬਸੰਤੇ ਨੇ ਮੰਗੂ ਨੂੰ ਰੋਕ ਦਿੱਤਾ ਅਤੇ ਕਾਲੀ ਨੂੰ ਵਾਲਾਂ ਤੋਂ ਫੜ ਕੇ ਝੰਜੋੜਦਾ ਹੋਇਆ ਬੋਲਿਆ:

"ਕੁੱਤੇ ਦਿਆ ਪੁੱਤਾਂ, ਇੱਥੇ ਕੀ ਲੈਣ ਆਇਆ ਸੀ?"

ਕਾਲੀ ਨੇ ਕੋਈ ਜੁਆਬ ਨਾ ਦਿੱਤਾ ਤਾਂ ਤਾਏ ਬਸੰਤੇ ਨੇ ਉਹਨੂੰ ਖੂਬ ਝੰਜੋੜਿਆ ਅਤੇ ਉਹਦੇ ਮੂੰਹ 'ਤੇ ਦੋ ਤਿੰਨ ਥੱਪੜ ਜੜ੍ਹ ਦਿੱਤੇ। ਤੀਵੀਂਆਂ ਗਲੀ ਵਿੱਚ ਖੜੀਆਂ ਕਾਲੀ ਨੂੰ ਤਰ੍ਹਾਂ ਤਰ੍ਹਾਂ ਦੀਆਂ ਗਾਲ੍ਹਾਂ ਕੱਢਦੀਆਂ ਹੋਈਆਂ ਰੌਲਾ ਪਾ ਰਹੀਆਂ ਸਨ। ਮੰਗੂ ਲੋਕਾਂ ਦੀ ਸ਼ਹਿ ਪਾ ਕੇ ਕਾਲੀ ਦਾ ਖ਼ੂਨ ਕਰਨ ਲਈ ਤਿਆਰ ਸੀ।

ਬਾਬਾ ਫੱਤਾ ਆ ਗਿਆ ਤਾਂ ਤਾਇਆ ਬਸੰਤਾ ਪਿੱਛੇ ਹੱਟਦਾ ਹੋਇਆ ਬੋਲਿਆ:

"ਚਾਚਾ, ਮਾਖੇ ਦਾ ਪੁੱਤ ਤਾਂ ਅਨਰਥ ਕਰ ਰਿਹਾ ਹੈ। ਨਾ ਸ਼ਰਮ ਨਾ ਹਿਆ... ਦੇਖੋ ਹਨ੍ਹੇਰ ਸਾਈ ਦਾ...।"

ਬਾਬੇ ਫੱਤੇ ਨੇ ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ ਅਤੇ ਸ਼ਾਂਤ ਅਵਾਜ਼ ਵਿੱਚ ਬੋਲਿਆ:

"ਤੂੰ ਇੱਥੇ ਕਿਸ ਲਈ ਆਇਆ ਸੀ?... ਕੀ ਮੰਗੂ ਨਾਲ ਕੋਈ ਕੰਮ ਸੀ?"

ਕਾਲੀ ਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ ਤਾਂ ਉਹ ਬੋਲਿਆ:

"ਕੀ ਕੁੱਛ ਮੰਗਣ ਆਇਆ ਸੀ?"

"ਨਹੀਂ।"

"ਕੀ ਚੋਰੀ ਕਰਨ ਆਇਆ ਸੀ?"

"ਨਹੀਂ।"

"ਤਾਂ ਫਿਰ ਇਹ ਆਪਣੀ ਮਾਂ...।" ਤਾਏ ਬਸੰਤੇ ਨੇ ਗੁੱਸੇ ਵਿੱਚ ਕਿਹਾ। ਬਾਬੇ ਫੱਤੇ ਨੇ ਉਹਨੂੰ ਚੁੱਪ ਕਰਾਉਂਦਿਆਂ ਕਾਲੀ ਨੂੰ ਪੁੱਛਿਆ:

"ਕੀ ਬਦਮਾਸ਼ੀ ਕਰਨ ਆਇਆ ਸੀ?"

"ਨਹੀਂ।"

"ਤਾਂ ਫਿਰ ਆਪ ਹੀ ਦੱਸ ਦੇ ਕਿਸ ਲਈ ਆਇਆ ਸੀ।" ਕਾਲੀ ਦਾ ਜਵਾਬ ਸੁਣਨ ਲਈ ਲੋਕਾਂ ਨੇ ਸਾਹ ਰੋਕ ਲਏ ਅਤੇ ਅੱਗੇ ਵੱਧ ਕੇ ਇਕ ਦੂਜੇ ਨਾਲ ਫਸ ਕੇ ਖੜ੍ਹੇ ਹੋ ਗਏ।

ਕਾਲੀ ਨੇ ਕੋਈ ਜਵਾਬ ਨਾ ਦਿੱਤਾ ਤਾਂ ਉਹ ਉਹਨੂੰ ਸਮਝਾਉਂਦਾ ਹੋਇਆ ਬੋਲਿਆ:

"ਦੇਖ, ਜਿਸ ਵੇਲੇ ਤੂੰ ਮੰਗੂ ਦੇ ਘਰ ਆਇਆ ਸੀ ਤਾਂ ਉਸ ਸਮੇਂ ਉੱਥੇ ਗਿਆਨੋ ਇਕੱਲੀ ਬੈਠੀ ਸੀ। ਜੇ ਤੇਰੇ ਮਨ ਵਿੱਚ ਕੋਈ ਪਾਪ ਨਹੀਂ ਸੀ ਤਾਂ ਤੂੰ ਇਹ ਕਹਿ ਦੇ ਕਿ ਗਿਆਨੋ ਤੇਰੀ ਭੈਣ ਲੱਗਦੀ ਹੈ। ਸਾਡੀ ਸਾਰਿਆਂ ਦੀ ਤਸੱਲੀ ਹੋ ਜਾਊਗੀ ਅਤੇ ਮਾਮਲਾ ਰਫਾ-ਦਫਾ ਹੋ ਜਾਊਗਾ।"

ਬਾਬੇ ਫੱਤੇ ਨੇ ਆਪਣਾ ਸਵਾਲ ਕਈ ਵਾਰ ਦੁਹਰਾਇਆ ਤਾਂ ਕਾਲੀ ਧੀਮੀ ਅਵਾਜ਼ ਵਿੱਚ ਬੋਲਿਆ:

"ਪਹਿਲਾਂ ਗਿਆਨੋ ਤੋਂ ਪੁੱਛ ਲਉ।"

"ਉਹਦੇ ਕੋਲੋਂ ਪੁੱਛ ਲੈਂਦੇ ਹਾਂ।" ਬਾਬਾ ਫੱਤਾ ਗਿਆਨੋ ਨੂੰ ਅਵਾਜ਼ ਦੇ ਕੇ ਬੋਲਿਆ। "ਪੁੱਤ ਪਹਿਲਾਂ ਤੂੰ ਕਹਿ ਦੇ ਕਿ ਇਹ ਤੇਰਾ ਭਰਾ ਲੱਗਦਾ ਹੈ।"

ਗਿਆਨੋ ਚੁੱਪ ਰਹੀ ਤਾਂ ਜੱਸੋ ਚੀਕ ਕੇ ਬੋਲੀ:

"ਸਿਰਮੁੰਨੀਏ, ਬੋਲਦੀ ਕਿਉਂ ਨਹੀਂ।"

ਗਿਆਨੋ ਨੇ ਸਾਰਿਆਂ ਉੱਤੇ ਨਿਗ੍ਹਾ ਮਾਰੀ ਅਤੇ ਕਾਲੀ ਵੱਲ ਇਸ਼ਾਰਾ ਕਰਦੀ ਹੋਈ ਬੋਲੀ:

"ਜੇ ਇਹ ਆਪਣੀ ਛਾਤੀ 'ਤੇ ਹੱਥ ਰੱਖ ਕੇ ਕਹਿ ਦੇਵੇ ਕਿ ਇਹ ਮੈਨੂੰ ਆਪਣੀ ਭੈਣ ਸਮਝਦਾ ਹੈ ਤਾਂ ਮੈਂ ਮੰਨ ਲਊਂਗੀ।"

ਕਾਲੀ ਨੇ ਚੌਂਕ ਕੇ ਗਿਆਨੋ ਵੱਲ ਦੇਖਿਆ ਅਤੇ ਤਾਏ ਬਸੰਤੇ ਦੀ ਗ੍ਰਿਫਤ ਤੋਂ ਆਪਣਾ ਹੱਥ ਛੁਡਾਉਂਦਾ ਹੋਇਆ ਬੋਲਿਆ:

"ਨਹੀਂ, ਮੈਂ ਨਹੀਂ ਕਹੂੰਗਾ।"

ਲੋਕ ਇਕ ਵਾਰ ਫਿਰ ਰੌਲਾ ਪਾਉਣ ਲੱਗੇ। ਕਾਲੀ ਭੀੜ ਨੂੰ ਚੀਰਦਾ ਹੋਇਆ ਤੇਜ਼ ਤੇਜ਼ ਕਦਮਾਂ ਨਾਲ ਅੱਗੇ ਵੱਧ ਗਿਆ।

**47**

ਅਗਲੇ ਹੀ ਦਿਨ ਲਾਲੂ ਭਲਵਾਨ ਨੇ ਕਾਲੀ ਨੂੰ ਕੱਢ ਦਿੱਤਾ। ਤਿੰਨ ਦਿਨਾਂ ਬਾਅਦ ਪ੍ਰਸਿੰਨੀ ਨੇ ਗਿਆਨੋ ਅਤੇ ਮੰਗੂ ਦੋਹਾਂ ਦੀਆਂ ਮੰਗਣੀਆਂ ਤੋੜ ਦਿੱਤੀਆਂ। ਕੁਛ ਦਿਨਾਂ ਲਈ ਗਿਆਨੋ ਅਤੇ ਕਾਲੀ ਦੋਹਾਂ ਨੂੰ ਬਹੁਤ ਦੁੱਖ ਝੱਲਣੇ ਪਏ। ਕਾਲੀ ਨੂੰ ਪਿੰਡ ਦਾ ਕੋਈ ਵੀ ਚੌਧਰੀ ਅਤੇ ਦੁਕਾਨਦਾਰ ਕੰਮ ਦੇਣ ਲਈ ਤਾਂ ਕੀ ਮੂੰਹ ਲਾਉਣ ਲਈ ਵੀ ਤਿਆਰ ਨਹੀਂ ਸੀ। ਮੁਹੱਲੇ ਦਾ ਕੋਈ ਵੀ ਆਦਮੀ ਉਹਦੀ ਸ਼ਕਲ ਨਹੀਂ ਸੀ ਦੇਖਣੀ ਚਾਹੁੰਦਾ ਸੀ। ਉਹ ਸਾਰਾ ਦਿਨ ਘਰ ਦੇ ਅੰਦਰ ਬੰਦ ਰਹਿੰਦਾ ਅਤੇ ਗਲੀ ਵਿੱਚ ਆਉਂਦੇ-ਜਾਂਦੇ ਲੋਕਾਂ ਦੀਆਂ ਗਾਹਲਾਂ ਅਤੇ ਅਵਾਜ਼ਾਂ ਸੁਣਦਾ ਰਹਿੰਦਾ।

ਮੰਗੂ, ਜੱਸੋ ਅਤੇ ਮੁਹੱਲੇ ਦੇ ਲੋਕ ਗਿਆਨੋ 'ਤੇ ਸਖਤ ਨਿਗਰਾਨੀ ਰੱਖਣ ਲੱਗੇ। ਉਹ ਬਾਹਰ ਜਾਂਦੀ ਤਾਂ ਜੱਸੋ ਉਹਦਾ ਪਿੱਛਾ ਕਰਦੀ। ਰਾਤ ਨੂੰ ਮੰਜੇ ਤੇ ਪੈਂਦੀ ਤਾਂ ਉਹਦੇ ਹੱਥ ਪੈਰ ਰੱਸੀ ਨਾਲ ਬੰਨ ਦਿੱਤੇ ਜਾਂਦੇ।

ਪਰ ਹੌਲੀ-ਹੌਲੀ ਤਾਜ਼ਾ ਘਟਨਾ ਦੀ ਚਰਚਾ ਘਟਣ ਲੱਗੀ। ਲੋਕਾਂ ਦੇ ਅੰਦਰ ਗਿਆਨੋ ਅਤੇ ਕਾਲੀ ਬਾਰੇ ਨਫਰਤ ਦੀ ਥਾਂ ਬੇਰੁਖੀ ਨੇ ਲੈਣੀ ਸ਼ੁਰੂ ਕਰ ਦਿੱਤੀ। ਕਾਲੀ ਟਾਂਡਾ ਉੜਮੁੜ ਦੇ ਅੱਡੇ 'ਤੇ ਮਿਹਨਤ ਮਜ਼ਦੂਰੀ ਕਰਨ ਲੱਗਾ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਿੰਡੋਂ ਚਲਾ ਜਾਂਦਾ ਅਤੇ ਰਾਤ ਪਈ ਵਾਪਸ ਆਉਂਦਾ। ਗਿਆਨੋ ਵੀ ਕੰਮ-ਕਾਰ ਲਈ ਗਲੀ-ਮੁਹੱਲੇ ਵਿੱਚ ਆਉਣ ਲੱਗੀ।

ਕੁੱਝ ਦਿਨ ਲੰਘਣ ਬਾਅਦ ਜੱਸੋ ਨੇ ਗਿਆਨੋ ਦੀ ਮੰਗਣੀ ਦੀ ਗੱਲ ਨਵੇਂ ਸਿਰੇ ਤੋਂ ਸ਼ੁਰੂ ਕਰ ਦਿੱਤੀ। ਉਹ ਪ੍ਰੀਤੋ ਦੇ ਘਰ ਉਹਦੇ ਉਸ ਹੀ ਰਿਸ਼ਤੇਦਾਰ ਮੁੰਡੇ ਦਾ ਰਿਸ਼ਤਾ ਮੰਗਣ ਗਈ ਜੋ ਕਾਣਾ ਸੀ। ਪਰ ਪ੍ਰੀਤੋ ਨੇ ਉਹਨਾਂ ਠੁਕਰਾ ਦਿੱਤਾ। ਉਹ ਨੱਕ ਸਿਕੋੜਦੀ ਬੋਲੀ:

"ਅਣਜਾਣੇ ਵਿੱਚ ਤਾਂ ਮੱਖੀ ਨਿਗਲੀ ਜਾ ਸਕਦੀ ਹੈ ਪਰ ਅੱਖੀਂ ਦੇਖ ਕੇ ਕੌਣ ਨਿਗਲੇਗਾ। ਜਿਹੜੀ ਕੁੜੀ ਅੱਜ ਕੁੜਮਾਈ ਛੱਡ ਸਕਦੀ ਹੈ ਉਹ ਕੱਲ੍ਹ ਵਿਆਹ ਵੀ ਤੋੜ ਸਕਦੀ ਹੈ।"

ਪ੍ਰੀਤੋ ਦੀਆਂ ਸੜੀਆਂ-ਬਲੀਆਂ ਗੱਲਾਂ ਸੁਣ ਕੇ ਜੱਸੋ ਘਰ ਵਾਪਸ ਆ ਗਈ ਅਤੇ ਉਹਨੇ ਗਿਆਨੋ ਨੂੰ ਬਹੁਤ ਕੁੱਟਿਆ ਅਤੇ ਆਪ ਵੀ ਬਹੁਤ ਰੋਈ। ਉਹ ਉਹਦੇ ਲਈ ਸਿਰਫ ਵਰ ਚਾਹੁੰਦੀ ਸੀ। ਹੁਣ ਇਸ ਗੱਲ ਦੀ ਚਿੰਤਾ ਨਹੀਂ ਸੀ ਕਿ ਉਹ ਕਾਣਾ ਹੈ ਜਾਂ ਲੰਗੜਾ, ਲੂਲਾ ਹੈ ਜਾਂ ਅਪਾਹਿਜ। ਆਖਿਰਕਾਰ ਉਹਨੂੰ ਇਕ ਤਿੰਨ ਬੱਚਿਆਂ ਦਾ ਰੰਡਾ ਬਾਪ ਮਿਲ ਗਿਆ ਜਿਸ ਨੂੰ ਗਿਆਨੋ ਦੇ ਨਾਲ ਵਿਆਹ ਨੂੰ ਮਨਾਇਆ ਜਾ ਸਕਦਾ ਸੀ।

ਜੱਸੋ ਉਹਦੇ ਬਾਰੇ ਵਿੱਚ ਗੱਲਬਾਤ ਚਲਾ ਰਹੀ ਸੀ ਕਿ ਇਕ ਦਿਨ ਚੌਧਰੀ ਮੁਨਸ਼ੀ ਦੀ ਪਤਨੀ ਨੇ ਉਹਨੂੰ ਆਪਣੇ ਕੋਲ ਸੱਦਿਆ। ਚੌਧਰਾਣੀ ਉਹਨੂੰ ਇਕ ਪਾਸੇ ਲਿਜਾ ਕੇ ਭੇਤਭਰੀ ਅਵਾਜ਼ ਵਿੱਚ ਬੋਲੀ:

"ਨੀ ਜੱਸੋ, ਤੇਰੀ ਕੁੜੀ ਦੇ ਕਿਤੇ ਪੈਰ ਤਾਂ ਨਹੀਂ ਭਾਰੇ?"

"ਕਿਉਂ?" ਜੱਸੋ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

"ਕੱਲ੍ਹ ਜਦੋਂ ਉਹ ਇੱਥੇ ਕੰਮ ਕਰਨ ਆਈ ਤਾਂ ਇਸ ਤਰ੍ਹਾਂ ਉਲਟੀਆਂ ਕਰਨ ਲੱਗੀ ਜਿਵੇਂ ਕੁੜੀਆਂ ਪਹਿਲੀ ਵਾਰ ਗਰਭਵਤੀ ਹੋਣ 'ਤੇ ਕਰਦੀਆਂ ਹਨ। ਮੈਂ ਪੁੱਛਿਆ ਤਾਂ ਕਹਿਣ ਲੱਗੀ ਕਿ ਉਹਦਾ ਜੀਅ ਖਰਾਬ ਹੈ ਅਤੇ ਢਿੱਡ ਵਿੱਚ ਗੜਬੜ ਦੀ ਵਜਹ ਕਾਰਨ ਉਹਨੂੰ ਕਈ ਵਾਰ ਉਲਟੀ ਆ ਜਾਂਦੀ ਹੈ... ਮੈਨੂੰ ਸ਼ੱਕ ਹੈ, ਤੂੰ ਉਹਤੋਂ ਪਤਾ ਕਰੀਂ।" ਚੌਧਰਾਣੀ ਸਮਝਾਉਂਦੀ ਹੋਈ ਬੋਲੀ:

"ਕੁੜੀ ਪਰਾਇਆ ਧਨ ਹੁੰਦੀ ਹੈ। ਜੇ ਮੇਰਾ ਸ਼ੱਕ ਠੀਕ ਨਿਕਲਿਆ ਤਾਂ ਬਹੁਤ ਬੁਰੀ ਗੱਲ ਹੋਊਗੀ। ਕੁੜੀ ਸਾਰੀ ਉਮਰ ਲਈ ਦਾਗੀ ਹੋ ਜਾਊਗੀ।"

ਚੌਧਰਾਣੀ ਜ਼ਿਆਦਾ ਪੁੱਛ-ਗਿੱਛ ਕਰਨ ਲੱਗੀ ਤਾਂ ਜੱਸੋ ਵਾਪਸ ਆ ਗਈ। ਗੁੱਸੇ ਅਤੇ ਡਰ ਨਾਲ ਉਹਦਾ ਸਾਰਾ ਸਰੀਰ ਕੰਬ ਰਿਹਾ ਸੀ। ਉਹ ਡਿੱਗਦੀ ਢਹਿੰਦੀ ਆਪਣੇ ਘਰ ਪਹੁੰਚੀ ਅਤੇ ਸਿਰ ਫੜ ਕੇ ਬੈਠ ਗਈ। ਉਹ ਗਿਆਨੋ ਨੂੰ ਘਰ ਦਾ ਕੰਮ-ਕਾਰ ਕਰਦੀ ਨੂੰ ਬਹੁਤ ਧਿਆਨ ਨਾਲ ਦੇਖਦੀ ਰਹੀ। ਉਹਨੂੰ ਸਮਝ ਨਹੀਂ ਆ ਰਹੀ ਸੀ ਕਿ ਇਸ ਬਾਰੇ ਵਿੱਚ ਗਿਆਨੋ ਤੋਂ ਕਿਵੇਂ ਪੁੱਚੇ। ਉਹ ਚੌਵ੍ਹੀ ਘੰਟੇ ਇਸ ਫਿਕਰ ਵਿੱਚ ਹੀ ਘੁਲਦੀ ਰਹਿੰਦੀ। ਜੇ ਗਿਆਨੋ ਸੱਚਮੁੱਚ ਹੀ ਗਰਭਵਤੀ ਹੋਈ ਤਾਂ ਇਹਦਾ ਕੀ ਬਣੂਗਾ। ਇਹਦੇ ਨਾਲ ਕੋਈ ਵਿਆਹ ਨਹੀਂ ਕਰੂਗਾ ਅਤੇ ਉਹ ਗਲੀ - ਮੁਹੱਲੇ ਵਿੱਚ ਮੂੰਹ ਦਿਖਾਉਣ ਦੇ ਕਾਬਲ ਨਹੀਂ ਰਹਿਣਗੇ। ਮੰਗੂ ਨੂੰ ਵੀ ਕੋਈ ਕੁੜੀ ਦੇਣ ਲਈ ਤਿਆਰ ਨਹੀਂ ਹੋਵੇਗਾ।

ਰਾਤ ਨੂੰ ਗਿਆਨੋ ਸੌਂ ਗਈ ਤਾਂ ਜੱਸੋ ਉੱਠ ਕੇ ਉਹਦੇ ਪੁਆਂਦੀ ਬਹਿ ਗਈ ਅਤੇ ਉਹਦਾ ਢਿੱਡ ਟੋਹਣਾ ਸ਼ੁਰੂ ਕਰ ਦਿੱਤਾ। ਗਿਆਨੋ ਦੀ ਅੱਖ ਖੁੱਲ੍ਹ ਗਈ ਅਤੇ ਉਹ ਹੈਰਾਨੀ ਨਾਲ ਆਪਣੀ ਮਾਂ ਨੂੰ ਘੂਰਦੀ ਹੋਈ ਬੋਲੀ:

"ਮਾਂ, ਕੀ ਹੈ?"

ਜੱਸੋ ਨੇ ਪਹਿਲਾਂ ਤਾਂ ਘੁਮਾ-ਫਿਰਾ ਕੇ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਗਿਆਨੋ ਦੀ ਸਮਝ ਵਿੱਚ ਗੱਲ ਨਹੀਂ ਆਈ ਤਾਂ ਉਹਨੇ ਸਿੱਧੀ ਤਰ੍ਹਾਂ ਪੁੱਛ ਲਿਆ।

ਗਿਆਨੋ ਦਾ ਰੰਗ ਉੱਡ ਗਿਆ ਅਤੇ ਉਹ ਡੂੰਘੀ ਚਿੰਤਾ ਨਾਲ ਬੋਲੀ:

"ਮਾਂ, ਮੈਨੂੰ ਪਤਾ ਨਹੀਂ ਹੈ।"

ਜੱਸੋ ਉਹਨੂੰ ਦੁਲਾਰਦੀ ਹੋਈ ਬੋਲੀ:

"ਪੁੱਤ, ਇਹਦੇ ਵਿੱਚ ਸਾਰਿਆਂ ਦੀ ਭਲਾਈ ਹੈ। ਇਸ ਵਿੱਚ ਹੀ ਸਾਰਿਆਂ ਦੀ ਇੱਜ਼ਤ ਹੈ ਕਿ ਤੂੰ ਸਾਫ ਸਾਫ ਦੱਸ ਦੇਵੇਂ।" ਜੱਸੋ ਨਾਲ ਨਾਲ ਹੀ ਰੱਬ ਅੱਗੇ ਅਰਦਾਸ ਕਰ ਰਹੀ ਸੀ ਕਿ ਚੌਧਰਾਣੀ ਦਾ ਸ਼ੱਕ ਨਿਰਆਧਾਰ ਸਿੱਧ ਹੋਵੇ।

ਗਿਆਨੋ ਕੁੱਝ ਦੱਸਣ ਵਿੱਚ ਅਸਫਲ ਰਹੀ ਤਾਂ ਜੱਸੋ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛਣ ਲੱਗੀ ਤਾਂ ਕਿ ਉਹਨਾਂ ਦੇ ਜਵਾਬਾਂ ਤੋਂ ਕਿਸੇ ਨਤੀਜੇ 'ਤੇ ਪਹੁੰਚ ਸਕੇ। ਹੌਲੀ-ਹੌਲੀ ਜੱਸੋ ਨੇ ਉਹਦੀ ਮਾਂਹਵਾਰੀ ਬਾਰੇ ਪੁੱਛਿਆ ਅਤੇ ਗਿਆਨੋ ਦਾ ਜਵਾਬ ਸੁਣ ਕੇ ਕਈ ਸਾਲਾਂ ਦੇ ਉਹਦੇ ਤਜਰਬੇ ਨੇ ਦੱਸ ਦਿੱਤਾ ਕਿ ਚੌਧਰਾਣੀ ਦਾ ਸ਼ੱਕ ਸਹੀ ਹੈ। ਉਹ ਚੀਕ ਕੇ ਬੋਲੀ:

"ਸਿਰਮੁੰਨੀਏ, ਤੂੰ ਅਨਰਥ ਕਰ ਦਿੱਤਾ ਹੈ। ਤੂੰ ਜੰਮਦਿਆਂ ਹੀ ਮਰ ਜਾਂਦੀ ਤਾਂ ਚੰਗਾ ਸੀ।"

ਜੱਸੋ ਰੋਂਦੀ ਹੋਈ ਕਦੇ ਗਿਆਨੋ ਨੂੰ ਦੁਹੱਥੜਾਂ ਮਾਰਦੀ ਅਤੇ ਕਦੇ ਆਪਣਾ ਸਿਰ ਪਿੱਟਣਾ ਸ਼ੁਰੂ ਕਰ ਦਿੰਦੀ।

ਉਹ ਇਸ ਮਾਮਲੇ ਬਾਰੇ ਜਿੰਨਾ ਜ਼ਿਆਦਾ ਸੋਚਦੀ ਉਹਨੂੰ ਉਨਾ ਜ਼ਿਆਦਾ ਹੀ ਡਰ ਮਹਿਸੂਸ ਹੋਣ ਲੱਗਦਾ। ਕਈ ਵਾਰ ਉਹਦੇ ਮਨ ਵਿੱਚ ਵਿਚਾਰ ਆਉਂਦਾ ਕਿ ਉਹਦਾ ਵਿਆਹ ਕਾਲੀ ਨਾਲ ਕਰ ਦੇਵੇ ਪਰ ਇਹ ਸੋਚ ਕੇ ਕੰਬ ਜਾਂਦੀ ਕਿ ਆਪਣੇ ਹੀ ਪਿੰਡ, ਆਪਣੇ ਹੀ ਮੁਹੱਲੇ, ਆਪਣੀ ਹੀ ਗਲੀ ਅਤੇ ਆਪਣੇ ਹੀ ਗੋਤ ਦੇ ਮੁੰਡੇ ਨਾਲ ਕਿਵੇਂ ਵਿਆਹ ਕਰ ਸਕਦੀ ਹੈ। ਇਸ ਤਰ੍ਹਾਂ ਅੱਜ ਤੱਕ ਕਦੇ ਨਹੀਂ ਹੋਇਆ। ਮੁਹੱਲੇ ਵਾਲੇ ਇਹ ਸੁਣਦਿਆਂ ਹੀ ਖਾ ਜਾਣਗੇ ਅਤੇ ਉਹਨਾਂ ਨੂੰ ਇਲਾਕੇ ਵਿੱਚ ਤਾਂ ਕੀ ਕਬਰਾਂ ਵਿੱਚ ਵੀ ਥਾਂ ਨਹੀਂ ਲੱਭੇਗੀ।

ਜੱਸੋ ਦੇ ਸਾਹਮਣੇ ਦੂਜੀ ਵੱਡੀ ਸਮੱਸਿਆ ਇਹ ਸੀ ਕਿ ਉਹ ਮੰਗੂ ਨੂੰ ਦੱਸ ਦੇਵੇ ਜਾਂ ਇਸ ਗੱਲ ਨੂੰ ਆਪਣੇ ਤੱਕ ਹੀ ਰੱਖੇ। ਗਿਆਨੋ ਨੂੰ ਉੱਠਦਿਆਂ-ਬੈਠਦਿਆਂ ਦੇਖ ਕੇ ਉਹ ਰੋ ਪੈਂਦੀ। ਜੇ ਵਿਆਹ ਤੋਂ ਬਾਅਦ ਗਰਭਵਤੀ ਹੁੰਦੀ ਤਾਂ ਲੋਕ ਉਹਦੇ ਘਰ ਵਧਾਈ ਦੇਣ ਆਉਂਦੇ। ਉਹ ਆਪ ਲੋਕਾਂ ਨੂੰ ਦੱਸਦੀ ਕਿ ਉਹਦੀ ਧੀ ਮਾਂ ਬਣਨ ਵਾਲੀ ਹੈ। ਗਲੀ-ਮੁਹੱਲੇ ਦੀਆਂ ਤੀਵੀਂਆ ਉਹਦਾ ਦਿਲ ਪਰਚਾਉਂਦੀਆਂ ਅਤੇ ਉਹਦੇ ਨਾਲ ਛੇੜ-ਛਾੜ ਕਰਦੀਆਂ। ਇਹਦੇ ਸਹੁਰੇ ਕੱਪੜੇ ਭੇਜਦੇ।

ਗਿਆਨੋ ਆਪਣੀ ਜਗਹ ਪਰ ਬਹੁਤ ਜ਼ਿਆਦਾ ਫਿਕਰਮੰਦ ਸੀ। ਉਹਨੂੰ ਪਤਾ ਸੀ ਕਿ ਇਸ ਪਿੰਡ ਵਿੱਚ ਰਹਿੰਦਿਆਂ ਕਾਲੀ ਦੇ ਨਾਲ ਉਹਦਾ ਵਿਆਹ ਨਹੀਂ ਹੋ ਸਕਣਾ। ਉਸ ਲਈ ਤਾਂ ਕਾਲੀ ਨਾਲ ਮਿਲਣਾ ਵੀ ਬਹੁਤ ਮੁਸ਼ਕਿਲ ਹੋ ਗਿਆ ਸੀ। ਉਹ ਬਹੁਤ ਰਾਤ ਗਈ ਆਉਂਦਾ ਅਤੇ ਸਵੇਰੇ-ਸਵੇਰੇ ਹੀ ਨਿਕਲ ਜਾਂਦਾ। ਉਹਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਕਿਸ ਤਰ੍ਹਾਂ ਉਹਨੂੰ ਇਹ ਖਬਰ ਪਹੁੰਚਾਵੇ ਕਿ ਉਹ ਬਹੁਤ ਮੁਸ਼ਕਿਲ ਵਿੱਚ ਫਸ ਗਈ ਹੈ।

ਜੱਸੋ ਨੇ ਫੈਸਲਾ ਕੀਤਾ ਕਿ ਅਜੇ ਉਹ ਮੰਗੂ ਨੂੰ ਕੁੱਝ ਨਹੀਂ ਦੱਸੇਗੀ। ਉਹਨੂੰ ਚੌਧਰਾਣੀ ਨੇ ਫਿਰ ਸੱਦਿਆ ਤਾਂ ਉਹ ਉਹਨੂੰ ਕਹਿ ਆਈ ਕਿ ਉਹਦਾ ਸ਼ੱਕ ਨਿਰਆਧਾਰ ਹੈ। ਪਰ ਇਹ ਕਹਿੰਦਿਆਂ ਉਹਦੀ ਜ਼ਬਾਨ ਕੰਬ ਗਈ ਅਤੇ ਚੌਧਰਾਣੀ ਦਾ ਸ਼ੱਕ ਹੋਰ ਵੀ ਪੱਕਾ ਹੋ ਗਿਆ। ਉਹਨੇ ਚਮ੍ਹਾਰਲੀ ਦੀਆਂ ਹੋਰ ਔਰਤਾਂ ਨਾਲ ਗੱਲ ਕਰ ਦਿੱਤੀ। ਉਹਨਾਂ ਦੀ ਵੀ ਜਗਿਆਸਾ ਜਾਗ ਉੱਠੀ ਅਤੇ ਉਹ ਗਿਆਨੋ ਨੂੰ ਆਉਂਦਿਆਂ-ਜਾਂਦਿਆਂ ਬਹੁਤ ਧਿਆਨ ਨਾਲ ਦੇਖਦੀਆਂ।

ਉਹਨੇ ਗਿਆਨੋ ਨੂੰ ਗਰਮ ਚੀਜ਼ਾਂ ਦਾ ਉਹ ਕਾੜ੍ਹਾ ਪਿਲਾਉਣਾ ਸ਼ੁਰੂ ਕਰ ਦਿੱਤਾ ਜਿਹੜਾ ਪਸ਼ੂਆਂ ਨੂੰ ਠੰਢ ਲੱਗਣ 'ਤੇ ਦਿੱਤਾ ਜਾਂਦਾ ਹੈ। ਗਿਆਨੋ ਕੌੜਾ ਅਤੇ ਕਸੈਲਾ ਕਾੜ੍ਹਾ ਵੀ ਚਾਅ ਨਾਲ ਪੀਂਦੀ ਰਹੀ। ਜੱਸੋ ਨੇ ਉਹਨੂੰ ਸਖਤ ਹਿਦਾਇਤ ਕਰ ਦਿੱਤੀ ਕਿ ਉਹ ਘਰ ਤੋਂ ਬਾਹਰ ਅਤੇ ਕਿਸੇ ਦੇ ਸਾਹਮਣੇ ਪਿਸ਼ਾਬ ਨਾ ਕਰੇ। ਉਹ ਜਿੰਨੀ ਵਾਰ ਪਿਸ਼ਾਬ ਕਰਦੀ ਜੱਸੋ ਧਿਆਨ ਨਾਲ ਉਹਦਾ ਨਿਰੀਖਣ ਕਰਦੀ ਅਤੇ ਉਸ ਵਿੱਚ ਖੂਨ ਦੇ ਧੱਬੇ ਨਾ ਦੇਖ ਕੇ ਨਿਰਾਸ਼ ਹੋ ਜਾਂਦੀ।

ਤਿੰਨ ਦਿਨ ਤੱਕ ਕਾੜ੍ਹਾ ਪੀਣ ਤੋਂ ਬਾਅਦ ਗਿਆਨੋ ਦਾ ਪੇਟ ਸਖਤ ਖਰਾਬ ਹੋ ਗਿਆ ਅਤੇ ਉਹਨੂੰ ਦਸਤ ਲੱਗ ਗਏ। ਜੱਸੋ ਦੀ ਨਿਰਾਸ਼ਾ ਆਸ ਵਿੱਚ ਬਦਲ ਗਈ। ਗਿਆਨੋ ਨੂੰ ਕਈ ਵਾਰ ਰਾਤ ਨੂੰ ਵੀ ਬਾਹਰ ਜਾਣਾ ਪੈਂਦਾ। ਜੱਸੋ ਦੋ-ਚਾਰ ਵਾਰ ਉਹਦੇ ਨਾਲ ਗਈ ਪਰ ਬਾਅਦ ਵਿੱਚ ਗਿਆਨੋ ਇਕੱਲੀ ਜਾਣ ਲੱਗ ਪਈ।

ਗਿਆਨੋ ਰਾਤ ਨੂੰ ਖੇਤਾਂ ਵਿੱਚੋਂ ਵਾਪਸ ਆ ਰਹੀ ਸੀ ਕਿ ਕਾਲੀ ਦੇ ਘਰ ਵਿੱਚ ਉਹਨੂੰ ਰੌਸ਼ਨੀ ਦਿਖਾਈ ਦਿੱਤੀ। ਉਹ ਬੇ-ਝਿਜਕ ਓਹਦੇ ਦਰਵਾਜ਼ੇ ਵੱਲ ਵੱਧ ਗਈ। ਪਹਿਲੀ ਦਸਤਕ 'ਤੇ ਉਹਨੇ ਬੂਹਾ ਖੋਲ੍ਹ ਦਿੱਤਾ। ਗਿਆਨੋ ਨੂੰ ਬਹੁਤ ਹੀ ਕਮਜ਼ੋਰ, ਪਰੇਸ਼ਾਨ ਅਤੇ ਹਤਾਸ਼ ਦੇਖ ਕੇ ਕਾਲੀ ਦੇ ਕਾਲਜੇ ਵਿੱਚ ਖੋਹ ਪਈ। ਉਹਦਾ ਉੱਡਿਆ ਹੋਇਆ ਜੋਬਨ ਅਤੇ ਰੰਗਰੂਪ ਦੇਖ ਕੇ ਗਿਆਨੋ ਨੂੰ ਵੀ ਬਹੁਤ ਦੁੱਖ ਪਹੁੰਚਿਆ।

ਗਿਆਨੋ ਉਹਦੇ ਨੇੜੇ ਆ ਗਈ ਅਤੇ ਕੁੱਝ ਦੇਰ ਤੱਕ ਦੋਵੇਂ ਖਾਮੋਸ਼ ਬੈਠੇ ਰਹੇ। ਪਹਿਲਾਂ ਉਹ ਮਿਲਦੇ ਤਾਂ ਆਪਣੇ ਸਾਰੇ ਦੁੱਖ-ਦਰਦ ਭੁੱਲ ਕੇ ਖੁਸ਼ੀ ਵਿੱਚ ਡੁੱਬ ਜਾਂਦੇ ਸੀ ਪਰ ਅੱਜ ਦੋਨਾਂ ਦੇ ਦੁੱਖ ਪਹਿਲਾਂ ਨਾਲੋ ਬਹੁਤ ਜ਼ਿਆਦਾ ਵੱਧ ਚੁੱਕੇ ਸਨ। ਗਿਆਨੋ ਨਜ਼ਰਾਂ ਝੁਕਾਈ ਬੈਠੀ ਸੀ। ਕਾਲੀ ਨੇ ਹੌਂਸਲਾ ਕਰਕੇ ਉਹਦਾ ਚਿਹਰਾ ਉੱਪਰ ਚੁੱਕਿਆ ਤਾਂ ਉਹਦੀਆਂ ਅੱਖਾਂ ਵਿੱਚ ਛਲਕ ਰਹੇ ਹੰਝੂ ਗੱਲਾਂ 'ਤੇ ਵਗਣ ਲੱਗੇ। ਉਹ ਹੰਝੂ ਪੂੰਝਦੀ ਬਹੁਤ ਹੀ ਤਰਲੇ ਭਰੀ ਅਵਾਜ਼ ਵਿੱਚ ਬੋਲੀ:

"ਮੈਨੂੰ ਇੱਥੋਂ ਕਿਤੇ ਲੈ ਜਾ। ਗੱਲ ਬਹੁਤ ਵਿਗੜ ਗਈ ਹੈ।"

ਗਿਆਨੋ ਨੇ ਕਾਲੀ ਨੂੰ ਆਪਣੇ ਗਰਭ ਬਾਰੇ ਦੱਸਿਆ ਤਾਂ ਉਹਦੀਆਂ ਅੱਖਾਂ ਫੈਲ ਗਈਆਂ। ਉਹ ਡਰ ਨਾਲ ਕੰਬਣ ਲੱਗੀ। ਹੌਲੀ-ਹੌਲੀ ਉਹਨੇ ਆਪਣੇ-ਆਪ 'ਤੇ ਕਾਬੂ ਪਾ ਲਿਆ ਅਤੇ ਆਪਣੀ ਅਵਾਜ਼ ਵਿੱਚ ਠਰੰਮਾ ਲਿਆਉਣ ਦੀ ਕੋਸ਼ਿਸ਼ ਕਰਦਾ ਬੋਲਿਆ, "ਮੈਂ ਇਕ-ਦੋ ਦਿਨ ਵਿੱਚ ਕੁੱਛ ਨਾ ਕੁੱਛ ਕਰੂੰਗਾ।" ਕਹਿ ਕੇ ਕਾਲੀ ਸੋਚ ਵਿੱਚ ਪੈ ਗਿਆ ਅਤੇ ਫਿਰ ਗਿਆਨੋ ਦਾ ਸਿਰ ਸਹਿਲਾਉਂਦਾ ਹੋਇਆ ਬੋਲਿਆ:

"ਤੂੰ ਇਸਾਈ ਬਣਨ ਨੂੰ ਤਿਆਰ ਹੈਂ ਨਾ?"

"ਤੇਰੇ ਨਾਲ ਤੂੰ ਜੋ ਕਹੇਂਗਾ ਬਣ ਜਾਊਂਗੀ ਪਰ ਮੈਨੂੰ ਇੱਥੋਂ ਕੱਢ ਲੈ।"

"ਅੱਛਾ, ਕੱਲ੍ਹ ਦੱਸੂੰਗਾ, ਤੂੰ ਪਹਿਰਾ ਸ਼ੁਰੂ ਹੋਣ ਵੇਲੇ ਤਕੀਏ ਤੋਂ ਪਰ੍ਹੇ ਮਿਲੀਂ। ਮੈਂ ਉੱਥੇ ਤੇਰੀ ਉਡੀਕ ਕਰੂੰਗਾ।"

ਕਾਲੀ ਸਵੇਰੇ ਉੱਠਦੇ ਸਾਰ ਹੀ ਪਾਦਰੀ ਦੇ ਕੋਲ ਗਿਆ। ਉਹ ਹਮੇਸ਼ਾਂ ਦੀ ਤਰ੍ਹਾਂ ਖੁਸ਼ੀ ਨਾਲ ਮਿਲਿਆ ਅਤੇ ਇੱਧਰ-ਉੱਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਕਾਲੀ ਨੂੰ ਉਦਾਸ ਅਵਾਜ਼ ਵਿੱਚ ਕਹਿਣ ਲੱਗਾ:

"ਇਹ ਪਿੰਡ ਬਹੁਤ ਖਰਾਬ ਹੈ। ਇੱਥੋਂ ਦੇ ਲੋਕਾਂ ਦੇ ਖਿਆਲਾਤ ਬਹੁਤ ਗੰਦੇ ਹਨ। ਚੰਗੇ ਭਲੇ ਬੰਦੇ ਵਿੱਚ ਕੀੜੇ ਕੱਢਦੇ ਹਨ। ਯੀਸੂ ਮਸੀਹ ਇਹਨਾਂ 'ਤੇ ਰਹਿਮ ਕਰੇ।" ਪਾਦਰੀ ਨੇ ਛਾਤੀ 'ਤੇ ਹੱਥ ਨਾਲ ਕਰਾਸ ਬਣਾ ਕੇ ਕਿਹਾ।

ਕਾਲੀ ਪਾਦਰੀ ਦੇ ਮੂੰਹ ਤੋਂ ਧੀਰਜ ਬਣਾਉਣ ਵਾਲੇ ਸ਼ਬਦ ਸੁਣ ਕੇ ਧੀਮੀ ਅਵਾਜ਼ ਵਿੱਚ ਆਪਣੇ ਮਨ ਦੀ ਗੱਲ ਦੱਸਣ ਲੱਗਾ। ਪਾਦਰੀ ਦੀ ਹਮਦਰਦੀ ਲਗਾਤਾਰ ਉਹਦੇ ਨਾਲ ਵੱਧਦੀ ਜਾ ਰਹੀ ਸੀ। ਕਾਲੀ ਨੇ ਜਦੋਂ ਇਸਾਈ ਧਰਮ ਗ੍ਰਹਿਣ ਕਰਨ ਦੀ ਇੱਛਾ ਜ਼ਾਹਰ ਕੀਤੀ ਤਾਂ ਪਾਦਰੀ ਦਾ ਚਿਹਰਾ ਖਿੜ ਉੱਠਿਆ ਅਤੇ ਉਹ ਖੁਸ਼ ਹੋ ਕੇ ਬੋਲਿਆ:

"ਮੈਨੂੰ ਯਕੀਨ ਸੀ ਕਿ ਇਕ-ਨਾ-ਇਕ ਦਿਨ ਤੇਰੇ ਅੰਦਰ ਯੀਸੂ ਮਸੀਹ ਦਾ ਪ੍ਰੇਮ ਜਾਗੂਗਾ ਅਤੇ ਤੂੰ ਉਸ ਮੁਕੱਦਸ ਬਾਪ ਦੇ ਪੈਰਾਂ ਵਿੱਚ ਆ ਡਿੱਗੇਗਾਂ।"

"ਮੈਂ ਇਕੱਲਾ ਹੀ ਇਸਾਈ ਨਹੀਂ ਬਣੂੰਗਾ, ਮੇਰੇ ਸਾਥ ਗਿਆਨੋ ਵੀ ਇਸਾਈ ਬਣੂਗੀ।"

"ਉਹਦੀ ਮਾਂ ਅਤੇ ਭਰਾ ਵੀ?" ਪਾਦਰੀ ਨੇ ਉਤਸੁਕਤਾ ਨਾਲ ਪੁੱਛਿਆ।

"ਉਹ ਨੀਂ ਬਣਨਗੇ। ਇਸਾਈ ਬਣਨ ਤੋਂ ਬਾਅਦ ਮੈਂ ਅਤੇ ਗਿਆਨੋ ਵਿਆਹ ਕਰਾਂਗੇ... ਇਸਾਈ ਧਰਮ 'ਚ ਇਸ ਤਰ੍ਹਾਂ ਦੇ ਵਿਆਹ ਦੀ ਮਨਾਹੀ ਤਾਂ ਨਹੀਂ?"

"ਨਹੀਂ, ਮਨਾਹੀ ਤਾਂ ਨਹੀਂ ਹੈ... ਪਰ ਗਿਆਨੋ ਦੀ ਉਮਰ ਛੋਟੀ ਹੈ, ਉਹ ਨਾਬਾਲਿਗ ਹੈ... ਉਹ ਆਪਣੀ ਮਾਂ ਦੀ ਇਜਾਜ਼ਤ ਬਿਨਾਂ ਆਪਣਾ ਧਰਮ ਨਹੀਂ ਬਦਲ ਸਕਦੀ।"

ਪਾਦਰੀ ਦੀ ਗੱਲ ਸੁਣ ਕੇ ਕਾਲੀ ਬਹੁਤ ਉਦਾਸ ਹੋ ਗਿਆ ਅਤੇ ਉਹਦੇ ਗੋਡਿਆਂ ਵੱਲ ਝੁਕਦਾ ਹੋਇਆ ਤਰਲੇ ਭਰੇ ਅਵਾਜ਼ ਵਿੱਚ ਬੋਲਿਆ:

"ਪਾਦਰੀ ਜੀ, ਸਾਡੀ ਮਦਦ ਕਰੋ... ਸਾਨੂੰ ਕੋਈ ਰਸਤਾ ਦੱਸੋ... ਘਰ ਤੋਂ ਭੱਜਦੇ ਹਾਂ ਤਾਂ ਪੁਲਿਸ ਪਿੱਛਾ ਕਰੂਗੀ... ਫਿਰ ਭੱਜ ਕੇ ਜਾਵਾਂਗੇ ਕਿੱਥੇ?" ਕਾਲੀ ਦੀਆਂ ਅੱਖਾਂ ਵਿੱਚ ਹੰਝੂ ਛਲਕਣ ਲੱਗੇ। ਪਾਦਰੀ ਉਹਦੇ ਸਿਰ ਉੱਤੇ ਹੱਥ ਰੱਖਦਾ ਹੋਇਆ ਬੋਲਿਆ:

"ਮੈਂ ਇਸ ਮਾਮਲੇ ਵਿੱਚ ਤੇਰੀ ਕੋਈ ਮਦਦ ਨਹੀਂ ਕਰ ਸਕਦਾ... ਤੁਹਾਡੇ ਲਈ ਸਿਰਫ ਦੁਆ ਹੀ ਮੰਗ ਸਕਦਾ ਹਾਂ।"

ਕਾਲੀ ਪਾਦਰੀ ਦੇ ਘਰੋਂ ਸਿੱਧਾ ਟਾਂਡਾ ਉੜਮੁੜ ਚਲਾ ਗਿਆ। ਉਹ ਸਾਰਾ ਦਿਨ ਅੱਡੇ ਦੇ ਨਾਲ ਅੰਬਾਂ ਦੇ ਬਾਗ ਵਿੱਚ ਲੰਮਾ ਪਿਆ ਸੋਚ ਵਿੱਚ ਡੁੱਬਿਆ ਰਿਹਾ। ਗਿਆਨੋ ਨੂੰ ਨਾਲ ਲੈ ਕੇ ਭੱਜਣ ਦੀ ਗੱਲ ਸੋਚਦਾ ਤਾਂ ਉਹਦੀਆਂ ਅੱਖਾਂ ਅੱਗੇ ਪੁਲਿਸ ਦੇ ਸਿਪਾਹੀਆਂ ਦੀਆਂ ਸਖਤ ਸ਼ਕਲਾਂ ਘੁੰਮ ਜਾਂਦੀਆਂ ਅਤੇ ਕੰਨਾਂ ਵਿੱਚ ਉਹਨਾਂ ਦੀਆਂ ਗਾਲ੍ਹਾਂ ਅਤੇ ਕੁੱਟ ਗੂੰਜਣ ਲੱਗਦੀ ਅਤੇ ਉਹਦਾ ਹੌਂਸਲਾ ਟੁੱਟ ਜਾਂਦਾ। ਕਦੇ ਉਹ ਸੋਚਦਾ ਕਿ ਉਹ ਇਕੱਲਾ ਹੀ ਪਿੰਡ ਛੱਡ ਕੇ ਚਲਾ ਜਾਵੇ ਪਰ ਇਸ ਗੱਲ ਲਈ ਵੀ ਉਹਦਾ ਮਨ ਨਾ ਮੰਨਦਾ।

ਰਾਤ ਨੂੰ ਉਹ ਅਣਮੰਨਿਆ ਜਿਹਾ ਤਕੀਏ ਤੋਂ ਪਰ੍ਹਾਂ ਫਸਲ ਵਿੱਚ ਬੈਠਾ ਗਿਆਨੋ ਦੀ ਉਡੀਕ ਕਰਦਾ ਰਿਹਾ। ਉਹਦਾ ਦਿਲ ਧੱਕ-ਧੱਕ ਕਰ ਰਿਹਾ ਸੀ। ਉਹਨੂੰ ਸਮਝ ਨਹੀਂ ਆ ਰਹੀ ਸੀ ਕਿ ਉਹਨੂੰ ਕੀ ਜਵਾਬ ਦੇਵੇਗਾ। ਇਸ ਸਖਤ ਮੁਸ਼ਕਿਲ ਦਾ ਕਿਸ ਤਰ੍ਹਾਂ ਹੱਲ ਕੱਢੇਗਾ। ਪੱਤਾ ਵੀ ਹਿੱਲਦਾ ਤਾਂ ਉਹਦੇ ਕੰਨ ਖੜ੍ਹੇ ਹੋ ਜਾਂਦੇ ਅਤੇ ਸਾਹ ਰੁਕਣ ਲੱਗਦਾ। ਪਿੰਡ ਵਿੱਚ ਪਹਿਰਾ ਸ਼ੁਰੂ ਹੋ ਗਿਆ ਪਰ ਗਿਆਨੋ ਨਾ ਆਈ। ਉਹ ਕੁਛ ਸਮੇਂ ਤੱਕ ਲੁਕ ਕੇ ਬੈਠਾ ਰਿਹਾ। ਪਹਿਰੇਦਾਰ ਪਿੰਡ ਦੇ ਦੂਸਰੇ ਪਾਸੇ ਪਹੁੰਚ ਗਿਆ ਸੀ ਪਰ ਗਿਆਨੋ ਅਜੇ ਤੱਕ ਨਹੀਂ ਸੀ ਆਈ। ਉਹ ਫਸਲ ਤੋਂ

ਬਾਹਰ ਆ ਗਿਆ ਅਤੇ ਦੱਬੇ ਪੈਰੀਂ ਪਿੰਡ ਵੱਲ ਤੁਰ ਪਿਆ। ਉਹ ਗਿਆਨੋ ਦੇ ਦਰਵਾਜ਼ੇ ਦੇ ਸਾਹਮਣੇ ਕੁੱਝ ਪਲਾਂ ਲਈ ਰੁਕ ਗਿਆ ਅਤੇ ਉੱਥੇ ਬਿਲਕੁਲ ਖਾਮੋਸ਼ੀ ਦੇਖ ਕੇ ਅੱਗੇ ਵੱਧ ਗਿਆ। ਮੰਜੇ 'ਤੇ ਪੈਂਦਿਆਂ ਹੀ ਉਹਨੂੰ ਫਿਕਰ ਨੇ ਘੇਰ ਲਿਆ ਕਿ ਪਤਾ ਨਹੀਂ ਗਿਆਨੋ ਕਿਉਂ ਨਹੀਂ ਆਈ। ਉਹ ਵਚਨ ਦੇ ਕੇ ਪਿੱਛੇ ਹਟਣ ਵਾਲੀ ਤਾਂ ਨਹੀਂ ਹੈ। ਉਹ ਸਾਰੀ ਰਾਤ ਸੁੱਤਾ-ਅੱਧਸੁੱਤਾ ਇਸ ਹੀ ਸੋਚ ਵਿੱਚ ਡੁੱਬਿਆ ਰਿਹਾ।

ਸੱਤ ਦਿਨਾਂ ਤੱਕ ਕਾੜ੍ਹਾ ਪਿਲਾਉਣ ਤੋਂ ਬਾਅਦ ਵੀ ਗਿਆਨੋ ਨੂੰ ਕੋਈ ਫਾਇਦਾ ਨਾ ਹੋਇਆ ਤਾਂ ਜੱਸੋ ਬੁਖਲਾ ਗਈ। ਉਹਨੇ ਗਿਆਨੋ ਨੂੰ ਬਹੁਤ ਕੁੱਟਿਆ ਅਤੇ ਆਪ ਵੀ ਬਹੁਤ ਰੋਈ। ਉਹ ਕੋਠੜੀ ਵਿੱਚ ਪਈ ਇਸ ਤਰ੍ਹਾਂ ਵਿਰਲਾਪ ਕਰਦੀ ਰਹੀ ਜਿਵੇਂ ਉਹਦਾ ਨੌਜਵਾਨ ਪੁੱਤ ਮਰ ਗਿਆ ਹੋਵੇ। ਉਹਨੇ ਮੰਗੂ ਨੂੰ ਚੌਧਰੀ ਦੀ ਹਵੇਲੀਓਂ ਸੱਦ ਲਿਆ ਅਤੇ ਉਹਨੂੰ ਕੋਠੜੀ ਵਿੱਚ ਲਿਜਾ ਕੇ ਦਰਵਾਜ਼ਾ ਬੰਦ ਕਰ ਲਿਆ ਅਤੇ ਆਪਣੀ ਛਾਤੀ ਪਿੱਟਦੀ ਬੋਲੀ, "ਪੁੱਤਰਾ ਅਨਰਥ ਹੋ ਗਿਆ ਹੈ।" ਫਿਰ ਉਹ ਮੰਗੂ ਦੇ ਕੰਨ ਵਿੱਚ ਖੁਸਰ-ਫੁਸਰ ਕਰਨ ਲੱਗੀ।

ਮੰਗੂ ਉਹਦੀ ਗੱਲ ਸੁਣ ਕੇ ਭੜਕ ਪਿਆ ਅਤੇ ਦੰਦ ਪੀਂਹਦਾ ਹੋਇਆ ਬੋਲਿਆ, "ਮੈਂ ਦੋਨਾਂ ਨੂੰ ਮਾਰ ਦਿਆਂਗਾ।" ਜੱਸੋ ਉਹਦੇ ਮੂੰਹ 'ਤੇ ਹੱਥ ਰੱਖਦੀ ਹੋਈ ਦੱਬੀ ਅਵਾਜ਼ ਵਿੱਚ ਬੋਲੀ:

"ਰੌਲਾ ਕਿਉਂ ਪਾਉਂਦੇ ਹੋ। ਇੱਜ਼ਤ ਪਹਿਲਾਂ ਹੀ ਰੁਲ ਗਈ ਹੈ ਹੁਣ ਮਿੱਟੀ ਵੀ ਰੋਲਣੀ ਚਾਹੁੰਦਾ ਹੈਂ... ਆਪਣੀ ਚੀਜ਼ ਖੋਟੀ ਸੀ। ਦੂਜੇ ਨੂੰ ਦੋਸ਼ ਕਿਸ ਗੱਲ ਦਾ।"

ਮੰਗੂ ਕੁੱਝ ਸ਼ਾਂਤ ਹੋ ਗਿਆ ਤਾਂ ਜੱਸੋ ਉਦਾਸ ਅਵਾਜ਼ ਵਿੱਚ ਬੋਲੀ:

"ਮੈਂ ਸਭ ਓੜ੍ਹ-ਪੋੜ੍ਹ ਕਰਕੇ ਦੇਖ ਲਏ ਹਨ। ਉਹਨਾਂ ਨਾਲ ਕੁਛ ਨਹੀਂ ਬਣਿਆ। ਮੁਹੱਲੇ ਵਿੱਚ ਵੀ ਲੋਕਾਂ ਨੂੰ ਸ਼ੱਕ ਹੋ ਗਿਆ ਹੈ। ਹਾਲੇ ਤੱਕ ਮੈਨੂੰ ਕਿਸੇ ਨੇ ਕੁੱਛ ਕਿਹਾ ਤਾਂ ਨਹੀਂ ਪਰ ਆਪਸ ਵਿੱਚ ਖੁਸਰ-ਫੁਸਰ ਜ਼ਰੂਰ ਕਰਦੀਆਂ ਹਨ।... ਤੂੰ ਕਿਤਿਓਂ ਮੈਨੂੰ ਸੰਖੀਆ ਲਿਆ ਦੇ, ਮੈਂ ਇਹਨੂੰ ਦੇ ਦਊਂਗੀ। ਇਹ ਮਰ ਗਈ ਤਾਂ ਸਾਰੀ ਗੱਲ ਖਤਮ ਹੋ ਜਾਊਗੀ। ਜੇ ਇਸ ਹਾਲ ਵਿੱਚ ਜਿਉਂਦੀ ਰਹੀ ਤਾਂ ਤੈਨੂੰ ਵੀ ਕਿਸੇ ਨੇ ਕੁੜੀ ਨਹੀਂ ਦੇਣੀ।"

ਇਹ ਸੁਝਾਅ ਦੇ ਕੇ ਜੱਸੋ ਰੋਣ ਲੱਗੀ। ਮੰਗੂ ਸੋਚ ਵਿੱਚ ਪੈ ਗਿਆ ਅਤੇ ਫਿਰ ਉੱਠ ਕੇ ਬਾਹਰ ਚਲਾ ਗਿਆ।

ਤਿੰਨ ਦਿਨਾਂ ਬਾਅਦ ਮੰਗੂ ਨੇ ਆਪਣੀ ਮਾਂ ਨੂੰ ਸੰਖੀਏ ਦੀਆਂ ਡਲੀਆਂ ਲਿਆ ਦਿੱਤੀਆਂ। ਜੱਸੋ ਉਸ ਪੁੜੀ ਨੂੰ ਹੱਥ ਵਿੱਚ ਫੜੀ ਬਹੁਤ ਦੇਰ ਤੱਕ ਬੈਠੀ ਰੋਂਦੀ ਰਹੀ। ਕਈ ਵਾਰ ਉਹਦੇ ਜੀ ਵਿੱਚ ਆਇਆ ਕਿ ਉਹ ਪੁੜੀ ਨੂੰ ਨਾਲੀ ਵਿੱਚ ਸੁੱਟ ਦੇਵੇ ਪਰ ਜਦੋਂ ਇਹ ਸੋਚਦੀ ਕਿ ਸੱਤ-ਅੱਠ ਮਹੀਨਆਂ ਬਾਅਦ ਉਹਦੀ ਕੁਆਰੀ ਕੁੜੀ ਦੇ ਬੱਚਾ ਹੋਏਗਾ ਤਾਂ ਉਹ ਕੰਬ ਜਾਂਦੀ।

ਉਹਨੇ ਗਿਆਨੋ ਨੂੰ ਤਿੰਨ ਦਿਨ ਹੋਰ ਵੀ ਸਖਤ ਕਾੜ੍ਹਾ ਦਿੱਤਾ। ਉਹ ਦਿਨ ਰਾਤ ਰੱਬ ਅੱਗੇ ਅਰਦਾਸ ਕਰਦੀ ਕਿ ਗਿਆਨੋ ਦਾ ਗਰਭ ਡਿੱਗ ਜਾਏ। ਉਹਨੂੰ ਪੂਰੀ ਆਸ ਸੀ ਕਿ ਤੀਜੇ ਦਿਨ ਕਾੜ੍ਹਾ ਜ਼ਰੂਰ ਅਸਰ ਕਰੂਗਾ ਪਰ ਉਹ ਦਿਨ ਲੰਘਣ ਬਾਅਦ ਵੀ ਗਿਆਨੋ ਚੰਗੀ ਭਲੀ ਰਹੀ ਤਾਂ ਜੱਸੋ ਨੇ ਸੰਖੀਆ ਦੇਣ ਦਾ ਫੈਸਲਾ ਕਰ ਲਿਆ। ਉਹਨੇ ਮੰਗੂ ਨੂੰ ਦੱਸ ਦਿੱਤਾ। ਜੱਸੋ ਖਾਮੋਸ਼ੀ ਨਾਲ ਰੋਂਦੀ ਹੋਈ ਸੰਖੀਏ ਦੀਆਂ ਡਲੀਆਂ ਨੂੰ ਗੁੜ ਵਿੱਚ ਲਪੇਟ ਕੇ ਉਹਨਾਂ ਦੀਆਂ ਗੋਲੀਆਂ ਵੱਟਦੀ ਰਹੀ।

ਸ਼ਾਮ ਨੂੰ ਮੰਗੂ ਘਰ ਆਇਆ ਅਤੇ ਗਿਆਨੋ ਨੂੰ ਰੋਟੀ ਪਕਾਉਂਦਿਆਂ ਦੇਖ ਕੇ ਉਹਦੀਆਂ ਅੱਖਾਂ ਵਿੱਚ ਹੰਝੂ ਆ ਗਏ। ਉਹ ਦੀਵੇ ਦੀ ਲੋਅ ਵਿੱਚੋਂ ਉੱਠ ਕੇ ਹਨ੍ਹੇਰੇ ਵਿੱਚ ਜਾ ਬੈਠਾ ਅਤੇ ਇਕਟੱਕ ਉਹਦੀ ਵੱਲ ਦੇਖਦਾ ਰਿਹਾ। ਉਹਨੇ ਗਿਆਨੋ ਦੇ ਹੱਥੋਂ ਰੋਟੀ ਲੈ ਕੇ ਖਾਧੀ। ਅੱਜ ਸ਼ਾਇਦ ਮੰਗੂ ਦੀ ਜ਼ਿੰਦਗੀ ਵਿੱਚ ਪਹਿਲਾ ਦਿਨ ਸੀ ਕਿ ਉਹਨੇ ਗਿਆਨੋ ਨਾਲ ਗਾਲ੍ਹੀ ਗਲੋਚ ਨਹੀਂ ਕੀਤਾ ਸੀ। ਉਹਨੇ ਸੋਚਿਆ ਕਿ ਉਹ ਘਰ ਹੀ ਸੌਂਵੇਗਾ ਪਰ ਬਾਅਦ ਵਿੱਚ ਇਰਾਦਾ ਬਦਲ ਦਿੱਤਾ।

ਜੱਸੋ ਗਿਆਨੋ ਨਾਲ ਬਹੁਤ ਚਾਅ ਅਤੇ ਲਾਡ ਕਰ ਰਹੀ ਸੀ। ਉਹਨੂੰ ਪੁੱਤ ਪੁੱਤ ਕਹਿਕੇ ਬੁਲਾ ਰਹੀ ਸੀ। ਗਿਆਨੋ ਦੀ ਸਮਝ ਵਿੱਚ ਕੁੱਛ ਨਹੀਂ ਆ ਰਿਹਾ ਸੀ ਕਿ ਅੱਜ ਮਾਂ ਦੇ ਵਤੀਰੇ ਵਿੱਚ ਤਬਦੀਲੀ ਕਿਉਂ ਆ ਗਈ ਹੈ। ਉਹ ਖੁਸ਼ ਸੀ ਕਿ ਉਹਦੀ ਮਾਂ ਅਤੇ ਭਰਾ ਦੋਵੇਂ ਗੁੱਸੇ ਵਿੱਚ ਨਹੀਂ ਹਨ।

ਜੱਸੋ ਨੇ ਆਪਣੇ-ਆਪ ਗਿਆਨੋ ਦੀ ਮੰਜੀ ਵਿਹੜੇ ਵਿੱਚ ਵਿਛਾਈ ਅਤੇ ਜਦੋਂ ਉਹ ਸੌਣ ਲੱਗੀ ਤਾਂ ਉਹਦੇ ਹੱਥ ਉੱਤੇ ਗੋਲੀ ਰੱਖ ਕੇ ਪਾਣੀ ਦਾ ਗਿਲਾਸ ਦੇ ਕੇ ਕੰਬਦੀ ਅਵਾਜ਼ ਵਿੱਚ ਬੋਲੀ:

"ਲੈ ਪੁੱਤ, ਖਾ ਲੈ, ਇਸ ਨਾਲ ਅਰਾਮ...।" ਜੱਸੋ ਅੱਗੇ ਕੁੱਝ ਨਾ ਬੋਲ ਸਕੀ ਅਤੇ ਮੂੰਹ ਵਿੱਚ ਪੱਲਾ ਲੈ ਕੇ ਰੋਣ ਲੱਗੀ।

ਗਿਆਨੋ ਨੇ ਚੁੱਪਚਾਪ ਗੋਲੀ ਖਾ ਲਈ। ਕੁੱਝ ਸਮੇਂ ਤੱਕ ਉਹ ਆਰਾਮ ਨਾਲ ਲੰਮੀ ਪਈ ਰਹੀ। ਫਿਰ ਉਹਨੂੰ ਮਹਿਸੂਸ ਹੋਇਆ ਜਿਵੇਂ ਉਹਦੇ ਢਿੱਡ ਨੂੰ ਕੋਈ ਤੇਜ਼ ਚੀਜ਼ ਵੱਢ ਰਹੀ ਹੋਵੇ। ਉਹਦਾ ਸਾਰਾ ਸਰੀਰ ਆਕੜਨ ਲੱਗਾ। ਉਹ ਮੰਜੀ 'ਤੇ ਪਈ ਤੜਫਨ ਲੱਗੀ ਅਤੇ ਜੱਸੋ ਉਹਦੇ ਆਲੇ ਦੁਆਲੇ ਘੁੰਮਦੀ ਹੋਈ ਹੰਝੂ ਵਹਾਉਂਦੀ ਰਹੀ।

ਗਲੀ ਦੇ ਬਾਹਰ ਪਹਿਰੇਦਾਰ ਚੌਥੀ ਵਾਰ ਆਇਆ ਤਾਂ ਗਿਆਨੋ ਨੂੰ ਜ਼ੋਰ ਦੀ ਉਲਟੀ ਆਈ। ਜੱਸੋ ਆਪਣਾ ਰੋਣਾ-ਧੋਣਾ ਭੁੱਲ ਗਈ ਅਤੇ ਦੀਵਾ ਜਗਾ ਕੇ ਗਿਆਨੋ 'ਤੇ ਝੁੱਕ ਗਈ। ਉਹ ਬਿਲਕੁਲ ਬੇਹੋਸ਼ ਪਈ ਸੀ ਅਤੇ ਉਹਦਾ ਸਾਹ ਉੱਖੜ ਰਿਹਾ ਸੀ। ਥੋੜ੍ਹੀ ਹੀ ਦੇਰ ਬਾਅਦ ਉਹਨੂੰ ਇਕ ਹੋਰ ਉਲਟੀ ਆਈ ਅਤੇ ਉਹ ਮੰਜੀ ਉੱਤੇ ਲੁੜਕ ਗਈ।

ਜੱਸੋ ਨੇ ਆਪਣਾ ਸਿਰ ਪਿੱਟ ਲਿਆ ਅਤੇ ਉਹਦੇ ਨਾਲ ਲਿਪਟੀ ਵਿਰਲਾਪ ਕਰਦੀ ਰਹੀ। ਆਖਰੀ ਪਹਿਰ ਤੋਂ ਪਹਿਲਾਂ ਮੰਗੂ ਵੀ ਘਰ ਆ ਗਿਆ ਅਤੇ ਮਾਂ ਨੂੰ ਰੋਂਦਾ ਦੇਖ ਕੇ ਸਮਝ ਗਿਆ ਕਿ ਗਿਆਨੋ ਆਪਣੀ ਜ਼ਿੰਦਗੀ ਦਾ ਦਾਗ ਨਾਲ ਲੈ ਕੇ ਹਮੇਸ਼ਾਂ ਲਈ ਇਸ ਸੰਸਾਰ ਤੋਂ ਚਲੀ ਗਈ ਹੈ। ਉਹਨੂੰ ਦੇਖਦਿਆਂ ਹੀ ਜੱਸੋ ਫੁੱਟ ਪਈ। ਹੁਣ ਤੱਕ ਉਹਨੇ ਥੋੜ੍ਹਾ ਜਿਹਾ ਕਾਬੂ ਰੱਖਿਆ ਹੋਇਆ ਸੀ ਪਰ ਮੰਗੂ ਦੇ ਆਉਣ ਨਾਲ ਜਿਵੇਂ ਉਹਨੂੰ ਛੁੱਟੀ ਮਿਲ ਗਈ ਅਤੇ ਉਹ ਆਪਣੀ ਚੀਕ ਨੂੰ ਦਬਾਉਂਦੀ ਹੋਈ ਨਿਢਾਲ ਹੋ ਗਈ। ਮੰਗੂ ਗਿਆਨੋ ਉੱਪਰ ਝੁੱਕ ਗਿਆ ਅਤੇ ਉਹਦਾ ਚਿਹਰਾ ਆਪਣੇ ਹੰਝੂਆਂ ਨਾਲ ਧੋ ਦਿੱਤਾ। ਜਦੋਂ ਉਹਨੂੰ ਯਾਦ ਆਇਆ ਕਿ ਇਹ ਸਭ ਕਾਲੀ ਕਾਰਨ ਹੋਇਆ ਹੈ ਤਾਂ ਉਹਦੇ ਅੰਦਰ ਬਦਲਾ ਲੈਣ

ਦੀ ਤੀਬਰ ਭਾਵਨਾ ਜਾਗ ਉੱਠੀ। ਉਹ ਡਾਂਗ ਚੁੱਕ ਕੇ ਗਲੀ ਵਿੱਚ ਆ ਗਿਆ। ਪਰ ਜੱਸੋ ਨੇ ਡਿਗਦਿਆਂ-ਢਹਿੰਦਿਆਂ ਉਹਨੂੰ ਆ ਫੜਿਆ ਅਤੇ ਬਹੁਤ ਹੀ ਧੀਮੀ ਅਵਾਜ਼ ਵਿੱਚ ਬੋਲੀ:

"ਪੁੱਤ, ਪਹਿਲਾਂ ਇਸ ਕੰਮ ਨੂੰ ਸਾਂਭ ਲੈ। ਉਹਨੂੰ ਬਾਅਦ ਵਿੱਚ ਦੇਖ ਲਵਾਂਗੇ। ਉਹ ਇਸ ਗਲੀ ਵਿੱਚ ਜ਼ਿੰਦਾ ਨਹੀਂ ਰਹਿ ਸਕਦਾ। ਜਿਹੜੀ ਮਾਂ ਆਪਣੀ ਕੁੱਖੋਂ ਜੰਮੀ ਧੀ ਨੂੰ ਜ਼ਹਿਰ ਦੇ ਸਕਦੀ ਹੈ, ਉਹ ਉਹਨੂੰ ਜਿਉਂਦਾ-ਜਾਗਦਾ ਨਹੀਂ ਰਹਿਣ ਦਊਗੀ।"

ਮਾਂ-ਬੇਟਾ ਅੰਦਰ ਆ ਗਏ। ਜੱਸੋ ਨੇ ਖ਼ੂਨ ਦੇ ਸਾਰੇ ਨਿਸ਼ਾਨ ਮਿਟਾ ਦਿੱਤੇ ਅਤੇ ਫਰਸ਼ ਉੱਤੇ ਲੇਪ ਕਰ ਦਿੱਤਾ। ਜਦੋਂ ਪਹੁ ਫੱਟ ਗਈ ਤਾਂ ਉਹਨੇ ਵਿਹੜੇ ਵਿੱਚ ਖੜੀ ਹੋ ਕੇ ਦਹਾੜ ਮਾਰੀ:

"ਹਾਇ ਵੇ ਲੋਕੋ ਮੈਂ ਲੁੱਟੀ ਗਈ।" ਫਿਰ ਉਹਦੀਆਂ ਚੀਕਾਂ ਸਾਰੇ ਪਿੰਡ ਵਿੱਚ ਛਾ ਗਈਆਂ।

ਲੋਕਾਂ ਨੂੰ ਪਤਾ ਸੀ ਕਿ ਇਹ ਚੀਕਾਂ ਜੱਸੋ ਦੀਆਂ ਹਨ ਅਤੇ ਇਹ ਵੀ ਪਤਾ ਸੀ ਕਿ ਉਹ ਕਿਉਂ ਰੋ ਰਹੀ ਹੈ। ਪਿੰਡ ਵਿੱਚ ਹਰ ਪਿਆਰ ਦੀ ਮਾਰੀ ਮੁਟਿਆਰ ਦਾ ਗਰਭਵਤੀ ਹੋਣ ਬਾਅਦ ਇਹ ਹੀ ਹਾਲ ਹੁੰਦਾ ਸੀ ਅਤੇ ਇਸ ਤਰ੍ਹਾਂ ਦੀ ਮੁਟਿਆਰ ਦੀ ਮਾਂ ਦੀਆਂ ਚੀਕਾਂ ਬਹੁਤ ਹੀ ਦਰਦਭਰੀਆਂ ਹੁੰਦੀਆਂ ਸਨ ਕਿਉਂਕਿ ਉਹਨਾਂ ਵਿੱਚ ਉਸ ਦੇ ਆਪਣੇ ਪਾਪ ਦਾ ਪਛਤਾਵਾ ਵੀ ਸ਼ਾਮਿਲ ਹੁੰਦਾ ਸੀ।

ਥੋੜ੍ਹੀ ਦੇਰ ਵਿੱਚ ਮੁਹੱਲੇ ਦੀਆਂ ਸਾਰੀਆਂ ਤੀਵੀਂਆਂ ਜੱਸੋ ਦੇ ਘਰ ਪਹੁੰਚ ਗਈਆਂ। ਮਰਦ ਸ਼ਮਸ਼ਾਨ ਘਾਟ ਵਿੱਚ ਲੱਕੜੀਆਂ ਪਹੁੰਚਾਉਣ ਲੱਗੇ। ਤਾਇਆ ਬਸੰਤਾ ਮੰਗੂ ਨੂੰ ਜਲਦੀ ਤੋਂ ਜਲਦੀ ਅਰਥੀ ਕੱਢਣ ਲਈ ਜ਼ੋਰ ਦੇ ਰਿਹਾ ਸੀ। ਸਿਰਫ ਜੱਸੋ ਰੋ ਰਹੀ ਸੀ। ਬਾਕੀ ਤੀਵੀਂਆਂ ਉਹਨੂੰ ਚੁੱਪ ਕਰਾ ਰਹੀਆਂ ਸਨ। ਉਹ ਕੰਨਾਂ ਨੂੰ ਛੂਹਦੀਆਂ ਹੋਈਆਂ ਇਕ ਦੂਸਰੀ ਨੂੰ ਅੱਖਾਂ ਨਾਲ ਸਮਝਾ ਰਹੀਆਂ ਸਨ ਕਿ ਗਿਆਨੋ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਹੈ ਪਰ ਕਿਸੇ ਨੇ ਵੀ ਇਹ ਗੱਲ ਆਪਣੇ ਬੁੱਲਾਂ 'ਤੇ ਨਹੀਂ ਆਉਣ ਦਿੱਤੀ। ਗਿਆਨੋ ਦੀ ਮੌਤ ਦਾ ਕਾਰਨ ਨਾ ਤਾਂ ਕਿਸੇ ਨੇ ਪੁੱਛਿਆ ਅਤੇ ਨਾ ਹੀ ਕਿਸੇ ਨੇ ਦੱਸਿਆ।

ਸੂਰਜ ਚੜ੍ਹਨ ਤੋਂ ਥੋੜ੍ਹੀ ਦੇਰ ਬਾਅਦ ਹੀ ਗਿਆਨੋ ਦੀ ਅਰਥੀ ਸ਼ਮਸ਼ਾਨ ਘਾਟ ਵਿੱਚ ਪਹੁੰਚਾ ਦਿੱਤੀ ਗਈ। ਕੋਈ ਰਸਮ-ਰਿਵਾਜ਼ ਨਹੀਂ ਕੀਤੇ ਗਏ ਪਰ ਮੁਹੱਲੇ ਦੇ ਹਰ ਵਿਅਕਤੀ ਨੇ ਉਹਦੀ ਅਰਥੀ ਨੂੰ ਮੋਢਾ ਦਿੱਤਾ ਤਾਂ ਕਿ ਉਹ ਚੁੜੇਲ ਬਣਨ ਤੋਂ ਬਾਅਦ ਉਹਨਾਂ ਨੂੰ ਪਰੇਸ਼ਾਨ ਅਤੇ ਤੰਗ ਨਾ ਕਰੇ।

ਉਹਦੀ ਅਰਥੀ ਨੂੰ ਅੱਗ ਲਾ ਕੇ ਸਾਰੇ ਲੋਕ ਆਪਣੇ-ਆਪਣੇ ਕੰਮ-ਕਾਰ 'ਤੇ ਚਲੇ ਗਏ। ਕੋਈ ਸਫ ਨਹੀਂ ਵਿਛੀ। ਕਿਸੇ ਨੇ ਗਿਆਨੋ ਦੇ ਗੁਣਾਂ ਦੀ ਗੱਲ ਨਾ ਕੀਤੀ। ਸਾਰੇ ਡਰੇ ਹੋਏ ਅਤੇ ਉਦਾਸ ਸਨ। ਜੱਸੋ ਦੇ ਕੋਲ ਸਿਰਫ ਬੇਬੇ ਹੁਕਮੀ ਬੈਠੀ ਸੀ ਅਤੇ ਉਹ ਵੀ ਦਿਲਾਸਾ ਦੇਣ ਦੀ ਬਜਾਏ ਰੱਬ ਨੂੰ ਯਾਦ ਕਰਦੀ ਹੋਈ ਸਾਰਿਆਂ ਲਈ ਚੰਗੀ ਮੱਤ ਦੀ ਕਾਮਨਾ ਕਰ ਰਹੀ ਸੀ।

ਕਾਲੀ ਦੇ ਘਰ ਨੂੰ ਤਾਲਾ ਲੱਗਾ ਹੋਇਆ ਸੀ। ਜੱਸੋ ਦੀ ਪਹਿਲੀ ਚੀਕ ਸੁਣਨ ਬਾਅਦ ਲੋਕਾਂ ਨੇ ਕਾਲੀ ਨੂੰ ਨਹੀਂ ਦੇਖਿਆ ਸੀ, ਨਾ ਘਰ ਵਿੱਚ, ਨਾ ਗਲੀ ਵਿੱਚ ਨਾ ਖੇਤਾਂ ਵਿੱਚ। ਉਹ ਇਸ ਤਰ੍ਹਾਂ ਛਿਪਣ ਹੋ ਗਿਆ ਸੀ ਜਿਵੇਂ ਉਹਨੂੰ ਜ਼ਮੀਨ ਨਿਗਲ ਗਈ ਹੋਵੇ।

ਕੁੱਝ ਲੋਕਾਂ ਨੇ ਰਾਤ ਨੂੰ ਇਹ ਖਬਰ ਫੈਲਾਈ ਕਿ ਉਹਨਾਂ ਨੇ ਕਾਲੀ ਨੂੰ ਸੂਰਜ ਛਿਪਣ ਸਮੇਂ ਗਿਆਨੋ ਦੀ ਚਿਤਾ ਦੇ ਕੋਲ ਬੈਠਿਆਂ ਦੇਖਿਆ ਸੀ। ਉਹ ਉਹਦੀ ਗਰਮ ਸੁਆਹ ਉੱਤੇ ਝੁੱਕਿਆ ਹੋਇਆ ਸੀ ਅਤੇ ਜਦੋਂ ਉਹ ਉਹਦੀ ਵੱਲ ਵਧੇ ਤਾਂ ਉਹ ਖੜ੍ਹੀ ਫਸਲ ਵਿੱਚ ਲੁਕ ਗਿਆ ਅਤੇ ਫਿਰ ਉਹਦਾ ਕੁੱਝ ਪਤਾ ਨਹੀਂ ਲੱਗਿਆ।

**48**

ਤਿੰਨ ਮਹੀਨੇ ਤੱਕ ਪ੍ਰੀਤੋ ਹਰ ਰੋਜ਼ ਸਵੇਰੇ ਸਵੇਰੇ ਖਬਰ ਸੁਣਾਉਂਦੀ ਰਹੀ ਕਿ ਕਾਲੀ ਰਾਤ ਨੂੰ ਵੀ ਨਹੀਂ ਆਇਆ। ਲੋਕ ਕੁੱਝ ਦਿਨ ਤੱਕ ਤਾਂ ਇਸ ਖਬਰ ਨੂੰ ਦਿਲਚਸਪੀ ਨਾਲ ਸੁਣਦੇ ਰਹੇ ਪਰ ਗਿਆਨੋ ਦੀ ਯਾਦ ਭੁੱਲਣ ਦੇ ਨਾਲ ਨਾਲ ਕਾਲੀ ਬਾਰੇ ਵੀ ਉਹਨਾਂ ਦੀ ਜਗਿਆਸਾ ਘੱਟਦੀ ਗਈ।

ਇਕ ਵਾਰ ਕੋਈ ਖਬਰ ਲਿਆਇਆ ਕਿ ਭੋਗਪੁਰ ਅਤੇ ਚਲਾਂਗ ਦੇ ਸਟੇਸ਼ਨਾਂ ਦੇ ਵਿੱਚ ਰੇਲ ਦੇ ਫਾਟਕ ਤੋਂ ਥੋੜ੍ਹੀ ਦੂਰ ਪਰ੍ਹੇ ਰੇਲ ਗੱਡੀ ਦੇ ਪਹੀਏ ਕਿਸੇ ਨੌਜਵਾਨ ਦੇ ਸਿਰ ਅਤੇ ਚਿਹਰੇ ਦੇ ਉੱਪਰੋਂ ਗੁਜ਼ਰੇ ਹਨ ਅਤੇ ਮਿਰਤਕ ਨੂੰ ਪਛਾਣਨਾ ਮੁਸ਼ਕਿਲ ਹੈ ਪਰ ਸੁਣਿਆ ਹੈ ਕਿ ਮਿਰਤਕ ਦਾ ਧੜ ਕਾਲੀ ਨਾਲ ਮਿਲਦਾ-ਜੁਲਦਾ ਹੈ।

ਇਹਤੋਂ ਬਾਅਦ ਖਬਰ ਫੈਲੀ ਕਿ ਤਿੰਨ ਕੋਹ ਦੂਰ ਇਕ ਅੰਨੇ ਖੂਹ ਵਿੱਚੋਂ ਸੜੀ ਹੋਈ ਲਾਸ਼ ਲੱਭੀ ਹੈ। ਕਹਿੰਦੇ ਹਨ ਕਿ ਉਹਦਾ ਹੁਲੀਆ ਕਾਲੀ ਵਰਗਾ ਸੀ। ਲੋਕਾਂ ਨੇ ਦੋਨੋਂ ਖਬਰਾਂ ਸੁਣੀਆਂ ਪਰ ਕਿਸੇ ਨੇ ਵੀ ਪੜਤਾਲ ਕਰਨ ਦੀ ਜ਼ਰੂਰਤ ਨਹੀਂ ਸਮਝੀ।

ਖੇਤਾਂ ਵਿੱਚ ਸਰੋਂ ਖਿੜ੍ਹ ਪਈ ਸੀ ਅਤੇ ਕਣਕ ਦੀ ਫਸਲ ਜ਼ਮੀਨ ਤੋਂ ਇਕ ਹੱਥ ਉੱਚੀ ਹੋ ਗਈ ਸੀ। ਗੰਨੇ ਦੇ ਵੇਲਣੇ ਚੱਲਣ ਲੱਗੇ ਸਨ। ਖੜ੍ਹੇ ਪਾਣੀ 'ਤੇ ਕੁਹਰਾ ਜੰਮਣਾ ਸ਼ੁਰੂ ਹੋ ਗਿਆ ਸੀ। ਲੋਕ ਧੂਣੀਆਂ ਦੇ ਦੁਆਲੇ ਬੈਠੇ ਸਰਦੀਆਂ ਦੇ ਮੌਸਮ ਨੂੰ ਕੋਸਦੇ ਹੋਏ ਗਰਮੀਆਂ ਦੇ ਮੌਸਮ ਦੀਆਂ ਸਿਫਤਾਂ ਕਰਦੇ।

ਮੰਗੂ ਦੀ ਮੱਝ ਰਾਤ ਨੂੰ ਠੰਢ ਨਾਲ ਠਰਦੀ ਸੀ। ਇਕ ਦਿਨ ਅਸਮਾਨ ਉੱਤੇ ਬੱਦਲ ਛਾ ਗਏ ਅਤੇ ਹਲਕੀ ਹਲਕੀ ਬੂੰਦਾਬਾਂਦੀ ਹੋਣ ਲੱਗੀ। ਮੰਗੂ ਹੱਥ ਵਿੱਚ ਡਾਂਗ ਫੜ੍ਹੀ ਕਾਲੀ ਦੀ ਡਿਓਢੀ ਦੇ ਸਾਹਮਣੇ ਆ ਖੜ੍ਹਾ ਹੋਇਆ। ਉਹਨੇ ਅੱਗੇ ਵੱਧ ਕੇ ਤਾਲੇ ਨੂੰ ਹਿਲਾਇਆ। ਉਹਨੂੰ ਜੰਗਾਲ ਲੱਗ ਗਿਆ ਸੀ। ਉਹਨੇ ਗਾਲ੍ਹ ਕੱਢਦਿਆਂ ਡਾਂਗ ਦੇ ਸੁੰਮ ਨਾਲ ਤਾਲਾ ਤੋੜ ਦਿੱਤਾ ਅਤੇ ਕੁੰਡੀ ਖੋਲ੍ਹ ਕੇ ਮੱਝ ਦਾ ਰੱਸਾ ਖੂੰਜੇ ਵਿੱਚ ਪਈ ਚੱਕੀ ਦੇ ਹੱਥੇ ਨਾਲ ਬੰਨ ਕੇ ਦਰਵਾਜ਼ਾ ਫਿਰ ਬੰਦ ਕਰ ਲਿਆ। ●

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

*(ਇਸ ਕਾਲਮ ਵਿੱਚ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹੜੀ ਮੁੱਖ ਧਾਰਾ ਦੇ ਮੀਡੀਏ ਵਿੱਚ ਨਹੀਂ ਮਿਲਦੀ ਜਾਂ ਹਾਸ਼ੀਏ ਉੱਪਰ ਧੱਕ ਦਿੱਤੀ ਜਾਂਦੀ ਹੈ। )*

## ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ

**ਸੁਖਵੰਤ ਹੁੰਦਲ**

sukhwanthundal123@gmail.com

### ਜਾਣ-ਪਛਾਣ:

ਅੱਜ ਸੰਸਾਰ ਪੱਧਰ ਉੱਤੇ ਕੰਜ਼ਿਊਮਰਿਜ਼ਮ (ਖਪਤਵਾਦ) ਨੇ ਲੋਕਾਂ ਦੇ ਰਹਿਣ ਸਹਿਣ ਨੂੰ ਪੂਰੀ ਤਰ੍ਹਾਂ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਓਪਰੀ ਨਜ਼ਰ ਨਾਲ ਦੇਖਿਆਂ ਕੰਜ਼ਿਊਮਰਿਜ਼ਮ ਦਾ ਇਹ ਪਸਾਰ ਤਰੱਕੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਨਜ਼ਰ ਆਉਂਦਾ ਹੈ। ਪਰ ਇਸ ਨੂੰ ਡੂੰਘਾਈ ਨਾਲ ਦੇਖਿਆਂ ਸਾਨੂੰ ਸਮਝ ਆਉਂਦੀ ਹੈ ਕਿ ਇਹ ਧਰਤੀ ਦੇ ਵਾਤਾਵਰਨ ਦੇ ਵਿਨਾਸ਼ ਦਾ ਇਕ ਵੱਡਾ ਕਾਰਨ ਹੈ। ਦਿਨੋ ਦਿਨ ਲੋਕਾਂ ਦੇ ਜੀਵਨ ਉੱਤੇ ਵਧਦੀ ਜਾਂਦੀ ਕੰਜ਼ਿਊਮਰਿਜ਼ਮ ਦੀ ਜਕੜ ਵਾਤਾਵਰਨ ਦੇ ਸੰਕਟ ਨੂੰ ਹੋਰ ਡੂੰਘਾ ਕਰੀ ਜਾਂਦੀ ਹੈ ਅਤੇ ਲੋਕਾਂ ਅਤੇ ਧਰਤੀ ਦੀ ਖੁਸ਼ਹਾਲੀ ਅਤੇ ਹੋਂਦ ਲਈ ਖਤਰਾ ਬਣਦੀ ਜਾਂਦੀ ਹੈ। ਇਸ ਲਈ ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦੇ ਨੁਕਸਾਨ ਦੇ ਆਪਸੀ ਸੰਬੰਧ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਨਾਲ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸੰਸਾਰ ਪੱਧਰ ਉੱਤੇ ਕੰਜ਼ਿਊਮਰਜ਼ਿਮ ਦੀ ਵਧ ਰਹੀ ਜਕੜ ਦੇ ਕੀ ਕਾਰਨ ਹਨ। ਇਹ ਸਮਝਣ ਲਈ ਅਸੀਂ ਇਸ ਲੇਖ ਵਿੱਚ ਅੱਗੇ ਦਿੱਤੀਆਂ ਗੱਲਾਂ 'ਤੇ ਵਿਚਾਰ ਕਰਾਂਗੇ: ਕੰਜ਼ਿਊਮਰਿਜ਼ਮ ਅਤੇ ਇਸ ਦਾ ਪਸਾਰ, ਕੰਜਿਊਮਰਿਜ਼ਮ ਅਤੇ ਵਾਤਾਵਾਰਨ ਦਾ ਨੁਕਸਾਨ ਅਤੇ ਕੰਜ਼ਿਊਮਰਿਜ਼ਮ ਦੇ ਪਸਾਰ ਦੇ ਬੁਨਿਆਦੀ ਕਾਰਨ।

### ਕੰਜ਼ਿਊਮਰਿਜ਼ਮ ਅਤੇ ਇਸ ਦਾ ਪਸਾਰ

ਸਭ ਤੋਂ ਪਹਿਲਾਂ ਸਾਨੂੰ ਇਸ ਗੱਲ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਕੰਜ਼ਿਊਮਰਿਜ਼ਮ ਹੈ ਕੀ? ਮਨੁੱਖ ਨੂੰ ਜ਼ਿੰਦਾ ਰਹਿਣ ਲਈ ਰੋਟੀ, ਕੱਪੜੇ ਅਤੇ ਮਕਾਨ ਦੀ ਲੋੜ ਪੈਂਦੀ ਹੈ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਵਸਤਾਂ/ਸੇਵਾਵਾਂ ਦਾ ਇਸਤੇਮਾਲ ਕੰਜ਼ਿਊਮਰਿਜ਼ਮ ਨਹੀਂ ਹੈ। ਪਰ ਜਦੋਂ ਵਸਤਾਂ/ਸੇਵਾਵਾਂ ਨੂੰ ਹਾਸਲ ਕਰਨਾ ਹੀ ਮਨੁੱਖ ਦੀ ਜ਼ਿੰਦਗੀ ਦਾ ਵੱਡਾ ਮਕਸਦ ਬਣ ਜਾਵੇ ਅਤੇ ਉਹ ਵਸਤਾਂ/ਸੇਵਾਵਾਂ ਹਾਸਲ ਕਰਨ ਨੂੰ ਆਪਣੀ ਪਹਿਚਾਣ, ਪ੍ਰਾਪਤੀ, ਸਮਾਜ ਵਿੱਚ ਆਪਣੇ ਰੁਤਬੇ ਦਾ ਆਧਾਰ ਸਮਝਣ ਲਗ ਪਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਕੰਜ਼ਿਊਮਰਿਜ਼ਮ ਦਾ ਸ਼ਿਕਾਰ ਹੈ। ਵਰਡਵਾਚ ਇੰਸਟੀਚਿਊਟ ਦਾ ਸੀਨੀਅਰ ਖੋਜੀ, ਐਰਿਕ ਐਸਾਡੋਰੀਅਨ, ਬ੍ਰਿਟਿਸ਼ ਅਰਥਸ਼ਾਸਤਰੀ ਪਾਲ ਈਕਿਨਜ਼ ਦੇ ਹਵਾਲੇ ਨਾਲ ਲਿਖਦਾ ਹੈ ਕਿ ਕੰਜਿਊਮਰਿਜ਼ਮ ਅਜਿਹੀ ਸਭਿਆਚਾਰਕ ਸੋਚ ਹੈ ਜਿਸ ਅਨੁਸਾਰ ਸਮਾਜ ਵਿੱਚ "ਵੱਧ ਤੋਂ ਵੱਧ ਵਸਤਾਂ ਅਤੇ ਸੇਵਾਵਾਂ ਦੀ ਮਾਲਕੀ ਅਤੇ ਵਰਤੋਂ ਸਭਿਆਚਾਰਕ ਤੌਰ 'ਤੇ ਮੁੱਖ ਨਿਸ਼ਾਨਾ ਬਣ ਜਾਂਦੀ ਹੈ ਅਤੇ (ਇਸ ਨੂੰ) ਨਿੱਜੀ ਖੁਸ਼ੀ, ਸਮਾਜਕ ਰੁਤਬੇ ਅਤੇ ਕੌਮੀ ਕਾਮਯਾਬੀ ਦਾ ਯਕੀਨੀ ਰਸਤਾ ਮੰਨਿਆ ਜਾਂਦਾ ਹੈ।"[1] ਐਸਾਡੋਰੀਅਨ ਅਨੁਸਾਰ ਜੇ ਸੌਖੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ, "ਕੰਜ਼ਿਊਮਰਿਜ਼ਮ ਇਕ ਅਜਿਹਾ ਸਭਿਆਚਾਰਕ ਵਰਤਾਰਾ ਹੈ ਜਿਸ ਅਨੁਸਾਰ ਲੋਕ ਚੀਜ਼ਾਂ ਅਤੇ ਸੇਵਾਵਾਂ ਦੀ ਖਪਤ ਕਰਕੇ (ਜ਼ਿੰਦਗੀ ਵਿੱਚ) ਮਤਲਬ, ਸੰਤੁਸ਼ਟੀ ਅਤੇ ਪ੍ਰਵਾਨਗੀ ਭਾਲਦੇ ਹਨ। ... ਹਰ ਥਾਂ ਲੋਕ ਵੱਧ ਤੋਂ ਵੱਧ ਖਪਤ ਨੂੰ ਭਲਾਈ ਅਤੇ ਕਾਮਯਾਬੀ ਨਾਲ ਜੋੜ ਕੇ ਦੇਖਦੇ ਹਨ।"[2]

ਸੁਚੇਤ ਜਾਂ ਅਚੇਤ ਰੂਪ ਵਿੱਚ ਕੰਜ਼ਿਊਮਰਿਜ਼ਮ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਅਪਣਾਅ ਕੇ ਜ਼ਿੰਦਗੀ ਜੀਅ ਰਹੇ ਲੋਕਾਂ ਦੇ ਸਮੂਹ ਨੂੰ ਸਮਾਜ ਵਿਗਿਆਨੀਆਂ ਨੇ "ਕੰਜ਼ਿਊਮਰ ਸੁਸਾਇਟੀ" ਜਾਂ "ਕੰਜ਼ਿਊਮਰ ਕਲਾਸ" ਦਾ ਨਾਂ ਦਿੱਤਾ ਹੈ। ਸੰਨ 2004 ਵਿੱਚ ਪ੍ਰਕਾਸ਼ਿਤ ਹੋਈ ਇਕ ਰਿਪੋਰਟ ਅਨੁਸਾਰ 2004 ਤੱਕ ਦੁਨੀਆਂ ਭਰ ਦੇ 27 ਫੀਸਦੀ ਜਾਂ 1.7 ਅਰਬ (ਬਿਲੀਅਨ) ਲੋਕ ਕੰਜ਼ਿਊਮਰ ਸੁਸਾਇਟੀ ਦਾ ਹਿੱਸਾ ਬਣ ਚੁੱਕੇ ਸਨ। ਇਹਨਾਂ ਵਿੱਚੋਂ 27 ਕ੍ਰੋੜ ਅਮਰੀਕਾ ਅਤੇ ਕੈਨੇਡਾ ਵਿੱਚੋਂ ਸਨ, 35 ਕ੍ਰੋੜ ਪੱਛਮੀ ਯੂਰਪ ਵਿੱਚੋਂ, 24 ਕ੍ਰੋੜ ਚੀਨ ਵਿੱਚੋਂ ਅਤੇ 12-12 ਕ੍ਰੋੜ ਜਾਪਾਨ ਅਤੇ ਭਾਰਤ ਵਿੱਚੋਂ ਸਨ। ਇਹਨਾਂ ਲੋਕਾਂ ਦੀ ਆਮਦਨ 7000 ਡਾਲਰ ਸਾਲਾਨਾ ਦੀ ਖ੍ਰੀਦਸ਼ਕਤੀ ਦੇ ਬਰਾਬਰ ਜਾਂ ਉਸ ਤੋਂ ਵੱਧ ਸੀ।[3]

---

[1] Assadourian, Erik (2010). The Rise and Fall of Consumer Cultures. In The Wordwatch Institue. 2010 State of The World: Transforming Cultures from Consumerism to Sustainablity. (p.8) New York, W. W. Norton and Company.
[2] Assadourian, Erik (2010). (p.8)
[3] Gardner Gary, Assdourian Erik and Sarin Radhika (2004). The State of Consumption Today. In The World Watch Institute. State of The World 2004: Special Focus on The Consumer Society. (pp. 3-21). New York, W. W. Norton and Company.

ਅਜੋਕੇ ਕੰਜ਼ਿਊਮਰ ਸਭਿਆਚਾਰ ਦਾ ਫੈਲਾਅ ਕਿੰਨਾ ਕੁ ਵੱਡਾ ਹੈ, ਇਸ ਦਾ ਅੰਦਾਜ਼ਾ ਅਸੀਂ ਅੱਗੇ ਦਿੱਤੇ ਅੰਕੜਿਆਂ ਤੋਂ ਲਾ ਸਕਦੇ ਹਾਂ। ਸੰਨ 2006 ਵਿੱਚ ਦੁਨੀਆਂ ਭਰ ਵਿੱਚ ਲੋਕਾਂ ਨੇ ਵਸਤਾਂ ਅਤੇ ਸੇਵਾਵਾਂ ਦੀ ਖ਼੍ਰੀਦੋਫਰੋਖਤ 'ਤੇ 305 ਖਰਬ ਜਾਂ 30.5 ਟ੍ਰਿਲੀਅਨ ਡਾਲਰ (2008 ਦੀ ਦਰ ਮੁਤਾਬਕ) ਖਰਚ ਕੀਤੇ ਸਨ। ਇਸ ਰਕਮ ਵਿੱਚ ਲੋਕਾਂ ਵਲੋਂ ਖਾਣੇ ਅਤੇ ਰਿਹਾਇਸ਼ ਵਰਗੀਆਂ ਮੁਢਲੀਆਂ ਲੋੜਾਂ ਦੇ ਨਾਲ ਨਾਲ ਕਾਰਾਂ, ਕੰਪਿਊਟਰਾਂ, ਟੈਲੀਵਿਜਨਾਂ, ਹਵਾਈ ਸਫਰਾਂ, ਵੱਡੇ ਵੱਡੇ ਘਰਾਂ ਆਦਿ 'ਤੇ ਕੀਤੇ ਖਰਚੇ ਸ਼ਾਮਲ ਹਨ। ਸੰਨ 2008 ਵਿੱਚ ਦੁਨੀਆ ਭਰ ਵਿੱਚ 6.8 ਕ੍ਰੋੜ ਗੱਡੀਆਂ, 8.5 ਕ੍ਰੋੜ ਫਰਿੱਜਾਂ, 29.7 ਕ੍ਰੋੜ ਕੰਪਿਊਟਰ ਅਤੇ 1.2 ਅਰਬ ਮੋਬਾਈਲ ਜਾਂ ਸੈੱਲ ਫੋਨ ਖ਼੍ਰੀਦੇ ਗਏ ਸਨ।[4] ਮੁਢਲੀਆਂ ਲੋੜਾਂ ਤੋਂ ਬਾਹਰੀ ਖਪਤ 'ਤੇ ਖਰਚੇ ਜਾਂਦੇ ਪੈਸਿਆਂ ਬਾਰੇ ਸਮਝ ਬਣਾਉਣ ਲਈ ਅੱਗੇ ਦਿੱਤੇ ਅੰਕੜੇ ਹੋਰ ਸਹਾਈ ਹੋ ਸਕਦੇ ਹਨ:

* ਅਗਸਤ 2007 ਵਿੱਚ ਛਪੀ ਇਕ ਰਿਪੋਰਟ ਅਨੁਸਾਰ ਸੰਨ 2007 ਵਿੱਚ ਦੁਨੀਆ ਭਰ ਵਿੱਚ ਆਈਸ ਕ੍ਰੀਮ ਦੀ ਸਨਅਤ 59 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। ਇਸ ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਸੀ ਕਿ ਸੰਨ 2010 ਵਿੱਚ ਸੰਸਾਰ ਭਰ ਵਿੱਚ ਆਈਸਕ੍ਰੀਮ ਦੀ ਵਿਕਰੀ 65 ਅਰਬ ਡਾਲਰ ਤੱਕ ਪਹੁੰਚ ਜਾਏਗੀ। [5]

* ਸੰਨ 2008 ਵਿੱਚ ਮੇਕਅੱਪ ਅਤੇ ਇਸ ਨਾਲ ਸੰਬੰਧਤ ਵਸਤਾਂ (ਕੌਸਮੈਟਕ ਅਤੇ ਟੁਆਲਿਟਰੀਜ਼) ਦੀ ਪ੍ਰਚੂਨ ਵਿਕਰੀ 333.5 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। [6]

* ਸੰਨ 2008 ਵਿੱਚ ਬੋਤਲ-ਬੰਦ ਪਾਣੀ ਦੀ ਸਨਅਤ 60 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ ਅਤੇ ਇਸ ਸਾਲ ਇਸ ਸਨਅਤ ਨੇ 241 ਅਰਬ ਲੀਟਰ ਬੋਤਲ-ਬੰਦ ਪਾਣੀ ਵੇਚਿਆ ਸੀ। [7]

* ਪਾਲਤੂ ਜਾਨਵਰਾਂ ਦੇ ਖਾਣੇ ਦੀ ਸਨਅਤ ਹਰ ਸਾਲ 42 ਅਰਬ ਡਾਲਰ ਕਮਾਉਂਦੀ ਹੈ। [8]

ਇਹਨਾਂ ਅੰਕੜਿਆਂ ਦੇ ਸਹੀ ਅਰਥ ਸਾਨੂੰ ਤਾਂ ਹੀ ਸਮਝ ਆਉਣਗੇ ਜੇ ਅਸੀਂ ਇਹਨਾਂ ਨੂੰ ਦੁਨੀਆਂ ਦੇ ਬਹੁਤੇ ਲੋਕਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਧਨ ਦੇ ਸੰਦਰਭ ਵਿੱਚ ਦੇਖੀਏ। ਵਰਡਵਾਚ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਸਾਰੇ ਲੋਕਾਂ ਦੇ ਪੀਣ ਲਈ ਸਾਫ ਪਾਣੀ ਮੁਹੱਈਆ ਕਰਾਉਣ ਲਈ ਸਾਲਾਨਾ 10 ਅਰਬ ਡਾਲਰ ਹੋਰ ਦੀ ਲੋੜ ਹੈ, ਦੁਨੀਆ ਵਿੱਚ ਸਰਵਵਿਆਪਕ ਸਾਖਰਤਾ ਦੇ ਨਿਸ਼ਾਨੇ 'ਤੇ ਪਹੁੰਚਣ ਲਈ ਸਾਲਾਨਾ 5 ਅਰਬ ਡਾਲਰ ਹੋਰ ਦੀ ਲੋੜ ਹੈ ਅਤੇ ਦੁਨੀਆ ਭਰ ਵਿੱਚੋਂ ਭੁੱਖ ਅਤੇ ਅਪੂਰਣ ਖੁਰਾਕ ਦੀ ਸਮੱਸਿਆ ਦਾ ਖਾਤਮਾ ਕਰਨ ਲਈ ਸਾਲਾਨਾ 19 ਅਰਬ ਡਾਲਰ ਹੋਰ ਦੀ ਲੋੜ ਹੈ। [9] ਇਸ ਦਾ ਭਾਵ ਇਹ ਹੋਇਆ ਕਿ ਸਾਲ ਵਿੱਚ ਜਿੰਨੇ ਪੈਸੇ ਪਾਲਤੂ ਜਾਨਵਰਾਂ ਦੀ ਸਨਅਤ ਕਮਾਉਂਦੀ ਹੈ, ਉਸ ਨਾਲੋਂ ਘੱਟ ਪੈਸਿਆਂ ਵਿੱਚ ਦੁਨੀਆਂ ਦੇ ਸਾਰੇ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਪਹੁੰਚਾਇਆ ਜਾ ਸਕਦਾ ਹੈ, ਸਰਵਵਿਆਪਕ ਸਾਖਰਤਾ ਪ੍ਰਦਾਨ ਕੀਤੀ ਜਾ ਸਕਦੀ ਹੈ ਅਤੇ ਭੁੱਖ ਅਤੇ ਅਪੂਰਣ ਖੁਰਾਕ ਦੇ ਸ਼ਿਕਾਰ ਲੋਕਾਂ ਨੂੰ ਰੋਟੀ ਦਿੱਤੀ ਜਾ ਸਕਦੀ ਹੈ।

ਬੇਸ਼ੱਕ ਲੋਕ ਸਦੀਆਂ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਵਸਤਾਂ/ਸੇਵਾਵਾਂ ਦਾ ਇਸਤੇਮਾਲ ਕਰਦੇ ਆਏ ਹਨ, ਪਰ ਕੰਜ਼ਿਊਮਰਿਜ਼ਮ ਸਭਿਆਚਾਰ ਦੀ ਸ਼ੁਰੂਆਤ 1950ਵਿਆਂ ਵਿੱਚ ਮੰਨੀ ਜਾਂਦੀ ਹੈ ਅਤੇ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਵਿੱਚ ਨਾਟਕੀ ਪੱਧਰ ਦਾ ਪਸਾਰ ਹੋਇਆ ਹੈ। ਸੰਨ 2006 ਵਿੱਚ ਛਪੀ ਵਰਲਡ ਬੈਂਕ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਪੀਟਰ ਡਾਵਰਿਨ ਲਿਖਦਾ ਹੈ ਕਿ ਸੰਨ 2006 ਵਿੱਚ ਦੁਨੀਆ ਭਰ ਵਿੱਚ ਤਜਾਰਤੀ ਵਸਤਾਂ ਦੇ ਨਿਰਯਾਤ ਦੀ ਕੀਮਤ 100 ਖਰਬ (10 ਟ੍ਰਿਲੀਅਨ) ਡਾਲਰ ਸੀ ਜਦੋਂ ਕਿ ਸੰਨ 2000 ਵਿੱਚ ਇਹ ਕੀਮਤ 60 ਖਰਬ (6 ਟ੍ਰਿਲੀਅਨ) ਡਾਲਰ ਸੀ। ਸੰਨ 2000 ਵਿਚਲੀ ਤਜਾਰਤੀ ਵਸਤਾਂ ਦੇ ਨਿਰਯਾਤ ਦੀ ਇਹ ਕੀਮਤ ਸੰਨ 1948 ਦੀ ਇਸ ਕੀਮਤ ਤੋਂ 100 ਗੁਣਾਂ ਜ਼ਿਆਦਾ ਸੀ। [10] ਇਕ ਹੋਰ ਰਿਪੋਰਟ ਅਨੁਸਾਰ ਸੰਨ 2000 ਵਿੱਚ ਨਿੱਜੀ ਖਪਤ 'ਤੇ ਖਰਚੀ ਗਈ ਰਕਮ 200 ਖਰਬ (20 ਟ੍ਰਿਲੀਅਨ) ਡਾਲਰ ਦੇ ਬਰਾਬਰ ਸੀ ਜਦੋਂ ਕਿ ਸੰਨ 1960 ਵਿੱਚ ਇਹ ਰਕਮ, 48 ਖਰਬ (4.8 ਟ੍ਰਿਲੀਅਨ) ਡਾਲਰ ਦੇ ਬਰਾਬਰ ਸੀ। ਨਿੱਜੀ ਖਪਤ ਵਿੱਚ ਉਹ ਰਕਮ ਗਿਣੀ ਜਾਂਦੀ ਹੈ, ਜਿਹੜੀ ਘਰਾਂ ਦੀ ਪੱਧਰ 'ਤੇ ਵਸਤਾਂ ਅਤੇ ਸੇਵਾਵਾਂ ਦੀ ਖ਼੍ਰੀਦ ਲਈ ਖਰਚੀ ਜਾਂਦੀ ਹੈ। ਇਹਨਾਂ

---

[4] Assadourian, Erik (2010). (p.4)
[5] Scott Mark and Flanagan Cassidy (August 24, 2007). Ice Cream Wars: Nestle vs. Unilever. Bloomeberg Businessweek. Downloaded May 5, 2011 from: http://www.businessweek.com/globalbiz/content/aug2007/gb20070824_230078.htm

[6] ICIS.com. Global economy to limit cosmetic sales in 2009. Downloaded May 5, 2011 from: http://www.icis.com/Articles/2009/04/03/9206067/global-economy-to-limit-cosmetic-sales-in-2009-euromonitor.html

[7] How Industries Have Shifted Cultural Norms (2010). In The Wordwatch Institue. 2010 State of The World: Transforming Cultures from Consumerism to Sustainablity. (p.14) New York, W. W. Norton and Company.

[8] How Industries Have Shifted Cultural Norms (2010).
[9] Gardner Gary, Assdourian Erik and Sarin Radhika (2004). (p. 10).
[10] Dauvergne, Peter (2008). The Shadows of Consumption (p. 9). Cambridge: The MIT Press.

ਅੰਕੜਿਆਂ ਦਾ ਭਾਵ ਇਹ ਹੋਇਆ ਕਿ ਸੰਨ 1960 ਅਤੇ 2000 ਵਿਚਕਾਰ ਸੰਸਾਰ ਭਰ ਵਿੱਚ ਨਿੱਜੀ ਖਪਤ ਵਿੱਚ ਚਾਰ ਗੁਣਾਂ ਦਾ ਵਾਧਾ ਹੋਇਆ ਸੀ। [11]

ਜੇ ਅਸੀਂ ਪਿਛਲੇ 50-60 ਸਾਲਾਂ ਦੌਰਾਨ ਦੁਨੀਆ ਭਰ ਵਿੱਚ ਕਾਰਾਂ ਦੀ ਗਿਣਤੀ ਵਿੱਚ ਹੋਏ ਵਾਧੇ ਦੇ ਅੰਕੜੇ ਦੇਖੀਏ ਤਾਂ ਕੰਜ਼ਿਊਮਰਿਜ਼ਮ ਸਭਿਆਚਾਰ ਦੇ ਪਸਾਰ ਦੀ ਤਸਵੀਰ ਹੋਰ ਸਪਸ਼ਟ ਹੋ ਜਾਂਦੀ ਹੈ। ਸੰਨ 1950 ਵਿੱਚ ਅਮਰੀਕਾ ਵਿੱਚ ਰਜਿਸਟਰਡ ਕਾਰਾਂ ਦੀ ਗਿਣਤੀ 4 ਕ੍ਰੋੜ 90 ਲੱਖ (49 ਮਿਲੀਅਨ) ਸੀ। ਇਸ ਤੋਂ ਬਾਅਦ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ। ਸੰਨ 1960 ਵਿੱਚ ਅਮਰੀਕਾ ਵਿੱਚ ਰਜਿਸਟਰਡ ਕਾਰਾਂ ਦੀ ਗਿਣਤੀ 7 ਕ੍ਰੋੜ 40 ਲੱਖ (74 ਮਿਲੀਅਨ) ਦੇ ਨੇੜੇ ਸੀ ਜੋ ਕਿ ਸੰਨ 1970 ਵਿੱਚ 10 ਕ੍ਰੋੜ 80 ਲੱਖ (108 ਮਿਲੀਅਨ) ਹੋ ਗਈ ਅਤੇ ਸੰਨ 2000 ਵਿੱਚ ਇਹ ਗਿਣਤੀ 21 ਕ੍ਰੋੜ 30 ਲੱਖ 'ਤੇ ਪਹੁੰਚ ਗਈ। [12] ਇਕ ਹੋਰ ਰਿਪੋਰਟ ਅਨੁਸਾਰ ਸੰਨ 2003 ਵਿੱਚ ਅਮਰੀਕਾ ਵਿੱਚ ਪ੍ਰਾਈਵੇਟ ਕਾਰਾਂ ਦੀ ਗਿਣਤੀ ਲਾਇਸੰਸਸ਼ੁਦਾ ਡਰਾਈਵਰਾਂ ਦੀ ਗਿਣਤੀ ਨਾਲੋਂ ਜ਼ਿਆਦਾ ਸੀ। [13]

ਬੇਸ਼ੱਕ ਕੁਝ ਸਾਲ ਪਹਿਲਾਂ ਤੱਕ ਕਾਰਾਂ ਦੀ ਇਸ ਤਰ੍ਹਾਂ ਦੀ ਵਰਤੋਂ ਪੱਛਮ ਦੇ ਅਮੀਰ ਮੁਲਕਾਂ ਤੱਕ ਹੀ ਸੀਮਤ ਸੀ, ਪਰ ਹੁਣ ਕਾਰਾਂ ਦੀ ਗਿਣਤੀ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਉਦਾਹਰਨ ਲਈ 1990ਵਿਆਂ ਦੇ ਅਖੀਰ ਵਿੱਚ ਚੀਨ ਵਿੱਚ 1000 ਲੋਕਾਂ ਮਗਰ 10 ਕਾਰਾਂ ਪਰ ਸੰਨ 2000 ਤੋਂ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸੰਨ 2002 ਵਿੱਚ ਚੀਨ ਵਿੱਚ 1 ਕ੍ਰੋੜ ਕਾਰਾਂ ਸਨ। ਸੰਨ 2003 ਵਿੱਚ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ ਹਰ ਰੋਜ਼ 11000 ਕਾਰਾਂ ਦਾ ਵਾਧਾ ਹੋਇਆ ਸੀ। [14] ਇੰਟਰਨੈਸ਼ਨਲ ਐਨਰਜੀ ਏਜੰਸੀ ਦਾ ਅੰਦਾਜ਼ਾ ਹੈ ਕਿ 2005-2030 ਵਿਚਕਾਰ ਚੀਨ ਵਿੱਚ ਕਾਰਾਂ ਦੀ ਗਿਣਤੀ ਵਿੱਚ 7 ਗੁਣਾਂ ਦਾ ਵਾਧਾ ਹੋਵੇਗਾ ਅਤੇ ਕਾਰਾਂ ਅਤੇ ਟਰੱਕਾਂ ਦੀ ਕੁੱਲ ਗਿਣਤੀ 27 ਕ੍ਰੋੜ (270 ਮਿਲੀਅਨ) ਹੋ ਜਾਵੇਗੀ। [15]

ਦੁਨੀਆ ਭਰ ਵਿੱਚ ਮੀਟ ਦੀ ਖਪਤ ਦੀ ਕਹਾਣੀ ਵੀ ਕੁੱਝ ਇਸ ਤਰ੍ਹਾਂ ਦੀ ਹੀ ਹੈ। ਇਸ ਸਮੇਂ ਦੁਨੀਆ ਭਰ ਵਿੱਚ ਮੀਟ ਦਾ ਉਤਪਾਦਨ 26 ਕ੍ਰੋੜ (260 ਮਿਲੀਅਨ) ਮੀਟਰਿਕ ਟਨ ਹੈ ਅਤੇ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਮੀਟ ਦਾ ਇਹ ਉਤਪਾਦਨ ਸੰਨ 1950 ਦੇ ਮੁਕਾਬਲੇ 5 ਗੁਣਾਂ ਵੱਧ ਹੈ। ਦੁਨੀਆ ਵਿੱਚ ਸਭ ਤੋਂ ਵੱਧ ਮੀਟ ਦੀ ਖਪਤ (6.8 ਕ੍ਰੋੜ ਜਾਂ 68 ਮਿਲੀਅਨ ਮੀਟਰਿਕ ਟਨ ਸਾਲਾਨਾ) ਚੀਨ ਵਿੱਚ ਹੈ ਅਤੇ ਇਸ ਸੰਬੰਧ ਵਿੱਚ ਦੂਸਰਾ ਨੰਬਰ ਅਮਰੀਕਾ ਦਾ ਹੈ ਜਿੱਥੇ ਮੀਟ ਦੀ ਸਾਲਾਨਾ ਖਪਤ 3.8 ਕ੍ਰੋੜ (38 ਮਿਲੀਅਨ) ਮੀਟਰਿਕ ਟਨ ਹੈ। ਪਰ ਜੇ ਇਸ ਖਪਤ ਨੂੰ ਜੀਅ ਪ੍ਰਤੀ ਖਪਤ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਮੀਟ ਦੀ ਖਪਤ ਵਿੱਚ ਅਮਰੀਕਾ ਚੀਨ ਤੋਂ ਕਿਤੇ ਅੱਗੇ ਹੈ। ਚੀਨ ਵਿੱਚ ਮੀਟ ਦੀ ਸਾਲਾਨਾ ਪ੍ਰਤੀ ਜੀਅ ਖਪਤ 52 ਕਿਲੋਗ੍ਰਾਮ ਹੈ ਜਦੋਂ ਕਿ ਅਮਰੀਕਾ ਵਿੱਚ ਇਹ ਦਰ 125 ਕਿਲੋਗ੍ਰਾਮ ਹੈ। ਭਾਰਤ ਵਿੱਚ ਮੀਟ ਦੀ ਖਪਤ ਇਹਨਾਂ ਦੋਹਾਂ ਦੇਸ਼ਾਂ ਦੇ ਮੁਕਾਬਲੇ ਕਾਫੀ ਘੱਟ ਹੈ। ਸੰਨ 2002 ਵਿੱਚ ਭਾਰਤ ਵਿੱਚ ਜੀਅ ਪ੍ਰਤੀ ਮੀਟ ਦੀ ਖਪਤ ਸਿਰਫ 5 ਕਿਲੋਗ੍ਰਾਮ ਸੀ।[16] ਪਰ ਜਿਸ ਤਰ੍ਹਾਂ ਭਾਰਤ ਵਿੱਚ ਮਕਡੌਨਲਡ, ਪੀਜ਼ਾ ਹੱਟ ਅਤੇ ਇਸ ਤਰ੍ਹਾਂ ਦੇ ਹੋਰ ਫਾਸਟ ਫੂਡ ਰੈਸਟੋਰੈਂਟਾਂ ਦੀ ਗਿਣਤੀ ਵਧ ਰਹੀ ਹੈ, ਉਸ ਨੂੰ ਦੇਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਨੇੜ ਭਵਿੱਖ ਵਿੱਚ ਉੱਥੇ ਜੀਅ ਪ੍ਰਤੀ ਮੀਟ ਦੀ ਖਪਤ ਵਧਣ ਦੀ ਵੱਡੀ ਸੰਭਾਵਨਾ ਹੈ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਬੇਸ਼ੱਕ ਪਿਛਲੇ 4-5 ਦਹਾਕਿਆਂ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਹੋਏ ਇਸ ਤਰ੍ਹਾਂ ਦੇ ਵਾਧੇ ਪਿੱਛੇ ਦੁਨੀਆ ਦੀ ਵਧ ਰਹੀ ਅਬਾਦੀ ਨੇ ਆਪਣੀ ਭੂਮਿਕਾ ਨਿਭਾਈ ਹੈ, ਪਰ ਖਪਤ ਵਿੱਚ ਹੋਇਆ ਇਹ ਵਾਧਾ ਸਿਰਫ ਅਬਾਦੀ ਕਰਕੇ ਹੀ ਨਹੀਂ ਹੈ ਸਗੋਂ ਇਸ ਵਿੱਚ ਵੱਧ ਰਹੇ ਕੰਜ਼ਿਊਮਰਿਜ਼ਮ ਦੀ ਵੱਡੀ ਭੂਮਿਕਾ ਹੈ। ਡਾਵਰਿਨ ਅਨੁਸਾਰ, ਸੰਨ 1960 ਅਤੇ 2000 ਵਿਚਕਾਰ ਨਿੱਜੀ ਖਪਤ 'ਤੇ ਹੋਣ ਵਾਲੇ ਖਰਚਿਆਂ ਵਿੱਚ ਚਾਰ ਗੁਣਾਂ ਤੋਂ ਵੱਧ ਦਾ ਵਾਧਾ ਹੋਇਆ ਹੈ ਜਦੋਂ ਕਿ ਇਸ ਸਮੇਂ ਦੌਰਾਨ ਦੁਨੀਆ ਦੀ ਅਬਾਦੀ ਸਿਰਫ ਦੋ ਗੁਣਾ ਹੀ ਵਧੀ ਹੈ। [17] ਜੇ ਖਪਤ ਵਿੱਚ ਹੋਏ ਵਾਧੇ ਨੂੰ ਵਸਤਾਂ ਦੇ ਵੱਖ ਵੱਖ ਖੇਤਰਾਂ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਕਈ ਖੇਤਰਾਂ ਵਿੱਚ ਖਪਤ ਅਤੇ ਅਬਾਦੀ ਵਿੱਚ ਹੋਏ ਵਾਧੇ ਵਿੱਚ ਕਾਫੀ ਵੱਡਾ ਫਰਕ ਹੈ। ਉਦਾਹਰਨ ਲਈ ਸੰਨ 1950 ਅਤੇ ਸੰਨ 2005 ਦੌਰਾਨ ਦੁਨੀਆ ਦੀ ਅਬਾਦੀ ਵਿੱਚ ਢਾਈ ਗੁਣਾਂ ਦੇ ਕਰੀਬ ਵਾਧਾ ਹੋਇਆ ਸੀ। [18] ਪਰ ਇਸ ਸਮੇਂ ਦੌਰਾਨ ਧਾਤਾਂ ਦੇ ਉਤਪਾਦਨ ਵਿੱਚ ਛੇ ਗੁਣਾਂ, ਤੇਲ ਦੀ ਖਪਤ ਵਿੱਚ ਅੱਠ ਗੁਣਾਂ ਅਤੇ ਕੁਦਰਤੀ ਗੈਸ ਦੀ ਖਪਤ ਵਿੱਚ ਚੌਦਾਂ ਗੁਣਾਂ ਦਾ ਵਾਧਾ ਹੋਇਆ ਸੀ। [19]

---

[11] Gardner Gary, Assdourian Erik and Sarin Radhika (2004). (p. 5).

[12] Dauvergne, Peter (2008). (p. 38-39).

[13] Gardner Gary, Assdourian Erik and Sarin Radhika (2004).

[14] Gardner Gary, Assdourian Erik and Sarin Radhika (2004).

[15] Dauvergne, Peter (2008). (pp. 38-39).

[16] Dauvergne, Peter (2008). (pp. 139-140, 165).

[17] Dauvergne, Peter (2008). (p. 4).

[18] US Census Bureau. International Data Base. Downloaded May 10, 2011 from: http://www.census.gov/population/international/data/idb/informationGateway.php

[19] Gardner Gary, Assdourian Erik and Sarin Radhika (2004). (p. 4).

ਕੰਜ਼ਿਊਮਰਿਜ਼ਮ ਬਾਰੇ ਨੋਟ ਕਰਨ ਵਾਲੀ ਇਕ ਹੋਰ ਗੱਲ ਹੈ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਨਾ-ਬਰਾਬਰੀ। ਇਹ ਨਾ-ਬਰਾਬਰੀ ਦੁਨੀਆ ਦੇ ਵੱਖ ਵੱਖ ਖਿੱਤਿਆਂ ਵਿਚਕਾਰ ਹੈ ਅਤੇ ਨਾਲ ਹੀ ਇਕ ਹੀ ਖਿੱਤੇ ਵਿੱਚ ਰਹਿਣ ਵਾਲੇ ਵੱਖ ਵੱਖ ਆਮਦਨ-ਸ੍ਰੇਣੀਆਂ ਨਾਲ ਸੰਬੰਧ ਰੱਖਣ ਵਾਲੇ ਲੋਕਾਂ ਵਿਚਕਾਰ ਹੈ। ਸੰਨ 2005 ਵਿਚ ਛਪੀ ਵਰਲਡ ਬੈਂਕ ਦੀ ਇਕ ਰਿਪੋਰਟ ਦੇ ਆਧਾਰ 'ਤੇ ਡਾਵਰਿਨ ਲਿਖਦਾ ਹੈ ਕਿ ਦੁਨੀਆ ਦੀ ਨਿੱਜੀ ਖਪਤ ਦੇ ਕੁੱਲ ਖਰਚਿਆਂ ਦਾ 60 ਫੀਸਦੀ ਹਿੱਸਾ ਅਮਰੀਕਾ ਅਤੇ ਯੂਰਪ ਵਲੋਂ ਖਰਚ ਕੀਤਾ ਜਾਂਦਾ ਹੈ ਜਦੋਂ ਕਿ ਇਹਨਾਂ ਦੋਹਾਂ ਖਿੱਤਿਆਂ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦੇ 12 ਫੀਸਦੀ ਤੋਂ ਘੱਟ ਹੈ।[20] ਇਸ ਹੀ ਤਰ੍ਹਾਂ ਸੰਨ 2006 ਵਿੱਚ ਦੁਨੀਆ ਵਿਚਲੀ ਖਪਤ ਦੇ ਖਰਚਿਆਂ (ਕਨਸਪਸ਼ਨ ਐਕਸਪੈਂਡੀਚਰਜ਼) ਦਾ 78 ਫੀਸਦੀ ਹਿੱਸਾ ਦੁਨੀਆ ਦੇ ਵੱਧ ਆਮਦਨ ਵਾਲੇ 65 ਦੇਸ਼ਾਂ ਨੇ ਖਰਚਿਆ ਸੀ ਜਦੋਂ ਕਿ ਇਹਨਾਂ ਦੇਸ਼ਾਂ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ ਸਿਰਫ 16 ਫੀਸਦੀ ਸੀ। ਇਕੱਲੇ ਅਮਰੀਕਾ ਵਿੱਚ ਲੋਕਾਂ ਨੇ ਉਸ ਸਾਲ ਖਪਤਕਾਰੀ ਵਸਤਾਂ 'ਤੇ 97 ਖਰਬ (9.7 ਟ੍ਰਿਲੀਅਨ) ਡਾਲਰ ਖਰਚ ਕੀਤੇ ਸਨ। ਇਹ ਰਕਮ ਦੁਨੀਆ ਦੇ ਖਪਤ ਦੇ ਕੁੱਲ ਖਰਚਿਆਂ ਦਾ 32 ਫੀਸਦੀ ਹਿੱਸਾ ਬਣਦੀ ਹੈ ਜਦੋਂ ਕਿ ਅਮਰੀਕਾ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ ਸਿਰਫ 5 ਫੀਸਦੀ ਹਿੱਸਾ ਹੈ।[21] ਅਮਰੀਕਾ, ਕੈਨੇਡਾ, ਅਸਟ੍ਰੇਲੀਆ, ਜਾਪਾਨ ਅਤੇ ਪੱਛਮੀ ਯੂਰਪ ਦੀ ਅਬਾਦੀ ਦੁਨੀਆ ਦੀ ਅਬਾਦੀ ਦਾ 15 ਫੀਸਦੀ ਬਣਦੀ ਹੈ, ਜਦੋਂ ਕਿ ਇਹ ਦੇਸ਼ ਕੁੱਲ ਮਿਲਾ ਕੇ ਸਾਲ ਵਿੱਚ ਦੁਨੀਆ ਵਿੱਚ ਅਲਮੀਨੀਅਮ ਦੇ ਕੁੱਲ ਉਤਪਾਦਨ ਦਾ 61 ਫੀਸਦੀ, ਸਿੱਕੇ ਦੇ ਕੁੱਲ ਉਤਪਾਦਨ ਦਾ 60 ਫੀਸਦੀ, ਤਾਂਬੇ ਦੇ ਕੁੱਲ ਉਤਪਾਦਨ ਦਾ 59 ਫੀਸਦੀ ਅਤੇ ਸਟੀਲ ਦੇ ਕੁੱਲ ਉਤਪਾਦਨ ਦਾ 49 ਫੀਸਦੀ ਹਿੱਸਾ ਖਪਤ ਕਰਦੇ ਹਨ।[22]

ਬੇਸ਼ੱਕ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਵੀ ਪਿਛਲੇ ਕੁਝ ਸਾਲਾਂ ਦੌਰਾਨ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ ਪਰ ਇਹ ਗਿਣਤੀ ਇਹਨਾਂ ਦੇਸ਼ਾਂ ਦੀ ਕੁੱਲ ਅਬਾਦੀ ਦਾ ਬਹੁਤ ਛੋਟਾ ਹਿੱਸਾ ਹੈ। ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸੰਨ 2004 ਤੱਕ ਦੁਨੀਆ ਵਿੱਚ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ 1.7 ਅਰਬ ਲੋਕਾਂ ਵਿੱਚ ਚੀਨ ਦੇ 24 ਕ੍ਰੋੜ ਅਤੇ ਭਾਰਤ ਦੇ 12 ਕ੍ਰੋੜ ਲੋਕ ਸ਼ਾਮਲ ਸਨ। ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਚੀਨ ਅਤੇ ਭਾਰਤ ਦੇ ਇਹ ਲੋਕ ਆਪਣੇ ਆਪਣੇ ਦੇਸ਼ਾਂ ਦੀ ਕੁੱਲ ਅਬਾਦੀ ਦਾ ਕ੍ਰਮਵਾਰ ਸਿਰਫ 19 ਫੀਸਦੀ ਅਤੇ 12 ਫੀਸਦੀ ਹਿੱਸਾ ਹੀ ਬਣਦੇ ਸਨ ਜਦੋਂ ਕਿ ਅਮਰੀਕਾ ਦੇ 84 ਫੀਸਦੀ, ਜਾਪਾਨ ਦੇ 95 ਫੀਸਦੀ, ਫਰਾਂਸ ਦੇ 89 ਫੀਸਦੀ ਅਤੇ ਯੂ ਕੇ ਦੇ 86 ਫੀਸਦੀ ਲੋਕ ਕੰਜ਼ਿਊਮਰ ਕਲਾਸ ਵਿੱਚ ਸ਼ਾਮਲ ਸਨ।[23]

ਜੇ ਅਸੀਂ ਵੱਖ ਵੱਖ ਵਸਤਾਂ ਦੀ ਖਪਤ ਨੂੰ ਆਧਾਰ ਬਣਾ ਕੇ ਦੇਖੀਏ ਤਾਂ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਨਾ-ਬਰਾਬਰਤਾ ਦਾ ਪਾੜਾ ਹੋਰ ਵੀ ਵੱਡਾ ਦਿਖਾਈ ਦਿੰਦਾ ਹੈ। 2009 ਦੇ ਅੰਕੜਿਆਂ ਮੁਤਾਬਕ ਦੁਨੀਆ ਦੀ ਤੇਲ ਦੀ ਰੋਜ਼ਾਨਾ ਕੁੱਲ ਖਪਤ ਦਾ 22.6 ਫੀਸਦੀ ਹਿੱਸਾ ਅਮਰੀਕਾ ਵਿੱਚ ਖਪਤ ਹੁੰਦਾ ਹੈ ਜਦੋਂ ਕਿ ਅਮਰੀਕਾ ਦੀ ਅਬਾਦੀ ਦੁਨੀਆ ਦੀ ਅਬਾਦੀ ਦਾ 5 ਫੀਸਦੀ ਹੈ। ਅਮਰੀਕਾ, ਜਾਪਾਨ, ਜਰਮਨੀ, ਕੈਨੇਡਾ, ਫਰਾਂਸ ਅਤੇ ਯੂ ਕੇ ਮਿਲ ਕੇ ਦੁਨੀਆ ਦੀ ਤੇਲ ਦੀ ਰੋਜ਼ਾਨਾ ਖਪਤ ਦਾ 37.7 ਫੀਸਦੀ ਹਿੱਸਾ ਖਪਤ ਕਰਦੇ ਹਨ ਜਦੋਂ ਕਿ ਇਹਨਾਂ ਦੇਸ਼ਾਂ ਦੀ ਕੁੱਲ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦੇ 10 ਫੀਸਦੀ ਤੋਂ ਘੱਟ ਹੈ। ਦੂਸਰੇ ਪਾਸੇ ਭਾਰਤ ਵਿੱਚ ਦੁਨੀਆਂ ਦੀ ਰੋਜ਼ਾਨਾ ਤੇਲ ਦੀ ਖਪਤ ਦਾ 3.6 ਫੀਸਦੀ ਹਿੱਸਾ ਖਪਤ ਹੁੰਦਾ ਹੈ ਜਦੋਂ ਕਿ ਭਾਰਤ ਦੀ ਅਬਾਦੀ ਦੁਨੀਆ ਦੀ ਕੁੱਲ ਅਬਾਦੀ ਦਾ 17 ਫੀਸਦੀ ਹਿੱਸਾ ਬਣਦੀ ਹੈ।[24] ਕਾਗਜ਼ ਦੀ ਵਰਤੋਂ ਬਾਰੇ ਅੰਕੜਿਆਂ ਤੋਂ ਸਾਨੂੰ ਪਤਾ ਚੱਲਦਾ ਹੈ ਕਿ ਇਕ ਅਮਰੀਕਨ ਸਾਲ ਵਿੱਚ 300 ਕਿਲੋਗ੍ਰਾਮ ਤੋਂ ਵੱਧ ਕਾਗਜ਼ ਵਰਤਦਾ ਹੈ ਜਦੋਂ ਕਿ ਇਕ ਭਾਰਤੀ 4 ਕਿਲੋਗ੍ਰਾਮ। ਅਫਰੀਕਾ ਵਿੱਚ 20 ਅਜਿਹੇ ਦੇਸ਼ ਹਨ ਜਿੱਥੇ ਸਾਲਾਨਾ ਜੀਅ ਪ੍ਰਤੀ ਕਾਗਜ਼ ਦੀ ਵਰਤੋਂ 1 ਕਿਲੋਗ੍ਰਾਮ ਤੋਂ ਵੀ ਘੱਟ ਹੈ। ਇਸ ਹੀ ਤਰ੍ਹਾਂ ਇਕ ਔਸਤ ਅਮਰੀਕਨ ਸਾਲ ਵਿੱਚ 22 ਕਿਲੋਗ੍ਰਾਮ ਅਲਮੀਨੀਅਮ ਵਰਤਦਾ ਹੈ ਜਦੋਂ ਕਿ ਇਕ ਔਸਤ ਭਾਰਤੀ 2 ਕਿਲੋਗ੍ਰਾਮ ਅਤੇ ਇਕ ਔਸਤ ਅਫਰੀਕਨ 1 ਕਿਲੋਗ੍ਰਾਮ ਤੋਂ ਵੀ ਘੱਟ।[25] ਅਮੀਰ ਮੁਲਕਾਂ ਵਿੱਚ ਪਾਲਤੂ ਰੱਖੇ ਦੋ ਜਰਮਨ ਸ਼ੈਪਰਡ ਕੁੱਤੇ ਸਾਲ ਵਿੱਚ ਉੱਨੇ ਵਸੀਲਿਆਂ ਦਾ ਇਸਤੇਮਾਲ ਕਰਦੇ ਹਨ, ਜਿੰਨੇ ਵਸੀਲੇ ਬੰਗਲਾਦੇਸ਼ ਦਾ ਇਕ ਵਸ਼ਿੰਦਾ ਸਾਲ ਵਿੱਚ ਵਰਤਦਾ ਹੈ।[26] *ਫਰੈਂਡਜ਼ ਆਫ ਦੀ ਅਰਥ ਯੂਰਪ* ਨਾਮੀ ਸੰਸਥਾ ਵਲੋਂ ਸੰਨ 2009 ਵਿੱਚ ਪ੍ਰਕਾਸ਼ਤ ਹੋਈ ਇਕ ਰਿਪੋਰਟ ਅਨੁਸਾਰ, ਅਮੀਰ ਮੁਲਕਾਂ ਵਿੱਚ ਰਹਿਣ ਵਾਲੇ ਲੋਕ ਗਰੀਬ ਮੁਲਕਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮੁਕਾਬਲੇ 10 ਗੁਣਾਂ ਵੱਧ ਕੁਦਰਤੀ ਵਸੀਲਿਆਂ ਦੀ ਵਰਤੋਂ ਕਰਦੇ ਹਨ। ਔਸਤ ਪੱਧਰ 'ਤੇ ਉੱਤਰੀ

---

[20] Dauvergne, Peter (2008). (p. 4).
[21] Assadourian, Erik (2010). (p.6)
[22] Gardner Gary, Assdourian Erik and Sarin Radhika (2004). (p. 4).
[23] Gardner Gary, Assdourian Erik and Sarin Radhika (2004). (p. 8).
[24] NationMaster.com. Energy Statistics. Downloaded May 10, 2011 from: http://www.nationmaster.com/red/pie/ene_oil_con-energy-oil-consumption and World Population. Downloaded May 10, 2011 from: http://www.nationsonline.org/oneworld/world_population.htm

[25] Gardner Gary, Assdourian Erik and Sarin Radhika (2004). (p. 11).
[26] Assadourian, Erik (2010). (p.14)

ਅਮਰੀਕਾ ਦਾ ਇਕ ਵਸ਼ਿੰਦਾ ਹਰ ਰੋਜ਼ 90 ਕਿਲੋਗ੍ਰਾਮ, ਯੂਰਪ ਦਾ ਇਕ ਵਸ਼ਿੰਦਾ 45 ਕਿਲੋਗ੍ਰਾਮ ਅਤੇ ਅਫਰੀਕਾ ਦਾ ਇਕ ਵਸ਼ਿੰਦਾ 10 ਕਿਲੋਗ੍ਰਾਮ ਵਸੀਲੇ ਵਰਤਦਾ ਹੈ। [27]

ਅਗਲੇ ਹਿੱਸੇ ਵਿੱਚ ਜਦੋਂ ਅਸੀਂ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਬਾਰੇ ਗੱਲ ਕਰਾਂਗੇ ਤਾਂ ਸਾਨੂੰ ਦੁਨੀਆ ਵਿੱਚ ਵਸਤਾਂ ਅਤੇ ਸੇਵਾਵਾਂ ਦੀ ਖਪਤ ਵਿਚਲੀ ਇਹ ਨਾ-ਬਰਾਬਰਤਾ ਧਿਆਨ ਵਿੱਚ ਰੱਖਣੀ ਚਾਹੀਦੀ ਹੈ। ਇਹ ਨਾ-ਬਰਾਬਰੀ ਸਾਡੀ ਇਹ ਅਹਿਸਾਸ ਕਰਨ ਵਿੱਚ ਮਦਦ ਕਰੇਗੀ ਕਿ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਲਈ ਵੱਡੀ ਜ਼ਿੰਮੇਵਾਰੀ ਅਮੀਰ ਮੁਲਕਾਂ ਅਤੇ ਅਮੀਰ ਲੋਕਾਂ ਦੇ ਸਿਰ ਆਉਂਦੀ ਹੈ।

## ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਬਾਰੇ ਸਮਝਣ ਲਈ ਇਹ ਜ਼ਰੂਰੀ ਹੈ ਕਿ ਵਸਤਾਂ ਦੇ ਉਤਪਾਦਨ, ਉਹਨਾਂ ਦੀ ਵਿਕਰੀ, ਉਹਨਾਂ ਦੀ ਵਰਤੋਂ ਅਤੇ ਫਿਰ ਉਹਨਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਦੇ ਸਾਰੇ ਕਾਰਜ ਨੂੰ ਧਿਆਨ ਵਿੱਚ ਰੱਖਿਆ ਜਾਵੇ ਨਾ ਕਿ ਸਿਰਫ ਉਹਨਾਂ ਦੀ ਖ਼ੀਦ ਅਤੇ ਵਰਤੋਂ ਨੂੰ ਹੀ। ਇਸ ਦੇ ਨਾਲ ਹੀ ਇਹ ਵੀ ਯਾਦ ਰੱਖਿਆ ਜਾਵੇ ਕਿ ਕੰਜ਼ਿਊਮਰਿਜ਼ਮ ਦਾ ਕਾਰਜ ਇਕ ਸਥਾਨਕ ਕਾਰਜ ਨਹੀਂ ਸਗੋਂ ਇਹ ਇਕ ਗਲੋਬਲ ਨੈੱਟਵਰਕ (ਵਿਸ਼ਵ ਸਿਲਸਿਲੇ) ਦਾ ਹਿੱਸਾ ਹੈ। ਅੱਜ ਕਿਸੇ ਵਸਤ ਦੇ ਉਤਪਾਦਨ ਲਈ ਕੱਚਾ ਮਾਲ ਦੁਨੀਆ ਦੇ ਇਕ ਹਿੱਸੇ ਵਿੱਚ ਕੱਢਿਆ/ਪੈਦਾ ਕੀਤਾ ਜਾਂਦਾ ਹੈ, ਉਸ ਚੀਜ਼ ਨੂੰ ਬਣਾਇਆ ਕਿਸੇ ਹੋਰ ਹਿੱਸੇ ਵਿੱਚ ਜਾਂਦਾ ਹੈ ਅਤੇ ਉਸ ਦੀ ਖਪਤ ਕਿਸੇ ਹੋਰ ਹਿੱਸੇ ਵਿੱਚ ਕੀਤੀ ਜਾਂਦੀ ਹੈ। ਕਈ ਕੇਸਾਂ ਵਿੱਚ ਉਸ ਨੂੰ ਕੂੜੇ ਦੇ ਢੇਰ ਉੱਤੇ ਸੁੱਟਣ ਲਈ ਕਿਸੇ ਹੋਰ ਹਿੱਸੇ ਨੂੰ ਭੇਜਿਆ ਜਾਂਦਾ ਹੈ। ਕੰਜ਼ਿਊਮਰਿਜ਼ਮ ਨੂੰ ਇਸ ਵੱਡੇ ਸੰਦਰਭ ਵਿੱਚ ਦੇਖ ਕੇ ਹੀ ਅਸੀਂ ਇਸ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਸਮੁੱਚੇ ਨੁਕਸਾਨ ਦਾ ਸਹੀ ਮੁੱਲਾਂਕਣ ਕਰ ਸਕਾਂਗੇ।

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਕਾਰਨ ਅਸੀਂ ਧਰਤੀ ਦੇ ਵਸੀਲਿਆਂ ਦੀ ਅੰਧਾਧੁੰਦ ਵਰਤੋਂ ਕਰ ਰਹੇ ਹਾਂ। *ਫਰੈਂਡਜ਼ ਆਫ ਦੀ ਅਰਥ ਯੂਰਪ* ਨਾਮੀ ਸੰਸਥਾ ਦੀ 2009 ਵਿੱਚ ਛਪੀ ਰਿਪੋਰਟ ਇਸ ਬਾਰੇ ਬਹੁਤ ਵਧੀਆ ਜਾਣਕਾਰੀ ਦਿੰਦੀ ਹੈ। ਇਸ ਰਿਪੋਰਟ ਅਨੁਸਾਰ ਹਰ ਸਾਲ ਦੁਨੀਆ ਦੇ ਵਸ਼ਿੰਦੇ 60 ਅਰਬ (ਬਿਲੀਅਨ) ਟਨ ਕੁਦਰਤੀ ਵਸੀਲਿਆਂ ਦੀ ਵਰਤੋਂ ਕਰਦੇ ਹਨ। ਇਹਨਾਂ ਵਸੀਲਿਆਂ ਵਿੱਚ ਖੇਤੀਬਾੜੀ ਅਤੇ ਸਮੁੰਦਰਾਂ ਅਤੇ ਜੰਗਲਾਂ ਤੋਂ ਪ੍ਰਾਪਤ ਹੋਣ ਵਾਲੇ ਅਤੇ ਧਰਤੀ ਹੇਠੋਂ ਕੱਢੇ ਜਾਣ ਵਾਲੇ ਵਸੀਲੇ ਸ਼ਾਮਲ ਹਨ। ਖੇਤੀਬਾੜੀ, ਸਮੁੰਦਰਾਂ ਅਤੇ ਜੰਗਲਾਂ ਤੋਂ ਮਿਲਣ ਵਾਲੇ ਵਸੀਲੇ (ਮੱਛੀਆਂ, ਟਿੰਬਰ ਆਦਿ) ਦੁਬਾਰਾ ਪੈਦਾ ਕੀਤੇ ਜਾ ਸਕਦੇ ਹਨ ਜਦੋਂ ਕਿ ਧਰਤੀ ਹੇਠੋਂ ਕੱਢੇ ਜਾਣ ਵਾਲੇ ਵਸੀਲੇ ( ਤੇਲ, ਕੋਲਾ, ਧਾਤਾਂ ਅਤੇ ਹੋਰ ਖਣਿਜ ਪਦਾਰਥ) ਦੁਬਾਰਾ ਪੈਦਾ ਨਹੀਂ ਕੀਤੇ ਜਾ ਸਕਦੇ। ਕੁਦਰਤੀ ਵਸੀਲਿਆਂ ਦੀ ਇਹ ਵਰਤੋਂ ਤੇਜ਼ੀ ਨਾਲ ਵਧ ਰਹੀ ਹੈ। ਸੰਨ 1980 ਵਿੱਚ ਦੁਨੀਆ ਵਿੱਚ 40 ਅਰਬ (ਬਿਲੀਅਨ) ਟਨ ਵਸੀਲਿਆਂ ਦੀ ਵਰਤੋਂ ਕੀਤੀ ਗਈ ਸੀ ਅਤੇ ਸੰਨ 2005 ਵਿੱਚ ਇਹ ਗਿਣਤੀ ਡੇਢ ਗੁਣਾਂ ਵੱਧ ਕੇ 58 ਅਰਬ (ਬਿਲੀਅਨ) ਟਨ ਹੋ ਗਈ ਸੀ। ਇਸ ਦੇ ਨਾਲ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਇਹਨਾਂ ਵਸੀਲਿਆਂ ਤੱਕ ਪਹੁੰਚ ਕਰਨ ਲਈ ਧਰਤੀ ਵਿੱਚੋਂ ਹੋਰ ਸਮੱਗਰੀ ਕੱਢੀ ਜਾਂ ਵੱਖ ਕੀਤੀ ਜਾਂਦੀ ਹੈ ਪਰ ਉਹ ਵਸਤਾਂ ਦੇ ਉਤਪਾਦਨ ਵਿੱਚ ਵਰਤੀ ਨਹੀਂ ਜਾਂਦੀ। ਇਹ ਸਮੱਗਰੀ 40 ਅਰਬ (ਬਿਲੀਅਨ) ਟਨ ਸਾਲਾਨਾ ਦੇ ਬਰਾਬਰ ਬਣਦੀ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ ਅਸੀਂ ਹਰ ਸਾਲ ਧਰਤੀ ਤੋਂ 100 ਅਰਬ (ਬਿਲੀਅਨ) ਟਨ ਦੇ ਬਰਾਬਰ ਦੇ ਵਸੀਲਿਆਂ ਦੀ ਵਰਤੋਂ ਕਰਦੇ ਹਾਂ। [28]

ਬਹੁਤ ਸਾਰੇ ਵਾਤਾਵਰਨ ਮਾਹਰਾਂ ਦਾ ਵਿਚਾਰ ਹੈ ਕਿ ਧਰਤੀ ਦੇ ਵਸੀਲਿਆਂ ਦੀ ਇਸ ਪੱਧਰ ਦੀ ਵਰਤੋਂ ਸਸਟੇਨੇਬਲ ਨਹੀਂ ਭਾਵ ਧਰਤੀ ਦੀ ਭਾਰ ਝੱਲਣ ਦੀ ਸਮਰਥਾ ਤੋਂ ਜ਼ਿਆਦਾ ਹੈ। ਇਕ ਅਨੁਮਾਨ ਅਨੁਸਾਰ ਇਸ ਸਮੇਂ ਦੁਨੀਆਂ ਦੇ ਵਸ਼ਿੰਦੇ ਧਰਤੀ ਦੀ ਸਮਰਥਾ ਤੋਂ 1.3 ਗੁਣਾਂ ਜ਼ਿਆਦਾ ਵਸੀਲੇ ਵਰਤ ਰਹੇ ਹਨ। ਇਸ ਸਮੇਂ ਧਰਤੀ ਦੇ ਈਕੋਸਿਸਟਮ ਤੋਂ ਮਿਲਣ ਵਾਲੀਆਂ 60 ਫੀਸਦੀ ਸੇਵਾਵਾਂ - ਜਿਵੇਂ ਵਾਤਾਵਰਨ ਦਾ ਨਿਯੰਤ੍ਰਨ, ਤਾਜ਼ੇ ਪਾਣੀ ਦੀ ਉਪਲੱਭਤਾ, ਰਹਿੰਦ-ਖੂਹੰਦ ਨਾਲ ਨਜਿੱਠਣ ਦੀ ਯੋਗਤਾ, ਸਮੁੰਦਰ ਤੋਂ ਮਿਲਣ ਵਾਲੇ ਖਾਣੇ ਆਦਿ - ਦਾ ਜਾਂ ਤਾਂ ਨੁਕਸਾਨ ਹੋ ਰਿਹਾ ਹੈ ਜਾਂ ਉਹਨਾਂ ਦੀ ਸਮਰਥਾ ਤੋਂ ਵੱਧ ਵਰਤੋਂ ਹੋ ਰਹੀ ਹੈ। [29] ਪੀਟਰ ਡਾਵਰਿਨ (2008) ਇਸ ਸੰਬੰਧ ਵਿੱਚ ਕੁਝ ਹੋਰ ਅੰਕੜੇ ਪੇਸ਼ ਕਰਦਾ ਹੈ:

* 1970 ਤੋਂ ਲੈ ਕੇ ਹੁਣ ਤੱਕ ਐਟਲਾਂਟਿਕ ਬਲੂਫਿਨ ਟਿਊਨਾ ਮੱਛੀ ਦੀ ਗਿਣਤੀ 80 ਫੀਸਦੀ ਘੱਟ ਗਈ ਹੈ।

---

[27] Friends of the Earth Europe (2009). Overconsumption? Our use of the world's natural resources. Downloaded May 15, 2011, from: seri.at/news/2009/09/24/overconsumption/

[28] Friends of the Earth Europe (2009). (p. 9-10).

[29] Assadourian, Erik (2010). (p.4)

* ਪਿਛਲੇ ਚਾਰ ਦਹਾਕਿਆਂ ਦੌਰਾਨ ਕੈਨੇਡਾ ਦੇ ਪੂਰਬੀ ਤੱਟ ਤੋਂ ਮਿਲਣ ਵਾਲੀ ਕੌਡ ਮੱਛੀ ਦੀ ਗਿਣਤੀ 99 ਫੀਸਦੀ ਘੱਟ ਗਈ ਹੈ ਅਤੇ ਇਹ ਮੱਛੀ ਹੁਣ ਖਤਮ ਹੋਣ ਦੇ ਖਤਰੇ ਹੇਠ (ਇਨਡੇਂਜਰਡ) ਮੰਨੀ ਜਾਂਦੀ ਹੈ।

* ਤਪਤ-ਖੰਡ ਵਿੱਚ ਹਰ ਸਾਲ 3 ਕ੍ਰੋੜ 20 ਲੱਖ ਏਕੜ ਜੰਗਲਾਂ (ਟਰੌਪੀਕਲ ਰੇਨਫੌਰੈਸਟਸ) ਦਾ ਖਾਤਮਾ ਹੋ ਰਿਹਾ ਹੈ। ਇਕੱਲੇ ਬਰਾਜ਼ੀਲ ਵਿੱਚ ਹੀ ਹਰ ਸਾਲ 70 ਲੱਖ ਏਕੜ ਜੰਗਲ ਅਤੇ ਇੰਡੋਨੇਸ਼ੀਆ ਵਿੱਚ 50 ਲੱਖ ਏਕੜ ਜੰਗਲ ਖਤਮ ਹੋ ਰਹੇ ਹਨ।

* ਕਦੇ ਅਰਲ ਸਮੁੰਦਰ ਦੁਨੀਆ ਦੀਆਂ ਸਭ ਤੋਂ ਵੱਡੀਆਂ ਝੀਲਾਂ ਵਿੱਚੋਂ ਚੌਥੇ ਨੰਬਰ 'ਤੇ ਆਉਂਦਾ ਸੀ, ਪਰ ਇਸ ਦੇ ਪਾਣੀ ਦੀ ਬਿਜਲੀ ਉਤਪਾਦਨ ਅਤੇ ਖੇਤੀਬਾੜੀ ਲਈ ਕੀਤੀ ਜਾਂਦੀ ਵਰਤੋਂ ਕਾਰਨ ਇਹ ਪਿਛਲੇ ਤਿੰਨ ਦਹਾਕਿਆਂ ਵਿੱਚ ਸੁੱਕ ਕੇ ਅੱਧਾ ਰਹਿ ਗਿਆ ਹੈ।[30]

ਤਪਤ-ਖੰਡ ਵਿੱਚ ਜੰਗਲਾਂ ਦੇ ਖਾਤਮੇ ਕਾਰਨ ਦੁਨੀਆਂ ਦੇ ਜਾਨਵਰਾਂ ਅਤੇ ਪੌਦਿਆਂ ਦੀਆਂ ਜਾਤੀਆਂ ਦਾ ਵੱਡੀ ਪੱਧਰ 'ਤੇ ਖਾਤਮਾ ਹੋ ਰਿਹਾ ਹੈ ਕਿਉਂਕਿ ਜਾਨਵਰਾਂ ਅਤੇ ਪੌਦਿਆਂ ਦੀਆਂ ਅੱਧੀਆਂ ਤੋਂ ਵੱਧ ਜਾਤੀਆਂ ਤਪਤ-ਖੰਡ ਦੇ ਜੰਗਲਾਂ ਵਿੱਚ ਮਿਲਦੀਆਂ ਹਨ।[31] ਵਸੀਲਿਆਂ ਦੀ ਖਪਤ ਦੇ ਸੰਬੰਧ ਵਿੱਚ ਕਈ ਹੋਰ ਮਾਹਰਾਂ ਦਾ ਅਨੁਮਾਨ ਹੈ ਕਿ ਜੇ ਦੁਨੀਆ ਦੇ ਸਾਰੇ ਲੋਕ ਇਕ ਔਸਤ ਅਮਰੀਕਨ ਦੇ ਬਰਾਬਰ ਵਸਤਾਂ ਅਤੇ ਸੇਵਾਵਾਂ ਦਾ ਇਸਤੇਮਾਲ ਕਰਨ ਲੱਗ ਪੈਣ ਤਾਂ ਇਸ ਨਾਲ ਪੈਦਾ ਹੋਣ ਵਾਲੀ ਵਸਤਾਂ ਅਤੇ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਲਈ ਚਾਰ ਹੋਰ ਧਰਤੀਆਂ ਦੀ ਲੋੜ ਪਵੇਗੀ।[32]

ਧਰਤੀ ਦੇ ਕੁਦਰਤੀ ਵਸੀਲਿਆਂ ਦੀ ਅੰਧਾਧੁੰਦ ਵਰਤੋਂ ਦੇ ਸੰਬੰਧ ਵਿੱਚ ਦੂਸਰੀ ਗੱਲ ਇਹ ਹੈ ਕਿ ਇਹਨਾਂ ਨੂੰ ਧਰਤੀ ਵਿੱਚੋਂ ਕੱਢਣ ਜਾਂ ਧਰਤੀ 'ਤੇ ਪੈਦਾ ਕਰਨ ਦੇ ਕਾਰਜ ਨਾਲ ਵੱਡੀ ਪੱਧਰ ਉੱਤੇ ਵਾਤਾਵਰਨ ਦਾ ਨੁਕਸਾਨ ਹੁੰਦਾ ਹੈ। ਇਸ ਸੰਬੰਧ ਵਿੱਚ ਕੁਝ ਉਦਾਹਰਨਾਂ ਪੇਸ਼ ਹਨ। ਨਾਈਜੀਰੀਆ ਅਫਰੀਕਾ ਵਿੱਚ ਸਭ ਤੋਂ ਵੱਧ ਤੇਲ ਪੈਦਾ ਕਰਨ ਵਾਲਾ ਦੇਸ਼ ਹੈ ਅਤੇ ਦੁਨੀਆ ਵਿੱਚ ਤੇਲ ਪੈਦਾ ਕਰਨ ਵਾਲੇ ਦੇਸ਼ਾਂ ਵਿੱਚੋਂ ਇਹ ਗਿਆਂਰਵੇਂ ਨੰਬਰ 'ਤੇ ਆਉਂਦਾ ਹੈ। ਸੰਨ 2004 ਵਿੱਚ ਨਾਈਜ਼ੀਰੀਆ ਵਿੱਚ ਕਰੂਡ ਆਇਲ ਦਾ ਰੋਜ਼ਾਨਾ ਉਤਪਾਦਨ 25 ਲੱਖ ਬੈਰਲ ਸੀ। ਕਹਿੰਦੇ ਹਨ ਕਿ ਕਦੇ ਇੱਥੋਂ ਦਾ ਨਾਈਜਰ ਡੈਲਟਾ ਨਾਈਜੀਰੀਆ ਦਾ ਅਨਾਜ-ਭੰਡਾਰ ਹੁੰਦਾ ਸੀ। ਪਰ ਇਸ ਸਮੇਂ ਤੇਲ ਕੱਢਣ ਨਾਲ ਸੰਬੰਧਤ ਵੱਖ ਵੱਖ ਕਾਰਜਾਂ ਦੌਰਾਨ ਨਾਈਜਰ ਡੈਲਟਾ ਦੀ ਧਰਤੀ ਪੂਰੀ ਤਰ੍ਹਾਂ ਬਰਬਾਦ ਹੋ ਚੁੱਕੀ ਹੈ। ਗੈਸ ਫਲੇਅਰਿੰਗ (ਤੇਲ ਕੱਢਦੇ ਸਮੇਂ ਅਣਚਾਹੀ/ਬੇਲੋੜੀ ਗੈਸ ਨੂੰ ਮਸ਼ਾਲ ਦੀ ਲਾਟ ਬਾਲ ਕੇ ਨਸ਼ਟ ਕਰਨ ਦਾ ਕਾਰਜ) ਕਾਰਨ ਸਲਫਰ ਡਾਇਔਕਸਾਈਡ, ਨਾਈਟਰੋਜਨ ਡਾਈਔਕਸਾਈਡ ਵਰਗੇ ਕਈ ਜ਼ਹਿਰੀਲੇ ਪਦਾਰਥਾਂ ਦਾ ਮਿਸ਼ਰਨ, ਬੈਨਜ਼ਾਪਾਈਰੀਨ ਅਤੇ ਡਾਇਔਕਸਾਈਨ ਵਰਗੇ ਕੈਂਸਰ ਲਾਉਣ ਵਾਲੇ ਪਦਾਰਥ ਅਤੇ ਬੈਨਜ਼ੀਨ, ਟੋਲੂਈਨ, ਹਾਈਡਰੋਜਨ ਸਲਫਲਾਈਡ ਵਰਗੇ ਅਣਬਲੇ ਤੇਲ ਦੇ ਤੱਤ ਵਾਤਾਵਰਨ ਵਿੱਚ ਛੱਡੇ ਜਾ ਰਹੇ ਹਨ। ਨਤੀਜੇ ਵਜੋਂ ਇਸ ਇਲਾਕੇ ਦੇ ਲੋਕਾਂ ਵਿੱਚ ਸਾਹ ਅਤੇ ਫੇਫੜਿਆਂ ਦੀ ਕਈ ਤਰ੍ਹਾਂ ਦੀਆਂ ਬੀਮਾਰੀਆਂ ਦੀ ਬਹੁਤਾਤ ਹੈ। ਇਸ ਦੇ ਨਾਲ ਹੀ ਵਾਤਾਵਰਨ ਵਿੱਚ ਛੱਡੀਆਂ ਗਈਆਂ ਸਲਫਰ ਡਾਈਔਕਸਾਈਡ ਅਤੇ ਨਾਈਟਰੋਜਨ ਔਕਸਾਈਡ ਗੈਸਾਂ ਕਾਰਨ ਇਸ ਇਲਾਕੇ ਨੂੰ ਤੇਜ਼ਾਬੀ ਮੀਂਹ (ਏਸਿਡ ਰੇਨ) ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੇਜ਼ਾਬੀ ਮੀਂਹ ਨੇ ਇਲਾਕੇ ਦੀਆਂ ਝੀਲਾਂ, ਨਦੀਆਂ ਅਤੇ ਨਾਲਿਆਂ ਵਿੱਚ ਤੇਜ਼ਾਬ ਘੋਲ ਦਿੱਤਾ ਹੈ ਅਤੇ ਉੱਥੋਂ ਦੀ ਬਨਸਪਤੀ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਇਲਾਕੇ ਦੀਆਂ ਇਮਾਰਤਾਂ ਦੀਆਂ ਛੱਤਾਂ ਹੌਲੀ ਹੌਲੀ ਤੇਜ਼ਾਬ ਨਾਲ ਖਾਧੀਆਂ ਜਾ ਰਹੀਆਂ ਹਨ। ਇਹ ਮੰਨਿਆ ਜਾਂਦਾ ਹੈ ਕਿ ਨਾਈਜਰ ਡੈਲਟਾ ਦਾ ਇਲਾਕਾ ਦੁਨੀਆ ਭਰ ਵਿੱਚ ਪੈਟਰੋਲ ਕਾਰਨ ਬੁਰੀ ਤਰ੍ਹਾਂ ਨੁਕਸਾਨੇ ਗਏ ਪੰਜ ਈਕੋਸਿਸਟਮਾਂ ਵਿੱਚੋਂ ਇਕ ਹੈ।[33] ਤੇਲ ਕੱਢਣ ਕਾਰਨ ਨਾਈਜੀਰੀਆ ਵਿੱਚ ਵਾਤਾਵਰਨ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ ਦਾ ਅਸਰ ਸਿਰਫ ਨਾਈਜੀਰੀਆ ਦੇ ਲੋਕਾਂ ਤੱਕ ਸੀਮਤ ਨਹੀਂ ਸਗੋਂ ਸਾਰੀ ਦੁਨੀਆ ਦੇ ਲੋਕ ਇਸ ਦੀ ਮਾਰ ਹੇਠ ਹਨ। ਉਦਾਹਰਨ ਲਈ ਨਾਈਜੀਰੀਆ ਵਿੱਚ ਗੈਸ ਫਲੇਅਰਿੰਗ ਕਾਰਨ ਹਰ ਰੋਜ਼ 2.5 ਅਰਬ (ਬਿਲੀਅਨ) ਸਟੈਂਡਰਡ ਕਿਊਬਿਕ ਫੁੱਟ ਗੈਸ ਬਾਲੀ ਜਾ ਰਹੀ ਹੈ। ਇਸ ਦੇ ਨਤੀਜੇ ਵਜੋਂ ਵੱਡੀ ਮਾਤਰਾ ਵਿੱਚ ਗਰੀਨ ਹਾਊਸ ਗੈਸਾਂ ਵਾਤਾਵਰਨ ਵਿੱਚ ਛੱਡੀਆਂ ਜਾ ਰਹੀਆਂ ਹਨ ਜਿਹੜੀਆਂ ਸਾਰੀ ਦੁਨੀਆ ਦੇ ਵਾਤਾਵਰਨ ਤੇ ਅਸਰ ਪਾਉਂਦੀਆਂ ਹਨ।[34]

ਖਾਣਾਂ ਵਿੱਚੋਂ ਧਾਤਾਂ ਕੱਢਣ ਦਾ ਕਾਰਜ ਵਾਤਾਵਰਨ ਨੂੰ ਕਈ ਤਰ੍ਹਾਂ ਨੁਕਸਾਨ ਪਹੁੰਚਾਉਂਦਾ ਹੈ। ਉਦਾਹਰਨ ਲਈ ਖਾਣਾਂ ਵਿੱਚੋਂ ਧਾਤ ਕੱਢਣ ਲਈ ਬਹੁਤ ਸਾਰੀ ਧਰਤੀ ਨੂੰ ਪੁੱਟਣਾ ਪੈਂਦਾ ਹੈ, ਮੈਟਾਲਿਕ ਸਲਫਾਈਡਜ਼ ਦੀ ਔਕਸੀਡੇਸ਼ਨ ਕਾਰਨ ਤੇਜ਼ਾਬੀ ਮਾਦਾ ਪੈਦਾ ਹੁੰਦਾ ਹੈ ਜਿਹੜਾ ਧਰਤੀ ਹੇਠਲੇ ਅਤੇ ਧਰਤੀ ਉੱਪਰਲੇ ਪਾਣੀ ਨੂੰ ਪ੍ਰਦੂਸ਼ਤ ਕਰ ਸਕਦਾ ਹੈ, ਧਰਤੀ ਨੂੰ ਖੋਰਾ ਲੱਗ ਸਕਦਾ ਹੈ ਅਤੇ ਇਸ ਨਾਲ ਧਰਤੀ ਉੱਪਰਲੇ ਪਾਣੀ ਪ੍ਰਦੂਸ਼ਤ ਹੋ ਸਕਦਾ ਹੈ। ਧਰਤੀ ਨੂੰ ਖੋਰਾ ਲੱਗਣ ਕਾਰਨ ਧਰਤੀ ਦੀ ਉਪਰਲੀ ਤਹਿ (ਟੌਪ ਸੌਇਲ) ਅਤੇ ਉਸ ਵਿਚਲੇ ਤੱਤਾਂ ਦੇ ਇਕ ਥਾਂ

---

[30] Dauvergne, Peter (2008). (pp. 19-20).

[31] Wikipedia. Tropical rainforests. Downloaded May 17, 2011 from: http://en.wikipedia.org/wiki/Tropical_rainforest

[32] Taylor Betsy and, Tiford Dave (2000). Why Consumption Matters. In Juliet B. Schor and Douglas B. Holt (Eds.) The Consumer Society Reader. (pp. 463-487). New York, The New Press.

[33] Friends of the Earth Europe (2009). (p. 12).

[34] Howden, Daniel (27 April 2010). Visible from space, deadly on Earth: the gas flares of Nigeria. The Independent. Downloaded May 19, 2011 from: http://www.independent.co.uk/news/world/africa/visible-from-space-deadly-on-earth-the-gas-flares-of-nigeria-1955108.html

ਤੋਂ ਦੂਜੀ ਥਾਂ ਨੂੰ ਤਬਦੀਲ ਹੋਣ ਕਾਰਨ ਮਿੱਟੀ ਦੀ ਬਣਤਰ, ਬਨਸਪਤੀ ਅਤੇ ਬਨਸਪਤੀ ਨੂੰ ਦੁਬਾਰਾ ਉਗਾਉਣ ਦੇ ਕਾਰਜ ਉੱਪਰ ਮਾੜੇ ਅਸਰ ਪੈ ਸਕਦੇ ਹਨ। ਇਸ ਦੇ ਨਾਲ ਨਾਲ ਖਾਣਾਂ ਵਿੱਚ ਵਰਤੇ ਜਾਂਦੇ ਕਈ ਤਰ੍ਹਾਂ ਦੇ ਰਸਾਇਣਕ ਪਦਾਰਥ ਆਲੇ ਦੁਆਲੇ ਦੇ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਸਕਦੇ ਹਨ।[35] ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਨਿਊ ਯੌਰਕ ਟਾਈਮਜ਼ ਵਿੱਚ 14 ਜੂਨ 2010 ਨੂੰ ਸੋਨੇ ਦੀਆਂ ਖਾਣਾਂ ਬਾਰੇ ਛਪੀ ਇਕ ਵਿਸਤ੍ਰਿਤ ਰਿਪੋਰਟ ਵਿੱਚੋਂ ਕੁਝ  ਜਾਣਕਾਰੀ ਪੇਸ਼ ਕਰਾਂਗੇ। ਇਸ ਰਿਪੋਰਟ ਅਨੁਸਾਰ ਇਕ ਔਂਸ ਸੋਨਾ ਕੱਢਣ ਲਈ ਤਕਰੀਬਨ 30 ਟਨ ਕੱਚੀ ਧਾਤ ਪੁੱਟੀ ਜਾਂਦੀ ਹੈ ਅਤੇ ਕਈ ਖਾਣਾਂ ਵਿੱਚ ਇਹ ਮਾਤਰਾ 100 ਟਨ ਤੱਕ ਦੱਸੀ ਜਾਂਦੀ ਹੈ। ਕਈ ਵੱਡੀਆਂ ਖਾਣਾਂ ਵਿੱਚ ਹਰ ਰੋਜ਼ ਤਕਰੀਬਨ 5 ਲੱਖ ਟਨ ਮਿੱਟੀ ਉਲੱਦੀ/ਪਲੱਦੀ ਜਾਂਦੀ ਹੈ। ਫਿਰ ਕੱਚੀ ਧਾਤ ਵਿੱਚੋਂ ਸੋਨਾ ਵੱਖ ਕਰਨ ਲਈ ਉਸ ਉੱਪਰ ਪਤਲੇ ਸਾਈਨਾਈਡ ਦਾ ਛਿੜਕਾਅ ਕੀਤਾ ਜਾਂਦਾ ਹੈ। ਬਹੁਤੇ ਵਿਗਿਆਨੀਆਂ ਦਾ ਇਹ ਮੱਤ ਹੈ ਕਿ ਧੁੱਪ ਵਿੱਚ ਸਾਈਨਾਈਡ ਨਸ਼ਟ ਹੋ ਜਾਂਦਾ ਹੈ ਅਤੇ ਜੇ ਸਾਈਨਾਈਡ ਦਾ ਘੋਲ ਬਹੁਤ ਜ਼ਿਆਦਾ ਹਲਕਾ ਹੋਵੇ ਤਾਂ ਇਹ ਹਾਨੀਕਾਰਨ ਨਹੀਂ ਹੁੰਦਾ। ਪਰ ਅਮਰੀਕਾ ਦੇ ਜੀਓਲੌਜੀਕਲ ਸਰਵੇ ਵਲੋਂ ਸੰਨ 2000 ਵਿੱਚ ਕੀਤੇ ਇਕ ਅਧਿਅਨ ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਸਾਈਨਾਈਡ ਹੋਰ ਜ਼ਹਿਰੀਲੇ ਰੂਪਾਂ ਵਿੱਚ ਬਦਲ ਸਕਦਾ ਹੈ ਅਤੇ ਕਈ ਚਿਰ ਤੱਕ ਮੌਜੂਦ ਰਹਿ ਸਕਦਾ ਹੈ ਖਾਸ ਕਰਕੇ ਠੰਢੇ ਵਾਤਾਵਰਨ ਵਿੱਚ। ਕੱਚੀ ਧਾਤ ਵਿੱਚੋਂ ਸੋਨਾ ਕੱਢਣ ਬਾਅਦ ਜਿਹੜੀ ਰਹਿੰਦ ਖੂਹੰਦ ਬੱਚਦੀ ਹੈ ਉਹ ਕਈ ਤਰ੍ਹਾਂ ਨਾਲ ਵਾਤਾਵਰਨ ਲਈ ਨੁਕਸਾਨਦੇਹ ਹੋ ਸਕਦੀ ਹੈ। ਇਸ ਰਿਪੋਰਟ ਵਿੱਚ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਦੇ ਹਵਾਲੇ ਨਾਲ ਕਿਹਾ ਗਿਆ ਹੈ, "ਸੋਨੇ ਦੀਆਂ ਖਾਣਾਂ ਸਮੇਤ, ਧਾਤਾਂ ਦੀਆਂ ਕੁਝ ਖਾਣਾਂ ਪਰਮਾਣੂ ਰਹਿੰਦ-ਖੂਹੰਦ ਦੇ ਭੰਡਾਰਾਂ ਦੇ ਬਰਾਬਰ ਹਨ ਅਤੇ ਜਿਹਨਾਂ ਦੀ ਦੇਖਭਾਲ ਕਰਨ ਦੀ ਲੋੜ ਹਮੇਸ਼ਾਂ ਦੀ ਸਮੱਸਿਆ ਬਣ ਗਈ ਹੈ। ਹਾਰਡ-ਰੌਕ ਮਾਈਨਿੰਗ ਅਮਰੀਕਾ ਦੀ ਕਿਸੇ ਵੀ ਹੋਰ ਸਨਅਤ ਨਾਲੋਂ ਵੱਧ ਜ਼ਹਿਰੀਲੀ ਰਹਿੰਦ ਖੂੰਹਦ ਪੈਦਾ ਕਰਦੀ ਹੈ।... ਏਜੰਸੀ ਨੇ ਪਿਛਲੇ ਸਾਲ ਅੰਦਾਜ਼ਾ ਲਾਇਆ ਸੀ ਕਿ ਧਾਤਾਂ ਦੀਆਂ ਖਾਣਾਂ ਦੀ ਸਫਾਈ ਕਰਨ ਦੀ ਲਾਗਤ 54 ਅਰਬ (ਬਿਲੀਅਨ) ਡਾਲਰ ਤੱਕ ਪਹੁੰਚ ਸਕਦੀ ਹੈ।"

ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਸਮੇਂ ਦੁਨੀਆ ਦਾ 70 ਫੀਸਦੀ ਸੋਨਾ ਵਿਕਾਸਸ਼ੀਲ ਦੇਸ਼ਾਂ ਵਿੱਚ ਕੱਢਿਆ ਜਾਂਦਾ ਹੈ। ਆਲੋਚਕਾਂ ਦਾ ਦਾਅਵਾ ਹੈ ਕਿ ਇਹਨਾਂ ਦੇਸ਼ਾਂ ਵਿੱਚ ਸੋਨੇ ਦੀਆਂ ਖਾਣਾਂ ਦੀਆਂ ਮਾਲਕ ਕੰਪਨੀਆਂ ਅਜਿਹੇ ਢੰਗ ਵਰਤ ਰਹੀਆਂ ਹਨ ਜਿਹੜੇ ਉਹ ਅਮੀਰ ਦੇਸ਼ਾਂ ਵਿੱਚ ਨਹੀਂ ਵਰਤ ਸਕਦੀਆਂ। ਜਿਵੇਂ ਕਿ ਖਾਣਾਂ ਤੋਂ ਪੈਦਾ ਹੋਣ ਵਾਲੀ ਰਹਿੰਦ-ਖੂਹੰਦ ਨੂੰ  ਦਰਿਆਵਾਂ, ਖਾੜੀਆਂ ਅਤੇ ਸਮੁੰਦਰਾਂ ਵਿੱਚ ਸੁੱਟਣਾ। ਇਸ ਰਿਪੋਰਟ ਵਿੱਚੋਂ ਵਿਕਾਸਸ਼ੀਲ ਦੇਸ਼ਾਂ ਵਿੱਚ ਸੋਨੇ ਦੀਆਂ ਖਾਣਾਂ ਨਾਲ ਸੰਬੰਧਤ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੁਝ ਘਟਨਾਵਾਂ ਸੰਖੇਪ ਵਿੱਚ ਪੇਸ਼ ਹਨ:

1. ਜੂਨ 2010 ਵਿੱਚ ਫਿਲਪੀਨ ਦੇ ਇਕ ਸੂਬੇ ਨੇ ਦੁਨੀਆ ਵਿੱਚ ਪੰਜਵੇਂ ਨੰਬਰ 'ਤੇ ਆਉਂਦੀ ਕੈਨੇਡਾ ਆਧਾਰਿਤ ਕੰਪਨੀ ਪਲੇਸਰ ਡੋਮ ਉੱਪਰ ਮੁਕੱਦਮਾ ਕੀਤਾ ਸੀ ਕਿ ਇਸ ਕੰਪਨੀ ਨੇ ਸੋਨੇ ਦੀ ਖਾਣ ਵਿੱਚੋਂ ਪੈਦਾ ਹੋਣ ਵਾਲੀ ਰਹਿੰਦ-ਖੂਹੰਦ ਸੁੱਟ ਕੇ ਇਕ ਦਰਿਆ, ਖਾੜੀ ਅਤੇ ਮੂੰਗੇ ਦੀ ਚਟਾਨ (ਕੋਰਲ ਰੀਫ) ਨੂੰ ਨਸ਼ਟ ਕੀਤਾ ਸੀ। ਇਸ ਦੇ ਜੁਆਬ ਵਿੱਚ ਪਲੇਸਰ ਡੋਮ ਦਾ ਕਹਿਣਾ ਸੀ ਕਿ ਉਹਨਾਂ ਨੇ ਇਸ ਸਮੱਸਿਆ 'ਤੇ ਕਾਬੂ ਪਾ ਲਿਆ ਸੀ ਅਤੇ ਇਸ ਦੇ ਹੱਲ ਲਈ 7 ਕ੍ਰੋੜ (70 ਮਿਲੀਅਨ) ਡਾਲਰ ਖਰਚ ਕੀਤੇ ਸਨ ਅਤੇ 15 ਲੱਖ ਡਾਲਰ ਮੁਆਵਜ਼ੇ ਦੇ ਦਿੱਤੇ ਸਨ।
2. ਸੰਨ 2001 ਵਿੱਚ ਅਸਟ੍ਰੇਲੀਆ ਦੀ ਕੰਪਨੀ ਬੀ ਐੱਚ ਪੀ ਬਿਲੀਟਨ ਕੰਪਨੀ ਨੇ ਪਾਪਾ ਨਿਊ ਗਿੰਨੀ ਵਿੱਚ 2400 ਏਕੜ ਰੇਨ ਫੋਰੈਸਟ ਨੂੰ ਨਸ਼ਟ ਕਰਨ ਬਾਅਦ ਓਕੇ ਟੈਡੀ ਨਾਮੀ ਖਾਣ ਵੇਚ ਦਿੱਤੀ ਸੀ।
3. ਨਿਊਮੌਂਟ ਕੰਪਨੀ ਵਲੋਂ ਉੱਤਰੀ ਪੀਰੂ ਦੇ ਯਾਨਾਕੋਚਾ ਇਲਾਕੇ ਵਿੱਚ ਚਲਾਈ ਜਾਂਦੀ ਖਾਣ ਨੇ ਚਾਰਗਾਹਾਂ ਅਤੇ ਸੁੰਦਰ ਢਲਾਣਾਂ ਦੀ ਧਰਤੀ ਨੂੰ ਰੇਤੇ ਰੰਗੀਆਂ ਪਹਾੜੀਆਂ ਵਿੱਚ ਤਬਦੀਲ ਕਰ ਦਿੱਤਾ ਹੈ। ਇਹਨਾਂ ਰੇਤੇ ਰੰਗੀਆਂ ਪਹਾੜੀਆਂ ਉੱਪਰ ਪਾਈਪ ਵਿਛਾਏ ਗਏ ਹਨ ਤਾਂ ਕਿ ਇਸ ਮਿੱਟੀ 'ਚੋਂ ਸੋਨਾ ਵੱਖ ਕਰਨ ਲਈ ਇਸ ਉੱਪਰ ਸਾਈਨਾਈਡ ਦਾ ਲੱਖਾਂ ਟਨ ਘੋਲ ਛਿੜਕਾਇਆ ਜਾ ਸਕੇ।
4. ਯੂਨਾਈਟਡ ਨੇਸ਼ਨਜ਼ ਇਨਵਾਇਰਮੈਂਟ ਪ੍ਰੋਗਰਾਮ ਅਨੁਸਾਰ 1985-2000 ਦੇ ਵਿਚਕਾਰ ਸਾਈਨਾਈਡ ਵਾਲੀ ਰਹਿੰਦ ਖੂਹੰਦ ਦੇ ਦਰਜਨ ਤੋਂ ਵੱਧ ਭੰਡਾਰ ਢੱਠ ਗਏ ਸਨ। ਇਹਨਾਂ ਵਿੱਚ ਸਭ ਤੋਂ ਵੱਡੀ ਦੁਰਘਟਨਾ ਸੰਨ 2000 ਵਿੱਚ ਰੁਮਾਨੀਆ ਵਿੱਚ ਵਾਪਰੀ ਸੀ ਜਦੋਂ ਖਾਣ ਦੀ ਰਹਿੰਦ ਖੂੰਹਦ ਡਾਨੂਬੇ ਨਦੀ ਦੀ ਇਕ ਸਹਾਇਕ ਨਦੀ ਵਿੱਚ ਡਿਗ ਪਈ ਸੀ ਜਿਸ ਕਾਰਨ 1000 ਟਨ ਤੋਂ ਵੱਧ ਮੱਛੀਆਂ ਮਾਰੀਆਂ ਗਈਆਂ ਸਨ ਅਤੇ ਇਸ ਕਾਰਨ ਪੈਦਾ ਹੋਈ ਸਾਈਨਾਈਡ ਦੀ ਤਰੰਗ (ਪਲੂਮ) 1600 ਮੀਲ ਦਾ ਸਫਰ ਕਰਕੇ ਕਾਲੇ ਸਾਗਰ (ਬਲੈਕ ਸੀਅ) ਤੱਕ ਪਹੁੰਚ ਗਈ ਸੀ।
5. ਸੰਨ 1995 ਵਿੱਚ ਗਿੰਨੀ ਦੀ ਇਕ ਖਾਣ ਤੋਂ ਸਾਈਨਾਈਡ ਵਾਲੀ 7 ਲੱਖ 90 ਹਜ਼ਾਰ ਗੈਲਨ ਰਹਿੰਦ – ਖੂਹੰਦ ਐਸਕੀਬੋ ਨਦੀ ਦੀ ਇਕ ਸਹਾਇਕ ਨਦੀ ਵਿੱਚ ਡਿੱਗ ਪਈ ਸੀ।[36]

ਪਿਛਲੇ ਕੁਝ ਸਮੇਂ ਵਿੱਚ ਮਨੁੱਖ ਵਲੋਂ ਧਰਤੀ ਉੱਪਰ ਕੀਤੀ ਜਾਂਦੀ ਖੇਤੀਬਾੜੀ ਵਿੱਚ ਇਕ ਨਾਟਕੀ ਤਬਦੀਲੀ ਆਈ ਹੈ। ਅੱਜ ਦੀ ਖੇਤੀ ਵਿੱਚ ਖਾਦਾਂ, ਕੀਟਨਾਸ਼ਕ ਅਤੇ ਬੂਟੀਨਾਸ਼ਕ ਦਵਾਈਆਂ, ਪਾਣੀ ਆਦਿ ਦੀ ਵਰਤੋਂ ਬਹੁਤ ਵਧ ਗਈ ਹੈ। ਪਹਿਲਾਂ ਦੇ ਮੁਕਾਬਲੇ ਅੱਜ ਜ਼ਮੀਨ ਵਿੱਚ ਸਾਲ ਵਿੱਚ ਵੱਧ ਤੋਂ ਵੱਧ ਫਸਲਾਂ ਉਗਾਈਆਂ ਜਾ ਰਹੀਆਂ ਹਨ। ਭਾਂਤ-ਸੁਭਾਂਤੀ ਫਸਲਾਂ ਦੀ ਖੇਤੀ ਕਰਨ ਦੀ ਥਾਂ ਇਕ ਹੀ ਫਸਲ

---

[35] EPA. Hardrock Mining: Environmental Impacts. Downloaded on May 19, 2011 from: http://www.epa.gov/npdes/pubs/env.htm

[36] Behind Gold Glitter: Torn Lands and Pointed Questions (June 14, 2010). The New York Times. Downloaded May 23, 2011 from: http://www.nytimes.com/2005/10/24/international/24GOLD.html?pagewanted=1

ਉਗਾਉਣ ਦਾ ਰੁਝਾਣ ਜ਼ੋਰ ਫੜ ਗਿਆ ਹੈ, ਜਿਸ ਨੂੰ ਮਾਹਰਾਂ ਨੇ ਮੋਨੋਕਲਚਰ ਦਾ ਨਾਂ ਦਿੱਤਾ ਹੈ। ਹੁਣ ਖੇਤੀ ਕਿਸਾਨ ਵਲੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਨਹੀਂ ਸਗੋਂ ਮੰਡੀ ਲਈ ਕੀਤੀ ਜਾਂਦੀ ਹੈ। ਖੇਤੀਬਾੜੀ ਵਾਲੀ ਜ਼ਮੀਨ ਦੇ ਬਹੁਤ ਸਾਰੇ ਹਿੱਸੇ ਦੀ ਮਾਲਕੀ ਲੋਕਾਂ ਦੀ ਥਾਂ ਵੱਡੀਆਂ ਕਾਰਪੋਰੇਸ਼ਨਾਂ ਕੋਲ ਆ ਗਈ ਹੈ ਅਤੇ ਕਾਰਪੋਰੇਸ਼ਨਾਂ ਖੇਤੀਬਾੜੀ ਆਪਣੀ ਨਿੱਜੀ ਲੋੜ ਦੀ ਪੂਰਤੀ ਲਈ ਨਹੀਂ ਸਗੋਂ ਮੁਨਾਫਾ ਕਮਾਉਣ ਲਈ ਕਰ ਰਹੀਆਂ ਹਨ। ਕਈ ਥਾਂਵਾਂ 'ਤੇ ਬੇਸ਼ੱਕ ਜ਼ਮੀਨ ਦੀ ਮਾਲਕੀ ਲੋਕਾਂ ਕੋਲ ਹੈ ਪਰ ਉਹ ਜ਼ਮੀਨ 'ਤੇ ਫਸਲਾਂ ਵੱਡੀਆਂ ਕਾਰਪੋਰੇਸ਼ਨਾਂ ਲਈ ਉਗਾਉਂਦੇ ਹਨ। ਨਤੀਜੇ ਵਜੋਂ ਖੇਤਾਂ ਵਿੱਚੋਂ ਉਗਾਈ ਜਾਣ ਵਾਲੀ ਪੈਦਾਵਾਰ ਬਾਰੇ ਫੈਸਲੇ ਵੱਡੀਆਂ ਕਾਰਪੋਰੇਸ਼ਨਾਂ ਹੀ ਕਰਦੀਆਂ ਹਨ। ਖੇਤੀਬਾੜੀ ਵਿੱਚ ਆਈਆਂ ਇਸ ਤਰ੍ਹਾਂ ਦੀਆਂ ਤਬਦੀਲੀਆਂ ਨੇ ਖੇਤੀਬਾੜੀ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਵਿੱਚ ਤਿੱਖਾ ਵਾਧਾ ਕੀਤਾ ਹੈ। ਇਸ ਸੰਬੰਧ ਵਿੱਚ ਏਥੇ ਬਹੁਤ ਸਾਰੇ ਅੰਕੜੇ ਦੇਣ ਦੀ ਲੋੜ ਨਹੀਂ। ਪੰਜਾਬੀ ਪੜ੍ਹਨ ਵਾਲਾ ਤਕਰੀਬਨ ਹਰ ਪਾਠਕ ਜਾਣਦਾ ਹੈ ਕਿ ਅੱਧੀ ਸਦੀ ਪਹਿਲਾਂ ਪੰਜਾਬ ਵਿੱਚ ਸ਼ੁਰੂ ਹੋਏ ਹਰੇ ਇਨਕਲਾਬ ਦੇ ਤਜਰਬੇ ਨੇ ਪੰਜਾਬ ਦੇ ਵਾਤਾਵਰਨ ਦਾ ਕਿਸ ਤਰ੍ਹਾਂ ਨੁਕਸਾਨ ਕੀਤਾ ਹੈ। ਇਸ ਤਜਰਬੇ ਕਾਰਨ ਪੰਜਾਬ ਦੀ ਧਰਤੀ ਖਾਦਾਂ ਦੀ ਅਮਲੀ ਹੋ ਗਈ ਹੈ; ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਪੱਧਰ ਹਰ ਸਾਲ ਹੇਠਾਂ ਜਾ ਰਹੀ ਹੈ; ਫਸਲਾਂ 'ਤੇ ਵਰਤੀਆਂ ਜਾਂਦੀਆਂ ਕੀਟਨਾਸ਼ਕ ਅਤੇ ਬੂਟੀਨਾਸ਼ਕ ਦਵਾਈਆਂ ਨੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ ਅਤੇ ਪੰਜਾਬ ਦਾ ਨਰਮਾ ਉਗਾਉਣ ਵਾਲਾ ਖੇਤਰ ਕੈਂਸਰ ਵਾਲੇ ਖੇਤਰ ਵਜੋਂ ਜਾਣਿਆ ਜਾਂਦਾ ਹੈ।

ਖਾਣ ਵਾਲੀਆਂ ਵਸਤਾਂ ਦੀ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਧਰਤੀ ਦੇ ਅਤਿ ਜ਼ਰੂਰੀ ਜੰਗਲਾਂ ਦਾ ਸਫਾਇਆ ਕਰ ਨਵੀਂ ਧਰਤੀ ਖੇਤੀਬਾੜੀ ਅਧੀਨ ਲਿਆਂਦੀ ਜਾ ਰਹੀ ਹੈ। ਇਸ ਸੰਬੰਧ ਵਿੱਚ ਪਾਲਮ ਓਇਲ ਦੇ ਉਤਪਾਦਨ ਨਾਲ ਸੰਬੰਧਤ ਕੁਝ ਅੰਕੜੇ ਹੈਰਾਨ ਕਰਨ ਵਾਲੇ ਹਨ। ਪਾਲਮ ਓਇਲ ਦੀ ਵਰਤੋਂ ਕਈ ਤਰ੍ਹਾਂ ਦੀਆਂ ਕੰਜ਼ਿਊਮਰ ਵਸਤਾਂ ਵਿੱਚ ਕੀਤੀ ਜਾਂਦੀ ਹੈ ਜਿਵੇਂ ਕਿ ਚਾਕਲੇਟ, ਬ੍ਰੇਕਫਾਸਟ ਸੀਰੀਅਲ, ਮਾਰਜਰੀਨ, ਕ੍ਰੀਮ ਚੀਜ਼, ਓਵਨ ਚਿਪਸ, ਹੋਰ ਕਈ ਤਰ੍ਹਾਂ ਦੀ ਮਠਿਆਈਆਂ ਅਤੇ ਖਾਣੇ, ਸਾਬਣ, ਡਿਟੈਰਜੈਂਟ, ਅਤੇ ਬਾਇਓਫਿਊਲ। ਨਤੀਜੇ ਵਜੋਂ ਹਰ ਸਾਲ 4 ਕ੍ਰੋੜ ਟਨ ਪਾਲਮ ਓਇਲ ਪੈਦਾ ਹੁੰਦਾ ਹੈ ਜਿਸ ਦੀ ਕੀਮਤ 20 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਬਣਦੀ ਹੈ। [37] ਇੰਡੋਨੇਸ਼ੀਆ ਅਤੇ ਮਲੇਸ਼ੀਆ ਦੁਨੀਆ ਵਿੱਚ ਸਭ ਤੋਂ ਵੱਧ ਪਾਲਮ ਓਇਲ ਪੈਦਾ ਕਰਨ ਵਾਲੇ ਦੇਸ਼ ਹਨ। 1980ਵਿਆਂ ਤੋਂ ਲੈ ਕੇ ਪਾਲਮ ਓਇਲ ਦੀ ਖੇਤੀ ਹੇਠ ਆਉਣ ਵਾਲੀ ਜ਼ਮੀਨ ਦੇ ਰਕਬੇ ਵਿੱਚ ਤਿੰਨ ਗੁਣਾਂ ਦਾ ਵਾਧਾ ਹੋਇਆ ਹੈ ਅਤੇ ਸੰਨ 2007 ਤੱਕ ਇਹ ਰਕਬਾ 1.4 ਕ੍ਰੋੜ (14 ਮਿਲੀਅਨ) ਹੈਕਟੇਅਰ ਦੇ ਬਰਾਬਰ ਸੀ। [38] ਸੰਨ 2007 ਵਿੱਚ ਛਪੀ ਗਰੀਨ ਪੀਸ ਦੀ ਇਕ ਰਿਪੋਰਟ ਅਨੁਸਾਰ ਸੰਨ 1995 ਅਤੇ 2005 ਵਿੱਚਕਾਰ ਇਕੱਲੇ ਇੰਡੋਨੇਸ਼ੀਆ ਵਿੱਚ ਪਾਲਮ ਓਇਲ ਦੀ ਖੇਤੀ ਅਧੀਨ ਆਉਣ ਵਾਲੀ ਜ਼ਮੀਨ ਵਿੱਚ ਤਿੰਨ ਗੁਣਾਂ ਵਾਧਾ ਹੋਇਆ ਸੀ ਅਤੇ ਸੰਨ 2007 ਤੱਕ ਉੱਥੇ 60 ਲੱਖ ਹੈਕਟੇਅਰ ਦੇ ਕਰੀਬ ਧਰਤੀ ਪਾਲਮ ਓਇਲ ਦੀ ਖੇਤੀ ਅਧੀਨ ਆ ਚੁੱਕੀ ਸੀ ਅਤੇ ਲੱਖਾਂ ਹੈਕਟੇਅਰ ਹੋਰ ਧਰਤੀ ਨੂੰ ਇਸ ਖੇਤੀ ਅਧੀਨ ਲਿਆਉਣ ਦੀ ਯੋਜਨਾ ਸੀ। [39]

ਪਾਲਮ ਓਇਲ ਦੀ ਖੇਤੀ ਲਈ ਇਹ ਸਾਰੀ ਜ਼ਮੀਨ ਇੰਡੋਨੇਸ਼ੀਆ ਦੇ ਜੰਗਲਾਂ ਦਾ ਸਫਾਇਆ ਕਰਕੇ ਤਿਆਰ ਕੀਤੀ ਜਾ ਰਹੀ ਹੈ। ਇਹਨਾਂ ਜੰਗਲਾਂ ਦੀ ਧਰਤੀ ਦੇ ਈਕੋਸਿਸਟਮ ਵਿੱਚ ਬਹੁਤ ਮਹੱਤਵਪੂਰਨ ਥਾਂ ਹੈ। ਇਹ ਜੰਗਲ ਬਹੁਤ ਸਾਰੇ ਜੀਵ-ਜੰਤੂਆਂ ਅਤੇ ਪੌਦਿਆਂ ਦੇ ਘਰ ਹਨ। ਲੱਖਾਂ ਲੋਕ ਖਾਣੇ, ਪਾਣੀ, ਦਵਾਈਆਂ ਅਤੇ ਆਪਣੀਆਂ ਹੋਰ ਮੁਢਲੀਆਂ ਲੋੜਾਂ ਲਈ ਇਹਨਾਂ ਜੰਗਲਾਂ ਉੱਪਰ ਨਿਰਭਰ ਕਰਦੇ ਹਨ। ਧਰਤੀ 'ਤੇ ਮੌਸਮਾਂ ਦੀ ਤਬਦੀਲੀ (ਕਲਾਈਮੇਟ ਚੇਂਜ) ਨੂੰ ਨਿਯੰਤਰਣ ਕਰਨ ਵਿੱਚ ਇਹਨਾਂ ਜੰਗਲਾਂ ਦੀ ਵੱਡੀ ਭੂਮਿਕਾ ਹੈ। ਇਸ ਦੇ ਨਾਲ ਨਾਲ ਜੰਗਲ ਬਹੁਤ ਸਾਰੀ ਕਾਰਬਨ ਨੂੰ ਆਪਣੇ ਅੰਦਰ ਸਮੇਟੀ ਰੱਖਦੇ ਹਨ। ਜਦੋਂ ਜੰਗਲ ਨਸ਼ਟ ਕੀਤੇ ਜਾਂਦੇ ਹਨ ਤਾਂ ਬਹੁਤ ਸਾਰੀਆਂ ਗਰੀਨ ਹਾਊਸ ਗੈਸਾਂ ਵਾਤਾਵਰਨ ਵਿੱਚ ਛੱਡੀਆਂ ਜਾਂਦੀਆਂ ਹਨ। ਸੰਨ 2007 ਵਿੱਚ ਦੁਨੀਆ ਵਿੱਚ ਸਭ ਤੋਂ ਵੱਧ ਗਰੀਨਹਾਊਸ ਗੈਸਾਂ ਛੱਡਣ ਵਾਲੇ ਦੇਸ਼ਾਂ ਵਿੱਚੋਂ ਇੰਡੋਨੇਸ਼ੀਆ ਦਾ ਨੰਬਰ ਤੀਜਾ ਸੀ। ਅਜਿਹਾ ਇਸ ਕਰਕੇ ਸੀ ਕਿਉਂਕਿ ਇੰਡੋਨੇਸ਼ੀਆ ਆਪਣੀਆਂ ਪੀਟਲੈਂਡਜ਼ ਅਤੇ ਤਪਤ-ਖੰਡੀ ਜੰਗਲਾਂ ਦਾ ਸਫਾਇਆ ਕਰਕੇ ਨਵੀਂ ਧਰਤੀ ਪਾਲਮ ਓਇਲ ਦੀ ਖੇਤੀ ਅਧੀਨ ਲਿਆ ਰਿਹਾ ਹੈ। [40]

ਦੁਨੀਆ ਵਿੱਚ ਮੀਟ ਦੀ ਵੱਧ ਰਹੀ ਖਪਤ ਵੀ ਜੰਗਲਾਂ ਦੇ ਵਿਨਾਸ਼ ਦਾ ਵੱਡਾ ਕਾਰਨ ਮੰਨੀ ਜਾ ਰਹੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਬਰਾਜ਼ੀਲ ਦੁਨੀਆਂ ਵਿੱਚ ਗਾਂ ਦੇ ਮੀਟ ਦੇ ਉਤਪਾਦਨ ਵਾਲੇ ਇਕ ਮੁੱਖ ਦੇਸ਼ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਸੰਨ 2003 ਵਿੱਚ ਬਰਾਜ਼ੀਲ ਨੇ 12 ਲੱਖ (1.2 ਮਿਲੀਅਨ) ਮੀਟਰਿਕ ਟਨ ਗਾਂ ਦਾ ਮੀਟ ਨਿਰਯਾਤ ਕੀਤਾ ਜਦੋਂ ਕਿ ਸੰਨ 1997 ਵਿੱਚ ਇਹ ਮਾਤਰਾ 2 ਲੱਖ 32 ਹਜ਼ਾਰ ਮੀਟਰਕ ਟਨ ਸੀ। ਮੀਟ ਦੇ ਉਤਪਾਦਨ ਵਿੱਚ ਹੋਏ ਇਸ ਵਾਧੇ ਦਾ 80 ਫੀਸਦੀ ਹਿੱਸਾ ਬਰਾਜ਼ੀਲ ਦੇ ਐਮਾਜ਼ਾਨ ਖੇਤਰ ਵਿੱਚ ਪੈਦਾ ਕੀਤਾ ਗਿਆ ਸੀ। ਉਸ ਸਮੇਂ ਐਮਾਜ਼ਾਨ ਦੇ ਖੇਤਰ ਵਿੱਚ ਹਰ ਸਾਲ 25 ਲੱਖ (2.5 ਮਿਲੀਅਨ) ਹੈਕਟੇਅਰ ਜਾਂ 9500 ਵਰਗ ਮੀਲ ਦੇ

---

[37] Major Palm Oil Companies Will Halt Indonesia Forest Destruction. (16 February 2011). Green Economy. Downloaded on May 24, 2011 from: http://uk.ibtimes.com/articles/20110216/major-palm-oil-company-will-halt-indonesia-forest-destruction.htm

[38] Major Palm Oil Companies Will Halt Indonesia Forest Destruction. (16 February 2011).

[39] Greenpeace (2007). Forest destruction, climate change and palm oil expansion in Indonesia. Downloaded May 24, 2011, from: http://www.greenpeace.org/international/en/publications/reports/palmoilexpansion/

[40] Friends of the Earth Europe (2009). (p. 14).

ਬਰਾਬਰ ਜੰਗਲਾਂ ਦਾ ਸਫਾਇਆ ਹੋ ਰਿਹਾ ਸੀ। ਜੰਗਲਾਂ ਦੇ ਇਸ ਤਰ੍ਹਾਂ ਦੇ ਖਾਤਮੇ ਵਿੱਚ ਜੰਗਲ ਕੱਟ ਕੇ ਗਾਂਵਾਂ ਪਾਲਣ ਲਈ ਚਾਰਗਾਹਾਂ ਬਣਾਉਣ ਅਤੇ ਪਸ਼ੂਆਂ ਦੀ ਖੁਰਾਕ ਲਈ ਅਨਾਜ ਪੈਦਾ ਕਰਨ ਲਈ ਧਰਤੀ ਨੂੰ ਖੇਤੀਯੋਗ ਬਣਾਉਣ ਦੀ ਅਹਿਮ ਭੂਮਿਕਾ ਸੀ। ਸੈਂਟਰ ਫਾਰ ਇੰਟਰਨੈਸ਼ਨਲ ਫੌਰਸਟਰੀ ਰਿਸਰਚ ਦੇ ਡਾਇਰੈਕਟਰ ਜਨਰਲ ਦੇ ਸ਼ਬਦਾਂ ਵਿੱਚ "ਬਰਾਜ਼ੀਲ ਵਿੱਚ ਜੰਗਲਾਂ ਦੇ ਖਾਤਮੇ ਦੀ ਦਰ ਅਸਮਾਨ ਨੂੰ ਛੂਹ ਰਹੀ ਹੈ ਅਤੇ ਗਾਂ ਦੇ ਮੀਟ ਦਾ ਨਿਰਯਾਤ ਕਰਨ ਲਈ ਕੀਤਾ ਜਾਂਦਾ ਉਤਪਾਦਨ ਇਸ ਲਈ ਜ਼ਿੰਮੇਵਾਰ ਹੈ"।[41]

ਦੁਨੀਆ ਵਿੱਚ ਵੱਧ ਰਹੀ ਮੀਟ ਦੀ ਮੰਗ ਜੰਗਲਾਂ ਦਾ ਸਫਾਇਆ ਕਰਨ ਵਿੱਚ ਹੀ ਆਪਣਾ ਹਿੱਸਾ ਨਹੀਂ ਪਾ ਰਹੀ ਸਗੋਂ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਵਿੱਚ ਵੀ ਇਸ ਦੀ ਮਹੱਤਵਪੂਰਨ ਭੂਮਿਕਾ ਹੈ। ਯੂਨਾਈਟਡ ਨੇਸ਼ਨਜ਼ ਦੀ ਫੂਡ ਐਂਡ ਐਗਰੀਕਲਚਰਲ ਸੰਸਥਾ ਵਲੋਂ 2006 ਵਿੱਚ ਛਾਪੀ ਗਈ ਇਕ ਰਿਪੋਰਟ ਅਨੁਸਾਰ ਲਾਈਵਸਟੌਕ (ਪਸ਼ੂਆਂ ਦੇ ਉਤਪਾਦਨ ਦਾ) ਸੈਕਟਰ ਵਾਤਾਵਰਨ ਵਿੱਚ 18 ਫੀਸਦੀ ਦੇ ਬਰਾਬਰ ਗਰੀਨਹਾਊਸ ਗੈਸਾਂ ਫੈਲਾਉਣ ਲਈ ਜ਼ਿੰਮੇਵਾਰ ਹੈ।[42] ਇਕ ਹੋਰ ਰਿਪੋਰਟ ਅਨੁਸਾਰ ਜਿੰਨੀਆਂ ਗਰੀਨਹਾਊਸ ਗੈਸਾਂ 1 ਕਿਲੋਗ੍ਰਾਮ ਗਾਂ ਦੇ ਮੀਟ ਦੇ ਉਤਪਾਦਨ ਕਾਰਨ ਵਾਤਾਵਰਨ ਵਿੱਚ ਫੈਲਾਈਆਂ ਜਾਂਦੀਆਂ ਹਨ, ਉਨੀਆਂ ਗਰੀਨਹਾਊਸ ਗੈਸਾਂ ਯੂਰਪ ਵਿੱਚ ਇਕ ਔਸਤ ਕਾਰ 155 ਮੀਲ ਚੱਲਣ ਤੋਂ ਬਾਅਦ ਫੈਲਾਉਂਦੀ ਹੈ ਅਤੇ ਜਿੰਨੀ ਊਰਜਾ (ਐਨਰਜੀ) 1 ਕਿਲੋਗ੍ਰਾਮ ਗਾਂ ਦਾ ਮੀਟ ਪੈਦਾ ਕਰਨ 'ਤੇ ਲੱਗਦੀ ਹੈ, ਉਨੀ ਊਰਜਾ ਨਾਲ 100 ਵਾਟ ਦੇ ਇਕ ਬਲਬ ਨੂੰ 20 ਦਿਨਾਂ ਤੱਕ ਜਗਦਾ ਰੱਖਿਆ ਜਾ ਸਕਦਾ ਹੈ।[43]

ਵਸਤਾਂ ਨੂੰ ਬਣਾਉਣ ਜਾਂ ਪੈਦਾਵਾਰ ਕਰਨ 'ਤੇ ਲੱਗਣ ਵਾਲਾ ਮਾਲ ਹੀ ਧਰਤੀ ਦੇ ਵਸੀਲਿਆਂ ਦੀ ਖਪਤ ਅਤੇ ਵਾਤਾਵਰਨ ਦੇ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਸਗੋਂ ਬਹੁਤ ਸਾਰੀਆਂ ਵਸਤਾਂ ਦੀ ਵਰਤੋਂ ਵੀ ਧਰਤੀ ਦੇ ਵਸੀਲਿਆਂ ਦੀ ਖਪਤ ਲਈ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਹੈ। ਇਸ ਸੰਬੰਧ ਵਿੱਚ ਕਾਰਾਂ ਦੀ ਉਦਾਹਰਨ ਲਈ ਜਾ ਸਕਦੀ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਦੁਨੀਆ ਵਿੱਚ ਖਪਤ ਹੋਣ ਵਾਲੀ ਕੁੱਲ ਰਬੜ ਦਾ ਅੱਧਾ ਹਿੱਸਾ, ਕੁੱਲ ਸ਼ੀਸ਼ੇ ਦਾ ਚੌਥਾ ਹਿੱਸਾ ਅਤੇ ਕੁੱਲ ਸਟੀਲ ਦਾ 15 ਫੀਸਦੀ ਹਿੱਸਾ ਕਾਰਾਂ ਦੇ ਉਤਪਾਦਨ ਲਈ ਵਰਤਿਆ ਗਿਆ ਹੈ। ਇਸ ਦੇ ਨਾਲ ਨਾਲ ਇਕੱਲੀਆਂ ਪੈਸੰਜਰ ਕਾਰਾਂ ਹੀ ਹਰ ਸਾਲ ਦੁਨੀਆ ਵਿੱਚ ਵਰਤੀ ਜਾਂਦੀ ਕੁੱਲ ਊਰਜਾ (ਐਨਰਜੀ) ਦਾ 15 ਫੀਸਦੀ ਹਿੱਸਾ ਵਰਤਦੀਆਂ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕਾਰਾਂ ਲਈ ਸੜਕਾਂ ਬਣਾਉਣ ਅਤੇ ਸੜਕਾਂ ਦੀ ਦੇਖਭਾਲ ਉੱਪਰ ਖਰਚ ਆਉਣ ਵਾਲੀ ਊਰਜਾ ਇਸ 15 ਫੀਸਦੀ ਵਿੱਚ ਜਮ੍ਹਾਂ ਨਹੀਂ ਕੀਤੀ ਗਈ।[44]

ਇਹ ਗੱਲ ਵੀ ਅਸੀਂ ਸਾਰੇ ਜਾਣਦੇ ਹਾਂ ਕਿ ਤੇਲ-ਪੈਟਰੌਲ ਆਦਿ ਨਾਲ ਚੱਲਣ ਵਾਲੀਆਂ ਗੱਡੀਆਂ ਦੀ ਵਾਤਾਵਰਨ ਵਿੱਚ ਗਰੀਨਹਾਊਸਾਂ ਗੈਸਾਂ ਫੈਲਾਉਣ ਵਿੱਚ ਅਹਿਮ ਭੂਮਿਕਾ ਹੈ। ਇਸ ਸਮੇਂ ਦੁਨੀਆ ਵਿੱਚ ਊਰਜਾ ਦੀ ਵਰਤੋਂ ਕਾਰਨ ਵਾਤਾਵਰਨ ਵਿੱਚ ਫੈਲਣ ਵਾਲੀ ਕਾਰਬਨਡਾਇਔਕਸਾਈਡ ਦਾ ਤਕਰੀਬਨ ਪੰਜਵਾਂ ਹਿੱਸਾ ਮੋਟਰ-ਕਾਰਾਂ ਦੀ ਵਰਤੋਂ ਕਾਰਨ ਪੈਦਾ ਹੁੰਦਾ ਹੈ।[45] ਇਕ ਕਾਰ ਵਲੋਂ ਸਾਲ ਵਿੱਚ ਔਸਤਨ ਕਿੰਨੀ ਕੁ ਕਾਰਬਨਡਾਇਔਕਸਾਈਡ ਛੱਡੀ ਜਾਂਦੀ ਹੈ? ਇਹ ਦਰ ਹਾਲਤਾਂ ਦੇ ਵੱਖਰੇਵਿਆਂ ਕਾਰਨ ਵੱਖ ਵੱਖ ਦੇਸ਼ਾਂ ਵਿੱਚ ਵੱਖਰੀ ਹੈ। ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਅਮਰੀਕਾ ਵਿੱਚ ਸਾਲ ਵਿੱਚ ਇਕ ਕਾਰ ਔਸਤਨ 500 ਗੈਲਨ ਤੇਲ ਖਾਂਦੀ ਹੈ ਅਤੇ ਗੱਡੀ ਵਿੱਚ ਬਲੇ ਪੈਟਰੋਲ ਦੀ ਇਕ ਗੈਲਨ ਵਾਤਾਵਰਨ ਵਿੱਚ 8.8 ਕਿਲੋਗ੍ਰਾਮ ਜਾਂ 19.4 ਪੌਂਡ ਕਾਰਬਨਡਾਇਔਕਸਾਈਡ ਫੈਲਾਉਂਦੀ ਹੈ ਅਤੇ ਡੀਜ਼ਲ ਦੀ ਇਕ ਗੈਲਨ ਵਾਤਾਵਰਨ ਵਿੱਚ 10.1 ਕਿਲੋਗ੍ਰਾਮ ਜਾਂ 22.2 ਪੌਂਡ ਕਾਰਬਨਡਾਇਔਕਸਾਈਡ ਫੈਲਾਉਂਦੀ ਹੈ।[46] ਇਸ ਸਮੇਂ ਇਕੱਲੇ ਅਮਰੀਕਾ ਵਿੱਚ ਕਾਰਾਂ ਦੀ ਗਿਣਤੀ 25 ਕ੍ਰੋੜ (250 ਮਿਲੀਅਨ) ਦੇ ਕਰੀਬ ਦੱਸੀ ਜਾਂਦੀ ਹੈ।[47] ਇਹ ਕਾਰਾਂ ਸਾਲ ਵਿੱਚ ਕਿੰਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਫੈਲਾਉਂਦੀਆਂ ਹੋਣਗੀਆਂ ਉਸ ਦਾ ਹਿਸਾਬ ਤੁਸੀਂ ਆਪ ਲਾ ਸਕਦੇ ਹੋ।

ਵਸਤਾਂ ਦੇ ਇਸਤੇਮਾਲ ਦੌਰਾਨ ਵਰਤੇ ਜਾਂਦੇ ਵਸੀਲਿਆਂ ਅਤੇ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਸੰਬੰਧ ਵਿੱਚ ਅਸੀਂ ਮੋਬਾਈਲ ਜਾਂ ਸੈੱਲ ਫੋਨਾਂ ਦੇ ਸੰਬੰਧ ਵਿੱਚ ਕੁਝ ਤੱਥ ਹਿੰਦੁਸਤਾਨ ਬਾਰੇ ਪੇਸ਼ ਕਰਾਂਗੇ। ਪਿਛਲੇ ਕੁਝ ਸਮੇਂ ਵਿੱਚ ਹਿੰਦੁਸਤਾਨ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਦਾ ਵੱਡੀ ਪੱਧਰ 'ਤੇ ਪਸਾਰ ਹੋਇਆ ਹੈ। ਮਾਰਚ 2011 ਤੱਕ ਦੇ ਅੰਕੜਿਆਂ ਅਨੁਸਾਰ ਭਾਰਤ ਵਿੱਚ ਮੋਬਾਈਲ ਫੋਨ ਰੱਖਣ ਵਾਲਿਆਂ (ਸਬਸਕਰਾਈਬਰਜ਼) ਦੀ ਗਿਣਤੀ 81 ਕ੍ਰੋੜ 16 ਲੱਖ (811.59 ਮਿਲੀਅਨ) ਸੀ ਅਤੇ ਸੰਨ 2013 ਤੱਕ ਇਸ ਗਿਣਤੀ ਦੇ 1.159 ਅਰਬ

---

[41] Dauvergne, Peter (2008). (p. 153).
[42] FAO (2006). Livestock's Long Shadow. Downloaded on May 25, 2011 from: http://www.fao.org/docrep/010/a0701e/a0701e00.htm

[43] Bittman, Mark (27 January 2008). Rethinking the Meat-Guzzler. The New York Times. Downloaded May 27, 2011 from: http://www.nytimes.com/2008/01/27/weekinreview/27bittman.html?pagewanted=all

[44] Dauvergne, Peter (2008). (p. 57).
[45] Dauvergne, Peter (2008). (p. 57).
[46] EPA (February 2005). Emission Facts: Average Carbon Dioxide Emissions Resulting from Gasoline and Diesel Fuel (EPA420-F-05-001). Downloaded July 9/2010 from: http://www.epa.gov/oms/climate/420f05001.pdf
[47] Blanco Sebastian (January 4, 2010). Report: Number of cars in US dropped by four million in 2009 - is America's love affair ending?. Downloaded on May 27, 2011 from: http://green.autoblog.com/2010/01/04/report-number-of-cars-in-the-u-s-dropped-by-four-million-in-20/

(ਬਿਲੀਅਨ) ਤੱਕ ਪਹੁੰਚ ਜਾਣ ਦਾ ਅਨੁਮਾਨ ਹੈ।[48] ਮੋਬਾਈਲ ਫੋਨਾਂ ਦੇ ਇਹਨਾਂ ਸਾਰੇ ਗਾਹਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਰਵਿਸ ਮੁਹੱਈਆ ਕਰਨ ਲਈ ਸਰਵਿਸ ਦੇਣ ਵਾਲੀਆਂ ਕੰਪਨੀਆਂ ਨੂੰ ਬਹੁਤ ਵੱਡੀ ਮਾਤਰਾ ਵਿੱਚ ਬਿਜਲੀ ਦੀ ਲੋੜ ਪੈਂਦੀ ਹੈ ਜੋ ਕਿ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਦਾ ਕਾਰਨ ਬਣਦੀ ਹੈ। ਮਈ 2011 ਨੂੰ ਗਰੀਨ ਪੀਸ ਵਲੋਂ ਪੇਸ਼ ਕੀਤੀ ਇਕ ਰਿਪੋਰਟ ਅਨੁਸਾਰ ਇਸ ਸਮੇਂ ਹਿੰਦੁਸਤਾਨ ਦੇ ਟੈਲੀਕੋਮ ਸੈਕਟਰ ਨੂੰ ਆਪਣੇ ਬੁਨਿਆਦੀ ਢਾਂਚੇ ਦੇ ਨੈੱਟਵਰਕ (ਨੈੱਟਵਰਕ ਇਨਫਰਾਸਟਰਕਚਰ) ਲਈ ਸਾਲਾਨਾ ਬਿਜਲੀ ਦੀਆਂ 14 ਅਰਬ (ਬਿਲੀਅਨ) ਯੂਨਿਟਾਂ ਦੀ ਲੋੜ ਹੈ ਅਤੇ 2012 ਤੱਕ ਇਹ ਲੋੜ 26 ਅਰਬ (ਬਿਲੀਅਨ) ਯੂਨਿਟਾਂ ਤੱਕ ਪਹੁੰਚ ਜਾਏਗੀ। ਇਸ ਸੈਕਟਰ ਦੇ ਬੁਨਿਆਦੀ ਢਾਂਚੇ ਵਿੱਚ ਸ਼ਾਮਲ 4 ਲੱਖ ਮੋਬਾਈਲ ਟਾਵਰਾਂ ਦਾ ਇਕ ਹਿੱਸਾ ਅਜਿਹੀਆਂ ਥਾਂਵਾਂ ’ਤੇ ਸਥਿੱਤ ਹੈ ਜਿੱਥੇ ਉਹਨਾਂ ਦੇ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਨਾਲ ਕੁਨੈਕਸ਼ਨ ਨਹੀਂ ਹਨ, ਇਸ ਕਰਕੇ ਉਹ ਆਪਣੀਆਂ ਬਿਜਲੀ ਲੋੜਾਂ ਲਈ ਡੀਜ਼ਲ ਜਨਰੇਟਰਾਂ ’ਤੇ ਨਿਰਭਰ ਹਨ। ਇਹਨਾਂ ਟਾਵਰਾਂ ਵਿੱਚ ਇਕ ਹਿੱਸਾ ਟਾਵਰ ਉਹ ਹਨ ਜਿਨ੍ਹਾਂ ਦੇ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਨਾਲ ਕੁਨੈਕਸ਼ਨ ਤਾਂ ਹਨ ਪਰ ਉਹਨਾਂ ਨੂੰ ਗਰਿੱਡ ਤੋਂ ਮਿਲਣ ਵਾਲੀ ਬਿਜਲੀ ਹਮੇਸ਼ਾਂ ਪ੍ਰਾਪਤ ਨਹੀਂ ਹੁੰਦੀ। ਨਤੀਜੇ ਵਜੋਂ ਉਹਨਾਂ ਨੂੰ ਵੀ ਆਪਣੀਆਂ ਬਿਜਲੀ ਲੋੜਾਂ ਦੇ ਕੁਝ ਹਿੱਸੇ ਲਈ ਡੀਜ਼ਲ ਜਨਰੇਟਰਾਂ ’ਤੇ ਨਿਰਭਰ ਹੋਣਾ ਪੈਂਦਾ ਹੈ। ਗਰੀਨਪੀਸ ਦੀ ਰਿਪੋਰਟ ਮੁਤਾਬਕ ਹਿੰਦੁਸਤਾਨ ਦਾ ਟੈਲੀਕੋਮ ਸੈਕਟਰ ਆਪਣੀਆਂ ਬਿਜਲੀ ਲੋੜਾਂ ਦੀ ਪੂਰਤੀ ਲਈ ਸਾਲਾਨਾ 3 ਅਰਬ (ਬਿਲੀਅਨ) ਲੀਟਰ ਡੀਜ਼ਲ ਦੀ ਵਰਤੋਂ ਕਰਦਾ ਹੈ।[49] ਜਦੋਂ ਡੀਜ਼ਲ ਦਾ 1 ਲੀਟਰ ਬਲਦਾ ਹੈ ਤਾਂ ਇਹ ਵਾਤਾਵਰਨ ਵਿੱਚ 2.7 ਕਿਲੋਗ੍ਰਾਮ ਕਾਰਬਨਡਾਇਔਕਸਾਈਡ ਛੱਡਦਾ ਹੈ।[50] ਇਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਸਿਰਫ ਮੋਬਾਈਲ ਫੋਨਾਂ ਦੀ ਵਰਤੋਂ ਨਾਲ ਹੀ ਹਿੰਦੁਸਤਾਨ ਵਿੱਚ ਇਕ ਸਾਲ ਵਿੱਚ ਕਿੰਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਛੱਡੀ ਜਾਂਦੀ ਹੈ।

ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਸੰਬੰਧ ਵਿੱਚ ਨੋਟ ਕਰਨ ਵਾਲੀ ਅਗਲੀ ਗੱਲ ਇਹ ਹੈ ਕਿ ਕੰਜ਼ਿਊਮਰ ਵਸਤਾਂ ਦੇ ਉਤਪਾਦਨ, ਵਿਕਰੀ ਅਤੇ ਖਪਤ ਦੌਰਾਨ ਬਹੁਤ ਸਾਰਾ ਕੂੜਾ ਕਰਕਟ ਪੈਦਾ ਹੁੰਦਾ ਹੈ। ਕਈ ਵਿਦਵਾਨਾਂ ਅਨੁਸਾਰ ਕੂੜਾ-ਕਰਕਟ ਅਤੇ ਤਬਾਹੀ ਕੰਜ਼ਿਊਮਰ ਸੁਸਾਇਟੀ ਦੇ ਜ਼ਰੂਰੀ ਹਿੱਸੇ ਹਨ। ਸ਼ਾਇਦ ਇਸ ਹੀ ਕਰਕੇ ਪਿਛਲੇ 30 ਸਾਲਾਂ ਦੌਰਾਨ ਅਮਰੀਕਾ ਵਿੱਚ ਕੂੜੇ ਦਾ ਉਤਪਾਦਨ ਦੁੱਗਣਾ ਹੋ ਗਿਆ ਹੈ ਅਤੇ ਅਮਰੀਕਾ ਵਿੱਚ 80 ਫੀਸਦੀ ਵਸਤਾਂ ਸਿਰਫ ਇਕ ਵਾਰ ਹੀ ਵਰਤੀਆਂ ਜਾਂਦੀਆਂ ਹਨ।[51] ਇਸ ਨੁਕਤੇ ਨੂੰ ਹੋਰ ਸਪਸ਼ਟ ਕਰਨ ਲਈ ਅਸੀਂ ਪਲਾਸਟਿਕ ਦੀਆਂ ਵਸਤਾਂ ਬਾਰੇ ਥੋੜ੍ਹੇ ਵਿਸਥਾਰ ਨਾਲ ਗੱਲ ਕਰਾਂਗੇ। 5-6 ਦਹਾਕਿਆਂ ਦੌਰਾਨ ਪਲਾਸਟਿਕ ਦੀ ਵਰਤੋਂ ਵਿੱਚ ਅਥਾਹ ਵਾਧਾ ਹੋਇਆ ਹੈ। ਨਿਊਯੌਰਕ ਟਾਇਮਜ਼ ਵਿੱਚ 20 ਮਈ 2011 ਨੂੰ ਛਪੇ ਇਕ ਆਰਟੀਕਲ ਅਨੁਸਾਰ, 1950ਵਿਆਂ ਵਿੱਚ ਦੁਨੀਆ ਵਿੱਚ ਪਲਾਸਟਿਕ ਦਾ ਸਾਲਾਨਾ ਉਤਪਾਦਨ 15 ਲੱਖ (1.5 ਮਿਲੀਅਨ) ਟਨ ਹੁੰਦਾ ਸੀ ਅਤੇ ਹੁਣ ਇਹ 25 ਕ੍ਰੋੜ (250 ਮਿਲੀਅਨ) ਟਨ ਤੱਕ ਪਹੁੰਚ ਗਿਆ ਹੈ। ਪਲਾਸਟਿਕ ਤੋਂ ਤਿਆਰ ਕੀਤੀਆਂ ਵਸਤਾਂ ਵਿੱਚੋਂ ਅੱਧੀਆਂ ਸਿਰਫ ਇਕ ਵਾਰੀ ਹੀ ਵਰਤੀਆਂ ਜਾਂਦੀਆਂ ਹਨ ਜਿਵੇਂ ਕਿ ਸ਼ੈਂਪੂ ਦੀਆਂ ਬੋਤਲਾਂ, ਇਕ ਵਾਰ ਵਰਤ ਕੇ ਸੁੱਟ ਦੇਣ ਵਾਲੇ ਰੇਜ਼ਰ ਬਲੇਡ, ਪਲਾਸਟਿਕ ਦੇ ਚਮਚੇ ਅਤੇ ਕਾਂਟੇ, ਕਈ ਤਰ੍ਹਾਂ ਦੇ ਖਾਣਿਆਂ ਵਾਲੀਆਂ ਡੱਬੀਆਂ ਆਦਿ। ਉੱਤਰੀ ਅਮਰੀਕਾ ਅਤੇ ਪੱਛਮੀ ਯੂਰਪ ਵਿੱਚ ਇਕ ਵਿਅਕਤੀ ਸਾਲ ਵਿੱਚ 100 ਕਿਲੋਗ੍ਰਾਮ ਦੇ ਬਰਾਬਰ ਪਲਾਸਟਿਕ ਵਰਤਦਾ ਹੈ ਅਤੇ 2015 ਤੱਕ ਇਸ ਦਰ ਦੇ 140 ਕਿਲੋਗ੍ਰਾਮ ਤੱਕ ਪਹੁੰਚ ਜਾਣ ਦੇ ਆਸਾਰ ਹਨ । ਤੇਜ਼ੀ ਨਾਲ ਵਿਕਾਸ ਕਰ ਰਹੇ ਏਸ਼ੀਅਨ ਮੁਲਕਾਂ ਵਿੱਚ ਇਸ ਸਮੇਂ ਇਹ ਦਰ 20 ਕਿਲੋਗ੍ਰਾਮ ਸਾਲਾਨਾ ਹੈ ਪਰ ਅਨੁਮਾਨ ਹੈ ਕਿ 2015 ਤੱਕ ਇਹਨਾਂ ਮੁਲਕਾਂ ਵਿੱਚ ਇਹ ਦਰ 36 ਕਿਲੋਗ੍ਰਾਮ ਸਾਲਾਨਾ ਹੋ ਜਾਏਗੀ।[52]

ਪਲਾਸਟਿਕ ਦੀਆਂ ਬਹੁਤੀਆਂ ਵਸਤਾਂ ਵਰਤੋਂ ਬਾਅਦ ਕੂੜੇ ਦੇ ਢੇਰਾਂ ’ਤੇ ਚਲੀਆ ਜਾਂਦੀਆਂ ਹਨ। ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਸੰਨ 2009 ਵਿੱਚ ਅਮਰੀਕਾ ਵਿੱਚ ਸਿਰਫ 7 ਫੀਸਦੀ ਪਲਾਸਟਿਕ ਹੀ ਰੀਸਾਈਕਲ ਕੀਤੀ ਗਈ ਸੀ।[53] ਜੇ ਇਕੱਲੇ ਪਲਾਸਟਿਕ ਬੈਗਾਂ ਦੀ ਸਥਿਤੀ ਦੇਖੀ ਜਾਵੇ ਤਾਂ ਹਾਲਾਤ ਇਸ ਤੋਂ ਵੀ ਭੈੜੇ ਨਜ਼ਰ ਆਉਂਦੇ ਹਨ। ਦੁਨੀਆ ਵਿੱਚ ਸਿਰਫ 1 ਫੀਸਦੀ ਪਲਾਸਟਿਕ ਬੈਗ ਰੀਸਾਈਕਲ ਕੀਤੇ ਜਾਂਦੇ ਹਨ ਅਤੇ ਅਮਰੀਕਾ ਵਿੱਚ ਇਹ ਦਰ 2 ਫੀਸਦੀ ਹੈ। ਹਰ ਸਾਲ ਅਮਰੀਕਾ ਦੇ ਲੋਕ 100 ਅਰਬ

---

[48] Wikipedia. Communication in India. Downloaded May 27, 2011 from: http://en.wikipedia.org/wiki/Communications_in_India

[49] Greenpeace India (2011). Dirty Talking? Case for telecom to shift from diesel to renewable. Downloaded May 29, 2011, from: http://www.greenpeace.org/india/en/publications/

[50] Australian Government. Reducing greenhouse gas emissions. Downloaded May 29, 2011 from: http://www.environment.gov.au/settlements/transport/fuelguide/environment.html

[51] Rogers, Heather (2007). Garbage capitalism's green commerce. In Leo Panitch and Colin Leys (Eds.) Coming To Terms With Nature. (pp. 231-253). New York, The Monthly Review Press.

[52] Wassener, Bettina (22 May 2011). The Peril of Plastic. The New York Times. Downloaded May 27, 2011 from: http://www.nytimes.com/2011/05/23/business/energy-environment/23green.html?_r=1&ref=bettinawassener

[53] Wassener, Bettina (22 May 2011).

(ਬਿਲੀਅਨ) ਪਲਾਸਟਿਕ ਬੈਗ ਕੂੜੇ ਦੇ ਢੇਰ ਉੱਤੇ ਸੁੱਟਦੇ ਹਨ। ਕਿਉਂਕਿ ਉਹ ਪੈਟਰੌਲ ਜਾਂ ਨੈਚੁਰਲ ਗੈਸ ਤੋਂ ਬਣਾਏ ਜਾਂਦੇ ਹਨ ਇਸ ਲਈ 100 ਅਰਬ ਪਲਾਸਟਕਿ ਬੈਗ ਕੂੜੇ 'ਤੇ ਸੁੱਟਣ ਦਾ ਅਰਥ ਹੈ ਤੇਲ ਦੀਆਂ 1 ਕ੍ਰੋੜ 20 ਲੱਖ ਬੈਰਲਾਂ ਕੂੜੇ ਦੇ ਢੇਰ 'ਤੇ ਸੁੱਟਣੀਆਂ। [54]

ਕਈ ਮਾਹਰਾਂ ਦਾ ਅਨੁਮਾਨ ਹੈ ਕਿ ਕੂੜਾ ਬਣੀ ਪਲਾਸਟਿਕ ਦਾ ਕਾਫੀ ਵੱਡਾ ਹਿੱਸਾ ਦਰਿਆਵਾਂ, ਨਾਲਿਆਂ ਆਦਿ ਵਿੱਚ ਦੀ ਰੁੜ ਕੇ ਜਾਂ ਲੋਕਾਂ ਵਲੋਂ ਬੀਚਾਂ 'ਤੇ ਸੁੱਟੇ ਜਾਣ ਬਾਅਦ ਜਾਂ ਸਮੁੰਦਰੀ ਜਹਾਜ਼ਾਂ ਵਿੱਚੋਂ ਸੁੱਟੇ ਜਾਣ ਬਾਅਦ ਸਮੁੰਦਰਾਂ ਤੱਕ ਪਹੁੰਚ ਜਾਂਦਾ ਹੈ। ਲੰਡਨ ਸਥਿਤ ਸੰਸਥਾ ਪਲਾਸਟਿਕ ਓਸ਼ੀਅਨਜ਼ ਅਨੁਸਾਰ ਹਰ ਸਾਲ 47 ਲੱਖ (4.7 ਮਿਲੀਅਨ) ਟਨ ਪਲਾਸਟਿਕ ਸਮੁੰਦਰਾਂ ਤੱਕ ਪਹੁੰਚ ਜਾਂਦੀ ਹੈ।[55] ਯੁਨਾਈਟਡ ਨੇਸ਼ਨਜ਼ ਇਨਵਾਇਰਮੈਂਟ ਪ੍ਰੋਗਰਾਮ ਅਨੁਸਾਰ ਸਮੁੰਦਰ ਦੇ ਹਰ ਇਕ ਵਰਗ ਮੀਲ ਵਿੱਚ ਤਕਰੀਬਨ ਤਕਰੀਬਨ 46,000 ਪਲਾਸਟਿਕ ਦੇ ਟੁੱਕੜੇ ਤਰਦੇ ਮਿਲਦੇ ਹਨ। ਅਮਰੀਕਾ ਦੇ ਸੂਬੇ ਕੈਲੇਫੋਰਨੀਆ ਦੇ ਸਮੁੰਦਰੀ ਤੱਟ ਤੋਂ 1000 ਮੀਲ ਦੂਰ ਉੱਤਰੀ ਸ਼ਾਂਤ ਮਹਾਂਸਾਗਰ ਦੀ ਘੁੰਮਣਘੇਰੀ (ਨੌਰਦਰਨ ਪੈਸੇਫਿਕ ਜਾਇਰ) ਵਿੱਚ ਅਮਰੀਕਾ ਦੇ ਟੈਕਸਸ ਸੂਬੇ ਦੇ ਖੇਤਰਫਲ ਤੋਂ ਦੁੱਗਣੇ ਖੇਤਰਫਲ ਦੇ ਘੇਰੇ ਵਿੱਚ ਪਲਾਸਟਿਕ ਇਕੱਠਾ ਹੋਇਆ ਮਿਲਦਾ ਹੈ। [56] ਇਸ ਤਰ੍ਹਾਂ ਦਾ ਇਕ ਖੇਤਰ ਅੰਧਮਹਾਂਸਾਗਰ (ਨੌਰਥ ਅਟਲਾਂਟਿਕ ਜਾਇਰ) ਵਿੱਚ ਵੀ ਹੈ ਜਿੱਥੇ ਬਹੁਤ ਸਾਰਾ ਪਲਾਸਟਿਕ ਇਕੱਠਾ ਹੋਇਆ ਮਿਲਦਾ ਹੈ। ਮਾਹਰਾਂ ਵਲੋਂ ਇਸ ਖੇਤਰ ਨੂੰ ਨੌਰਥ ਅਟਲਾਂਟਿਕ ਗਾਰਬੇਜ ਪੈਚ ਦਾ ਨਾਂ ਦਿੱਤਾ ਗਿਆ ਹੈ। ਇਸ ਖੇਤਰ ਦਾ ਖੇਤਰਫਲ ਸੈਂਕੜੇ ਕਿਲੋਮੀਟਰਾਂ ਵਿੱਚ ਹੈ। ਵਿਗਿਆਨੀਆਂ ਅਨੁਸਾਰ ਇਸ ਖੇਤਰ ਵਿੱਚ ਇਕ ਵਰਗ ਕਿਲੋਮੀਟਰ ਮਗਰ ਪਲਾਸਟਿਕ ਦੇ ਟੁਕੜਿਆਂ ਦੀ ਮਾਤਰਾ 2 ਲੱਖ ਟੁੱਕੜਿਆਂ ਤੋਂ ਵੱਧ ਹੈ ਜਿਹਨਾਂ ਵਿੱਚ ਪਲਾਸਟਕਿ ਬੈਗਾਂ ਵਰਗੀਆਂ ਕੰਜ਼ਿਊਮਰ ਵਸਤਾਂ ਦੇ ਟੁੱਕੜੇ ਵੀ ਸ਼ਾਮਲ ਹਨ। [57] ਇੱਥੇ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਪਲਾਸਟਿਕ ਏਨੀ ਛੇਤੀ ਗਲਦਾ ਨਹੀਂ ਅਤੇ ਇਸ ਨੂੰ ਗਲਣ ਲਈ ਕਈ ਦਹਾਕੇ ਲੱਗ ਜਾਂਦੇ ਹਨ। ਇਸ ਦਾ ਭਾਵ ਇਹ ਹੋਇਆ ਜਿਹੜਾ ਪਲਾਸਟਿਕ ਇਕ ਵਾਰ ਧਰਤੀ ਦੇ ਕੂੜੇ 'ਤੇ ਢੇਰ ਉੱਤੇ ਅਤੇ ਸਮੁੰਦਰ ਵਿੱਚ ਪਹੁੰਚ ਗਿਆ ਹੈ ਉਹ ਇਕ ਲੰਮਾ ਸਮਾਂ ਉੱਥੇ ਰਹੇਗਾ।

## ਕੰਜ਼ਿਊਮਰਿਜ਼ਮ ਦੇ ਬੁਨਿਆਦੀ ਕਾਰਨ

ਦੁਨੀਆ ਭਰ ਵਿੱਚ ਵੱਧ ਰਹੇ ਇਸ ਕੰਜ਼ਿਊਮਰਿਜ਼ਮ ਦੇ ਕੀ ਕਾਰਨ ਹਨ? ਕੀ ਇਨਸਾਨ ਦੇ ਅੰਦਰ ਹੀ ਕੁਝ ਅਜਿਹੀ ਚੀਜ਼ ਹੈ ਜਿਸ ਕਾਰਨ ਉਹ ਵੱਧ ਤੋਂ ਵੱਧ ਵਸਤਾਂ ਦੀ ਪ੍ਰਾਪਤੀ ਲਈ ਦੌੜਿਆ-ਭੱਜਿਆ ਫਿਰਦਾ ਹੈ ਜਾਂ ਸਾਡੇ ਸਮਾਜ ਦੀ ਬਣਤਰ ਅਜਿਹੀ ਹੈ ਜੋ ਉਸ ਵਿੱਚ ਵੱਧ ਤੋਂ ਵੱਧ ਚੀਜ਼ਾਂ ਪਾਉਣ ਦੀਆਂ ਖਾਹਿਸ਼ਾਂ/ਚਾਹਤਾਂ ਪੈਦਾ ਕਰਦੀ ਹੈ। ਥੋੜ੍ਹਾ ਜਿਹਾ ਬਦਲਵੇਂ ਰੂਪ ਵਿੱਚ ਇਹ ਸਵਾਲ ਇਸ ਤਰ੍ਹਾਂ ਵੀ ਪੁੱਛਿਆ ਜਾ ਸਕਦਾ ਹੈ ਕਿ ਕੀ ਸਾਡੇ ਸਮਾਜ ਵਿੱਚ ਵਸਤਾਂ ਦਾ ਉਤਪਾਦਨ ਮਨੁੱਖ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕੀਤਾ ਜਾਂਦਾ ਹੈ ਜਾਂ ਵਸਤਾਂ ਦੇ ਉਤਪਾਦਨ ਦਾ ਅਮਲ ਮਨੁੱਖ ਵਿੱਚ ਖਾਹਿਸ਼ਾਂ/ਚਾਹਤਾਂ ਪੈਦਾ ਕਰਨ ਵਿੱਚ ਭੂਮਿਕਾ ਨਿਭਾਉਂਦਾ ਹੈ ਤਾਂ ਕਿ ਵਸਤਾਂ ਦੇ ਉਤਪਾਦਕ ਮੁਨਾਫਾ ਕਮਾਉਣ ਦਾ ਅਮਲ ਲਗਾਤਾਰ ਜਾਰੀ ਰੱਖ ਸਕਣ। ਜੇ ਤਾਂ ਅਸੀਂ ਆਪਣਾ ਧਿਆਨ ਸਿਰਫ ਮਨੁੱਖ ਵਲੋਂ ਵਸਤਾਂ ਖਪਤ ਕਰਨ ਦੇ ਕਾਰਜ ਉੱਤੇ ਹੀ ਕੇਂਦਰਿਤ ਕਰਾਂਗੇ ਤਾਂ ਹੋ ਸਕਦਾ ਹੈ ਕਿ ਅਸੀਂ ਇਸ ਨਤੀਜੇ 'ਤੇ ਪਹੁੰਚੀਏ ਕਿ ਮਨੁੱਖ ਦੇ ਅੰਦਰ ਹੀ ਕੁੱਝ ਹੈ ਜਿਸ ਕਾਰਨ ਉਹ ਵੱਧ ਤੋਂ ਵੱਧ ਵਸਤਾਂ ਦੀ ਪ੍ਰਾਪਤੀ ਲਈ ਦੌੜਿਆ-ਭੱਜਿਆ ਫਿਰਦਾ ਹੈ। ਪਰ ਜੇ ਅਸੀਂ ਆਪਣਾ ਧਿਆਨ ਵਸਤਾਂ ਦੇ ਉਤਪਾਦਨ ਅਤੇ ਖਪਤ ਦੇ ਸਮੁੱਚੇ ਅਮਲ (ਵਸਤਾਂ ਦੇ ਉਤਪਾਦਨ, ਵਸਤਾਂ ਦੀ ਮਾਰਕਿਟਿੰਗ, ਵਸਤਾਂ ਦੀ ਵਿਕਰੀ ਅਤੇ ਖਪਤ) 'ਤੇ ਕੇਂਦਰਿਤ ਕਰਾਂਗੇ ਤਾਂ ਅਸੀਂ ਦੇਖ ਸਕਾਂਗੇ ਕਿ ਕਿਸ ਤਰ੍ਹਾਂ ਵਸਤਾਂ ਦਾ ਉਤਪਾਦਨ ਵਸਤਾਂ ਦੀ ਮੰਗ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ।

ਸਭ ਤੋਂ ਪਹਿਲਾਂ ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕੰਜ਼ਿਊਮਰਿਜ਼ਮ ਦੀਆਂ ਜੜ੍ਹਾਂ ਮੌਜੂਦਾ ਆਰਥਿਕ ਪ੍ਰਬੰਧ ਦੇ ਲੋੜ ਤੋਂ ਵੱਧ ਉਤਪਾਦਨ (ਓਵਰਪ੍ਰੋਡਕਸ਼ਨ) ਦੇ ਸੰਕਟ ਨਾਲ ਬੱਝੀਆਂ ਹੋਈਆਂ ਹਨ। ਰਿਚਰਡ ਰੌਬਿਨਜ਼ ਆਪਣੀ ਕਿਤਾਬ *ਗਲੋਬਲ ਪ੍ਰਾਬਲਮਜ਼ ਐਂਡ ਦੀ ਕਲਚਰ ਆਫ ਕੈਪੀਟਲਜ਼ਮ* ਵਿੱਚ ਲਿਖਦਾ ਹੈ ਕਿ ਸਰਮਾਏਦਾਰੀ ਦੇ ਵਿਕਾਸ ਦੇ ਇਕ ਪੜਾਅ ਉੱਤੇ ਅਜਿਹੀ ਸਥਿਤੀ ਪੈਦਾ ਹੋ ਗਈ ਸੀ ਕਿ ਤਕਨੌਲੋਜੀ ਦੇ ਵਿਕਾਸ ਕਾਰਨ ਵਸਤਾਂ ਦੇ ਉਤਪਾਦਨ ਵਿੱਚ ਅਥਾਹ ਵਾਧਾ ਹੋਇਆ ਸੀ। ਪਰ ਇਸ ਵਧੇ ਹੋਏ ਉਤਪਾਦਨ ਨੂੰ ਖ਼ੀਦਣ ਵਾਲੇ ਲੋਕ ਨਹੀਂ ਸਨ ਜਿਸ ਕਾਰਨ ਸਮਾਜ ਵਿੱਚ ਲੋੜ ਤੋਂ ਵੱਧ ਉਤਪਾਦਨ ਦਾ ਸੰਕਟ ਪੈਦਾ ਹੋ ਗਿਆ। ਉਤਪਾਦਕਾਂ ਵਲੋਂ ਇਸ ਸੰਕਟ ਵਿੱਚੋਂ ਨਿਕਲਣ ਲਈ ਕੀਤੀਆਂ ਕੋਸ਼ਿਸ਼ਾਂ ਜਾਂ ਵਰਤੇ ਗਏ ਢੰਗਾਂ ਨਾਲ ਅਜੋਕੇ ਕੰਜ਼ਿਊਮਰਿਜ਼ਮ ਦਾ ਬੀਜ ਬੀਜਿਆ ਗਿਆ। ਅਜੋਕੇ ਉਤਪਾਦਨ ਪ੍ਰਬੰਧ ਬਾਰੇ ਟਿੱਪਣੀ ਕਰਦਾ ਹੋਇਆ ਰੌਬਿਨਜ਼ ਲਿਖਦਾ ਹੈ:

---

[54] Mieszkowski, Katharine (10 August 2007). Plastic bags are killing us. Salon. Downloaded May 27, 2011 from: http://www.salon.com/news/feature/2007/08/10/plastic_bags

[55] Wassener, Bettina (22 May 2011).

[56] Mieszkowski, Katharine (10 August 2007).

[57] Gill, Victoria (24 February 2010). Plastic rubbish blights Atlantic Ocean BBC. Downloaded May 27, 2011 from: http://news.bbc.co.uk/2/hi/8534052.stm and Wikipedia. North Atlantic Garbage Patch. Downloaded on May 28, 2011 from: http://en.wikipedia.org/wiki/North_Atlantic_Garbage_Patch

ਸਪਸ਼ਟ ਰੂਪ ਵਿੱਚ ਵਸਤਾਂ ਦੀ ਸਾਡੇ ਵਲੋਂ ਕੀਤੀ ਜਾਂਦੀ ਖਪਤ ਸਾਡੇ ਸਭਿਆਚਾਰ 'ਤੇ ਨਿਰਭਰ ਕਰਦੀ ਹੈ। ਅਜੋਕੀ ਸਰਮਾਏਦਾਰੀ ਸਿਰਫ ਵਸਤਾਂ ਅਤੇ ਸੇਵਾਵਾਂ ਦੇ ਉਤਪਾਦਨ ਅਤੇ ਵਿਕਰੀ ਦੇ ਸਿਰ 'ਤੇ ਚਲਦੀ ਹੈ ਅਤੇ ਅਸੀਂ ਜਿੰਨੀਆਂ ਜ਼ਿਆਦਾ ਵਸਤਾਂ ਪੈਦਾ ਕਰਦੇ ਹਾਂ, ਜਿੰਨੀਆਂ ਜ਼ਿਆਦਾ ਵਸਤਾਂ ਖ਼ੀਦਦੇ ਹਾਂ, ਉਨੀ ਜ਼ਿਆਦਾ ਤਰੱਕੀ ਅਤੇ ਖੁਸ਼ਹਾਲੀ ਹੁੰਦੀ ਹੈ। ਆਰਥਿਕ ਵਾਧੇ ਦਾ ਸਭ ਤੋਂ ਮਹੱਤਵਪੂਰਨ ਮਾਪ ਗਰੌਸ ਨੈਸ਼ਨਲ ਪ੍ਰੋਡਕਟ (ਜੀ ਐੱਨ ਪੀ) ਹੈ, ਕਿਸੇ ਵੀ ਸਮਾਜ ਵਲੋਂ ਇਕ ਸਾਲ ਵਿੱਚ ਪੈਦਾ ਕੀਤੀਆਂ ਗਈਆਂ ਵਸਤਾਂ ਅਤੇ ਸੇਵਾਵਾਂ ਦਾ ਕੁੱਲ ਜੋੜ। ਇਹ ਕੰਜ਼ਿਊਮਰ ਸਮਾਜ ਦੀ ਕਾਮਯਾਬੀ ਦਾ ਮਾਪ ਹੈ। [58]

ਪ੍ਰਚੂਨ ਵਿਕਰੀ ਦਾ ਅਧਿਅਨ ਕਰਨ ਵਾਲਾ ਅਮਰੀਕਾ ਦਾ ਇਕ ਹੋਰ ਵਿਦਵਾਨ ਵਿਕਟਰ ਲੀਬੋ ਵੀ ਕੰਜ਼ਿਊਮਰਜ਼ਿਮ ਅਤੇ ਸਾਡੇ ਅਜੋਕੇ ਆਰਥਿਕ ਪ੍ਰਬੰਧ ਵਿੱਚ ਡੂੰਘਾ ਰਿਸ਼ਤਾ ਸਮਝਦਾ ਹੈ। ਉਹ ਲਿਖਦਾ ਹੈ,

ਸਾਡੀ ਬਹੁਤ ਜ਼ਿਆਦਾ ਕਾਰਗਰ ਆਰਥਿਕਤਾ... ਮੰਗ ਕਰਦੀ ਹੈ ਕਿ ਅਸੀਂ ਵਸਤਾਂ ਦੀ ਖਪਤ ਨੂੰ ਆਪਣੀ ਜੀਵਨ ਜਾਚ ਬਣਾਈਏ, ਕਿ ਅਸੀਂ ਵਸਤਾਂ ਦੀ ਖ਼ੀਦ ਅਤੇ ਵਰਤੋਂ ਨੂੰ ਮਰਯਾਦਾ ਬਣਾਈਏ, ਕਿ ਅਸੀਂ ਆਪਣੀ ਰੂਹਾਨੀ ਸੰਤੁਸ਼ਟੀ, ਆਪਣੀ ਹਉਂ ਦੀ ਸੰਤੁਸ਼ਟੀ ਵਸਤਾਂ ਦੀ ਖਪਤ ਵਿੱਚੋਂ ਲੱਭੀਏ... ਸਾਨੂੰ ਵਸਤਾਂ ਦੀ ਖਪਤ, ਵਸਤਾਂ ਦੀ ਤਬਾਹੀ, ਵਸਤਾਂ ਦੀ ਘਸਾਈ, ਵਸਤਾਂ ਦੀ ਬਦਲੀ ਅਤੇ ਵਸਤਾਂ ਦੀ (ਕੂੜੇ 'ਤੇ) ਸੁਟਾਈ ਦੀ ਲਗਾਤਾਰ ਤੇਜ਼ ਹੁੰਦੀ ਰਫਤਾਰ ਨਾਲ ਲੋੜ ਹੈ। [59]

ਸੰਸਾਰ ਪ੍ਰਸਿੱਧ ਅਰਥਸ਼ਾਸਤਰੀ ਜੌਹਨ ਕੈਨਿਥ ਗੈਲਬਰੈਥ ਆਪਣੇ ਮਸ਼ਹੂਰ ਲੇਖ *"ਦਾ ਡਿਪੈਂਡੈਂਸ ਇਫੈਕਟ"* ਵਿੱਚ ਵਸਤਾਂ ਦੀਆਂ ਜ਼ਰੂਰਤਾਂ/ਚਾਹਤਾਂ ਅਤੇ ਵਸਤਾਂ ਦੇ ਉਤਪਾਦਨ ਦੇ ਸੰਬੰਧ ਬਾਰੇ ਲਿਖਦਾ ਹੋਇਆ ਦਲੀਲ ਦਿੰਦਾ ਹੈ ਕਿ ਵਸਤਾਂ ਦੀਆਂ ਜ਼ਰੂਰਤਾਂ/ਚਾਹਤਾਂ ਵਸਤਾਂ ਦੇ ਉਤਪਾਦਨ 'ਤੇ ਨਿਰਭਰ ਕਰਦੀਆਂ ਹਨ। ਵਸਤਾਂ ਦੇ ਉਤਪਾਦਕ ਵਸਤਾਂ ਦੀਆਂ ਜ਼ਰੂਰਤਾਂ/ਚਾਹਤਾਂ ਪੈਦਾ ਕਰਨ ਲਈ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਜੋਕੇ ਉਤਪਾਦਨ ਪ੍ਰਬੰਧ ਵਿੱਚ ਵਸਤਾਂ ਦੀ ਚਾਹਤ ਪੈਦਾ ਕਰਨ ਲਈ ਕੀਤੇ ਜਾਂਦੇ ਖਰਚੇ ਵਸਤਾਂ ਦੇ ਉਤਪਾਦਨ 'ਤੇ ਆਉਣ ਵਾਲੇ ਖਰਚਿਆਂ ਜਿੰਨੇ ਹੀ ਮਹੱਤਵਪੂਰਨ ਹਨ ਅਤੇ ਇਹ ਕਾਫੀ ਜ਼ਿਆਦਾ ਹੁੰਦੇ ਹਨ। ਇਸ ਲਈ ਖਪਤਕਾਰੀ ਵਸਤਾਂ ਦੀ ਮੰਗ ਨੂੰ ਇਹਨਾਂ ਖਰਚਿਆਂ ਦੇ ਸੰਦਰਭ ਵਿੱਚ ਦੇਖਣਾ ਚਾਹੀਦਾ ਹੈ। ਗੈਲਬਰੈਥ ਅਨੁਸਾਰ ਇਸ ਤਰ੍ਹਾਂ ਕਰਨ ਦਾ ਅਰਥ ਹੈ ਇਹ ਮੰਨਣਾ ਹੈ ਕਿ,

... ਜ਼ਰੂਰਤਾਂ/ਚਾਹਤਾਂ ਉਤਪਾਦਨ 'ਤੇ ਨਿਰਭਰ ਹਨ। ... ਵਸਤਾਂ ਦੇ ਉਤਪਾਦਨ ਅਤੇ ਉਹਨਾਂ ਲਈ ਚਾਹਤਾਂ ਪੈਦਾ ਕਰਨ ਦੇ ਦੋਵੇਂ ਕਾਰਜ ਉਤਪਾਦਕ (ਪ੍ਰੋਡਿਊਸਰ) ਦੇ ਜ਼ਿੰਮੇ ਹਨ। ... ਉਤਪਾਦਨ (ਪ੍ਰੋਡਕਸ਼ਨ) ਰੀਸ ਕਰਨ ਦੇ ਆਮ ਵਰਤਾਰੇ ਰਾਹੀਂ ਹੀ ਨਹੀਂ, ਸਗੋਂ ਇਸ਼ਤਿਹਾਰਬਾਜ਼ੀ ਅਤੇ ਉਸ ਨਾਲ ਸੰਬੰਧਤ ਸਰਗਰਮੀਆਂ ਰਾਹੀਂ ਸਰਗਰਮ ਰੂਪ ਵਿੱਚ ਉਹ ਜ਼ਰੂਰਤਾਂ/ਚਾਹਤਾਂ ਪੈਦਾ ਕਰਦਾ ਹੈ ਜਿਸ ਨੂੰ ਇਹ ਸੰਤੁਸ਼ਟ ਕਰਨਾ ਚਾਹੁੰਦਾ ਹੈ।[60]

ਉਹ ਅੱਗੇ ਲਿਖਦਾ ਹੈ ਕਿ:

ਵਸਤਾਂ ਦਾ ਉਤਪਾਦਨ ਉਹਨਾਂ ਜ਼ਰੂਰਤਾਂ/ਚਾਹਤਾਂ ਦੀ ਪੂਰਤੀ ਕਰਦਾ ਹੈ ਜਿਹੜੀਆਂ ਜ਼ਰੂਰਤਾਂ/ਚਾਹਤਾਂ ਇਹਨਾਂ ਵਸਤਾਂ ਦੀ ਖਪਤ (ਕਨਸਪਸ਼ਨ) ਪੈਦਾ ਕਰਦੀ ਹੈ ਜਾਂ ਜਿਹਨਾਂ ਦਾ ਵਸਤਾਂ ਦਾ ਉਤਪਾਦਕ (ਪ੍ਰੋਡਿਊਸਰ) ਜੋੜ ਲਾਉਂਦਾ ਹੈ। ਉਤਪਾਦਨ ਹੋਰ ਜ਼ਰੂਰਤਾਂ/ਚਾਹਤਾਂ ਪੈਦਾ ਕਰਦਾ ਹੈ ਅਤੇ ਹੋਰ ਉਤਪਾਦਨ ਲਈ ਲੋੜ ਪੈਦਾ ਕਰਦਾ ਹੈ। [61]

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਅਜੋਕੇ ਆਰਥਿਕ ਪ੍ਰਬੰਧ ਵਿੱਚ ਵਸਤਾਂ ਦੀਆਂ ਜ਼ਰੂਰਤਾਂ/ਚਾਹਤਾਂ ਜਾਂ ਕੰਜ਼ਿਊਮਰਿਜ਼ਮ ਦੀ ਵੱਡੀ ਭੂਮਿਕਾ ਹੈ। ਆਰਥਿਕਤਾਂ ਦੇ ਵਾਧੇ ਲਈ ਕੰਜ਼ਿਊਮਰਿਜ਼ਮ ਦੇ ਵਾਧੇ ਦੀ ਲੋੜ ਹੈ। ਇਸ ਲਈ ਵਸਤਾਂ ਦੇ ਉਤਪਾਦਕਾਂ ਵਲੋਂ ਕੰਜ਼ਿਊਮਰਿਜ਼ਮ ਨੂੰ ਫੈਲਾਉਣ ਲਈ ਵੱਡੀ ਪੱਧਰ ਉੱਤੇ ਯਤਨ ਕੀਤੇ ਜਾਂਦੇ ਹਨ। ਸਰਕਾਰਾਂ ਵਲੋਂ ਇਸ ਕਿਸਮ ਦੀਆਂ ਨੀਤੀਆਂ ਬਣਾਈਆਂ ਜਾਂਦੀਆਂ ਹਨ ਜੋ ਕੰਜ਼ਿਊਮਰਿਜ਼ਮ ਨੂੰ ਉਤਸ਼ਾਹਿਤ ਕਰਨ। ਲੇਖ ਦੇ ਅਗਲੇ ਹਿੱਸੇ ਵਿੱਚ ਉਤਪਾਦਕਾਂ ਅਤੇ ਸਰਕਾਰਾਂ ਵਲੋਂ ਕੰਜ਼ਿਊਮਰਿਜ਼ਮ ਦੇ ਪਸਾਰ ਲਈ ਕੀਤੇ ਜਾਂਦੇ ਕੁਝ ਯਤਨਾਂ ਬਾਰੇ ਗੱਲ ਕਰਾਂਗੇ।

---

[58] Robbins, Richard (1999). Global Problems And the Culture of Capitalism (p. 210). Needham Heights: Allyn and Bacon.
[59] Quoted in Flavin, Christopher (2004). Preface. In The World Watch Institute. State of The World 2004: Special Focus on The Consumer Society. (p. Xviii). New York, W. W. Norton and Company.

[60] Galbraith, John Kenneth (2000). The Dependence Effect. In Juliet B. Schor and Douglas B. Holt (Eds.) The Consumer Society Reader. (p. 20 ). New York, The New Press.
[61] Galbrith, John Kenneth (2000). (p. 24)

ਸਭ ਤੋਂ ਪਹਿਲਾਂ ਵਸਤਾਂ ਦੀ ਮੰਗ ਪੈਦਾ ਕਰਨ ਵਿੱਚ ਇਸ਼ਤਿਹਾਰਬਾਜ਼ੀ ਅਤੇ ਮਾਰਕੀਟਿੰਗ ਵੱਡੀ ਭੂਮਿਕਾ ਨਿਭਾਉਂਦੀ ਹੈ। ਇਸ਼ਤਿਹਾਰਬਾਜ਼ੀ ਵਿੱਚ ਵਸਤ ਦੇ ਗੁਣ ਜਾਂ ਉਸ ਦੀ ਉਪਯੋਗਤਾ ਦੱਸਣ ਦੀ ਥਾਂ ਇਸ ਤਰ੍ਹਾਂ ਦੀਆਂ ਗੱਲਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਵਸਤਾਂ ਦੀ ਪ੍ਰਾਪਤੀ ਤੁਹਾਡੀ ਕਿਹੜੀ ਭਾਵਾਤਮਕ ਲੋੜ ਪੂਰੀ ਕਰੇਗੀ ਜਾਂ ਵਸਤਾਂ ਦੀ ਪ੍ਰਾਪਤੀ ਤੁਹਾਡੇ ਸਮਾਜਕ ਰੁਤਬੇ ਵਿੱਚ ਕਿਸ ਤਰਾਂ ਵਾਧਾ ਕਰੇਗੀ ਜਾਂ ਵਸਤਾਂ ਦੀ ਪ੍ਰਾਪਤੀ ਤੁਹਾਨੂੰ ਕਿਸ ਤਰ੍ਹਾਂ ਜਵਾਨ ਬਣਾਏਗੀ/ਰੱਖੇਗੀ ਆਦਿ। ਵਸਤਾਂ ਦੇ ਉਤਪਾਦਨ ਸਮੇਂ ਉਤਪਾਦਨ ਦੇ ਖਰਚਿਆਂ ਦੇ ਨਾਲ ਨਾਲ ਵਸਤਾਂ ਨੂੰ ਵੇਚਣ ਲਈ ਇਸ਼ਤਿਹਾਰਬਾਜ਼ੀ ਕਰਨ ਲਈ ਕਾਰਪੋਰੇਸ਼ਨਾਂ ਵੱਲੋਂ ਵੱਡੇ ਬੱਜਟ ਰੱਖੇ ਜਾਂਦੇ ਹਨ। ਉਦਾਹਰਨ ਲਈ ਸੰਨ 2008 ਵਿੱਚ ਸੰਸਾਰ ਪੱਧਰ 'ਤੇ ਇਸ਼ਤਿਹਾਰਬਾਜ਼ੀ ਦਾ ਕੁੱਲ ਬੱਜਟ 6 ਖਰਬ 43 ਅਰਬ (643 ਬਿਲੀਅਨ) ਡਾਲਰ ਸੀ।[62] ਏਨੀ ਰਕਮ ਖਰਚ ਕੇ ਇਕ ਆਮ ਆਦਮੀ ਨੂੰ ਵੱਧ ਤੋਂ ਵੱਧ ਵਸਤਾਂ ਖ਼੍ਰੀਦਣ ਲਈ ਕਾਇਲ ਕਰਨ ਲਈ ਪੂਰਾ ਜ਼ੋਰ ਲਾਇਆ ਜਾਂਦਾ ਹੈ। ਰੋਜ਼ਾਨਾ ਜ਼ਿੰਦਗੀ ਵਿੱਚ ਇਕ ਆਮ ਵਿਅਕਤੀ ਦੀ ਨਿਗ੍ਹਾਂ ਜਿਸ ਪਾਸੇ ਵੀ ਜਾਂਦੀ ਹੈ, ਉਸ ਪਾਸੇ ਹੀ ਉਸ ਦਾ ਇਸ਼ਤਿਹਰਾਂ ਨਾਲ ਸਾਹਮਣਾ ਹੁੰਦਾ ਹੈ। ਬਿੱਲਬੋਰਡਾਂ, ਕੰਧਾਂ ਉੱਤੇ ਵਾਹੇ ਚਿੱਤਰਾਂ, ਬੱਸਾਂ-ਗੱਡੀਆਂ, ਖਾਣੇ ਦੇ ਡੱਬਿਆਂ, ਪੁਲਾਂ, ਟੋਲ-ਬੂਥਾਂ, ਖੇਡ ਦੇ ਮੈਦਾਨਾਂ, ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਦੇ ਸਥਾਨਾਂ, ਖਿਡਾਰੀਆਂ ਦੀਆਂ ਵਰਦੀਆਂ, ਵੱਖ ਵੱਖ ਮੀਡੀਏ (ਟੈਲੀਵਿਜ਼ਨ, ਰੇਡੀਓ, ਅਖਬਾਰਾਂ, ਮੈਗਜ਼ੀਨਾਂ, ਫਿਲਮਾਂ, ਇੰਟਰਨੈੱਟ) ਜਾਨੀਕਿ ਹਰ ਇਕ ਥਾਂ ਉੱਤੇ ਇਸ਼ਤਿਹਾਰ ਦੇ ਕੇ ਲੋਕਾਂ ਉੱਤੇ ਲਗਾਤਾਰ ਇਸ਼ਤਿਹਾਰਾਂ ਦਾ ਮੀਂਹ ਵਰ੍ਹਾਇਆ ਜਾਂਦਾ ਹੈ। ਨਤੀਜੇ ਵਜੋਂ ਹਰ ਰੋਜ਼ ਇਕ ਵਿਅਕਤੀ ਹਜ਼ਾਰਾਂ ਨਹੀਂ ਤਾਂ ਸੈਂਕੜੇ ਇਸ਼ਤਿਹਾਰ ਜ਼ਰੂਰ ਦੇਖਦਾ ਹੈ। ਅਮਰੀਕਾ ਬਾਰੇ ਕੀਤੇ ਇਕ ਸਰਵੇਖਣ ਅਨੁਸਾਰ, ਅਮਰੀਕਾ ਦੇ ਸ਼ਹਿਰ ਵਿੱਚ ਰਹਿੰਦੇ ਇਕ ਵਿਅਕਤੀ ਦਾ ਹਰ ਰੋਜ਼ 5000 ਤੱਕ ਇਸ਼ਤਿਹਾਰਾਂ ਨਾਲ ਵਾਹ ਪੈਂਦਾ ਹੈ।[63] ਇਹਨਾਂ ਇਸ਼ਤਿਹਾਰਾਂ ਵਿੱਚ ਲੋਕਾਂ ਨੂੰ ਵਾਰ ਵਾਰ ਹੋਰ ਵਸਤਾਂ ਖ਼੍ਰੀਦਣ ਦਾ ਸੁਨੇਹਾ ਦਿੱਤਾ ਹੁੰਦਾ ਹੈ। ਉਹਨਾਂ ਨੂੰ ਦੱਸਿਆ ਜਾਂਦਾ ਹੈ ਕਿ ਜੇ ਉਹ ਖੁਸ਼ ਹਨ, ਤਾਂ ਉਹ ਖੁਸ਼ੀ ਦਾ ਜਸ਼ਨ ਮਨਾਉਣ ਲਈ ਖ਼੍ਰੀਦਣ ਅਤੇ ਜੇ ਉਹ ਉਦਾਸ ਹਨ ਤਾਂ ਉਦਾਸੀ ਵਿੱਚੋਂ ਬਾਹਰ ਨਿਕਲਣ ਲਈ ਖ਼੍ਰੀਦਣ।

ਇਨਸਾਨ ਨੂੰ ਇਕ ਕਨਜ਼ਿਊਮਰ ਵਿੱਚ ਤਬਦੀਲ ਕਰਨ ਲਈ ਉਸ ਨੂੰ ਬਚਪਨ ਤੋਂ ਹੀ ਇਸ਼ਤਿਹਾਰਬਾਜ਼ੀ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਹਾਰਵਰਡ ਮੈਡੀਕਲ ਸਕੂਲ ਨਾਲ ਸੰਬੰਧਤ ਸੂਜ਼ਨ ਲਿਨ ਅਨੁਸਾਰ ਅਮਰੀਕਾ ਵਿੱਚ ਇਸ ਸਮੇਂ ਕੰਪਨੀਆਂ ਬੱਚਿਆਂ ਵਿੱਚ ਵਸਤਾਂ ਦੀ ਮਾਰਕੀਟ ਪੈਦਾ ਕਰਨ ਲਈ 17 ਅਰਬ (ਬਿਲੀਅਨ) ਡਾਲਰ ਖਰਚ ਰਹੀਆਂ ਹਨ। ਸੰਨ 1983 ਵਿੱਚ ਇਹ ਰਕਮ 10 ਕ੍ਰੋੜ (100 ਮਿਲੀਅਨ) ਡਾਲਰ ਦੇ ਨੇੜੇ ਸੀ।[64] ਭਾਵ ਕਿ ਪਿਛਲੇ 3 ਦਹਾਕਿਆਂ ਦੌਰਾਨ ਕੰਪਨੀਆਂ ਵਲੋਂ ਬੱਚਿਆਂ ਵਿੱਚ ਵਸਤਾਂ ਦੀ ਮਾਰੀਕਟ ਬਣਾਉਣ ਲਈ ਖਰਚੀ ਜਾਂਦੀ ਰਕਮ ਵਿੱਚ170 ਗੁਣਾਂ ਵਾਧਾ ਹੋਇਆ ਹੈ। ਸੂਜ਼ਨ ਲਿਨ ਦਾ ਦਾਅਵਾ ਕਿ ਬੇਸ਼ੱਕ ਬੱਚਿਆਂ ਵਿੱਚ ਵਸਤਾਂ ਦੀ ਮਾਰਕੀਟ ਬਣਾਉਣ ਦਾ ਇਹ ਰੁਝਾਣ ਅਮਰੀਕਾ ਤੋਂ ਸ਼ੁਰੂ ਹੋਇਆ ਹੈ ਪਰ ਬਹੁਕੌਮੀ ਕੰਪਨੀਆਂ ਵਲੋਂ ਇਸ ਰੁਝਾਨ ਨੂੰ ਦੁਨੀਆਂ ਦੇ ਦੂਜੇ ਦੇਸ਼ਾਂ, ਹਿੰਦੁਸਤਾਨ ਅਤੇ ਚੀਨ ਸਮੇਤ, ਵਿੱਚ ਕਾਫੀ ਬੜਾਵਾ ਦਿੱਤਾ ਜਾ ਰਿਹਾ ਹੈ। ਇਕੱਲੀਆਂ ਖਾਣ ਵਾਲੀਆਂ ਵਸਤਾਂ ਬਣਾਉਣ ਵਾਲੀਆਂ ਕੰਪਨੀਆਂ ਹੀ ਬੱਚਿਆਂ ਵਿੱਚ ਆਪਣੀਆਂ ਵਸਤਾਂ ਦੀ ਮਾਰਕੀਟ ਬਣਾਉਣ ਲਈ ਦੁਨੀਆ ਭਰ ਵਿੱਚ 1.9 ਅਰਬ (ਬਿਲੀਅਨ) ਡਾਲਰ ਖਰਚ ਰਹੀਆਂ ਹਨ।[65] ਬੱਚਿਆਂ ਤੱਕ ਆਪਣੇ ਇਸ਼ਤਿਹਾਰ ਪਹੁੰਚਾਉਣ ਲਈ ਕੰਪਨੀਆਂ ਹਰ ਉਸ ਥਾਂ ਨੂੰ ਵਰਤਣ ਦੀ ਕੋਸ਼ਿਸ਼ ਕਰਦੀਆਂ ਹਨ ਜਿੱਥੇ ਬੱਚੇ ਮੌਜੂਦ ਹੋਣ। ਉਦਾਹਰਨ ਲਈ ਅਮਰੀਕਾ ਵਿੱਚ ਕਈ ਥਾਂਵਾਂ 'ਤੇ ਬੱਚਿਆਂ ਨੂੰ ਸਕੂਲ ਲਿਜਾਣ ਵਾਲੀਆਂ ਬੱਸਾਂ ਵਿੱਚ ਬੱਚਿਆਂ ਲਈ ਰੇਡੀਓ-ਇਸ਼ਤਿਹਾਰ ਵਜਾਏ ਜਾਂਦੇ ਹਨ। ਵਾਲਟ ਡਿਜ਼ਨੀ ਕੰਪਨੀ ਨੇ ਸਕੂਲ ਜਾਣ ਦੀ ਉਮਰ ਤੋਂ ਛੋਟੇ ਬੱਚਿਆਂ ਲਈ ਬਣਾਈ ਆਪਣੀ ਡੀ ਵੀ ਡੀ "ਲਿਟਲ ਆਇਨਸਟਾਈਨਜ਼" ਦੀ ਇਸ਼ਤਿਹਾਰਬਾਜ਼ੀ ਕਰਨ ਲਈ ਬੱਚਿਆਂ ਦੇ ਡਾਕਟਰਾਂ ਨੂੰ ਮੁਆਇਨਾ ਕਰਨ ਵਾਲੇ ਅਜਿਹੇ ਚਾਰਟ ਦਿੱਤੇ ਸਨ ਜਿਹਨਾਂ ਉੱਪਰ ਇਸ ਡੀ ਵੀ ਡੀ ਦੇ ਇਸ਼ਤਿਹਾਰ ਸਨ।[66] ਇਸ਼ਤਿਹਾਰਬਾਜ਼ੀ ਭਰਪੂਰ ਇਸ ਤਰ੍ਹਾਂ ਦੇ ਮਾਹੌਲ ਦਾ ਹੀ ਨਤੀਜਾ ਹੈ ਕਿ ਸਕੂਲ ਜਾਣ ਤੋਂ ਘੱਟ ਉਮਰ ਦੇ ਬਹੁਤੇ ਬੱਚਿਆਂ ਨੇ ਭਾਵੇਂ ਅਜੇ ਅੰਗਰੇਜ਼ੀ ਦਾ ਅੱਖਰ ਐੱਮ ਸਿੱਖਿਆ ਹੋਵੇ ਜਾਂ ਨਾ, ਉਹ ਮਕਡੌਨਲਡ ਦੀ ਐੱਮ ਜ਼ਰੂਰ ਪਛਾਣ ਲੈਂਦੇ ਹਨ। ਸੂਜ਼ਨ ਲਿਨ ਦਾ ਕਹਿਣਾ ਹੈ ਕਿ ਬੱਚਿਆਂ ਵਿੱਚ ਕੀਤੀ ਜਾਂਦੀ ਇਸ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਉਹਨਾਂ ਨੂੰ ਛੋਟੀ ਉਮਰ ਵਿੱਚ ਹੀ ਇਹ ਸਿਖਾ ਦਿੰਦੀ ਹੈ ਕਿ ਵਸਤਾਂ ਖ਼੍ਰੀਦਣ ਨਾਲ ਲੋਕ ਖੁਸ਼ੀ ਹਾਸਲ ਕਰ ਸਕਦੇ ਹਨ।[67]

ਲੋਕਾਂ ਨੂੰ ਵਸਤਾਂ ਖ਼੍ਰੀਦਣ ਲਈ ਮਜ਼ਬੂਰ ਕਰਨ ਲਈ ਉਤਪਾਦਕ ਵਸਤਾਂ ਨੂੰ ਤਿਆਰ ਹੀ ਇਸ ਤਰ੍ਹਾਂ ਕਰਦੇ ਹਨ ਕਿ ਇੱਕ ਮਿੱਥੇ ਸਮੇਂ ਬਾਅਦ ਉਹ ਵਸਤਾਂ ਕੰਮ ਕਰਨ ਯੋਗ ਨਹੀਂ ਰਹਿੰਦੀਆਂ ਜਾਂ ਇਕ ਮਿੱਥੇ ਸਮੇਂ ਬਾਅਦ ਲੋਕਾਂ ਨੂੰ ਇਸ ਤਰ੍ਹਾਂ ਲੱਗਣ ਲੱਗ ਪੈਂਦਾ ਹੈ ਕਿ ਉਹ ਵਸਤਾਂ ਪੁਰਾਣੀਆਂ (ਆਊਟ ਆਫ ਡੇਟ) ਹੋ ਗਈਆਂ ਹਨ ਬੇਸ਼ੱਕ ਉਹ ਕੰਮ ਕਰਦੀਆਂ ਵੀ ਹੋਣ। ਉਤਪਾਦਕਾਂ ਵਲੋਂ ਵਰਤੀ ਜਾਂਦੀ ਇਸ ਜੁਗਤ ਨੂੰ ਮਾਹਰਾਂ ਨੇ "ਪਲੈਨਡ ਆਬਸੋਲੇਸੈਂਸ" ਦਾ ਨਾਂ ਦਿੱਤਾ ਹੈ। "ਪਲੈਨਡ ਆਬਸੋਲੇਸੈਂਸ" ਇਕ ਅਜਿਹੀ ਵਪਾਰਕ ਜੁਗਤ ਹੈ ਜਿਸ ਅਧੀਨ ਕਿਸੇ ਵਸਤ ਨੂੰ ਤਿਆਰ ਕਰਨ ਸਮੇਂ ਉਸ ਵਸਤ ਦੇ ਅਪ੍ਰੱਚਲਿਤ ਹੋ ਜਾਣ/ਕਰਨ (ਫੈਸ਼ਨ ਵਿੱਚ ਨਾ ਰਹਿਣ ਜਾਂ ਵਰਤੋਯੋਗ ਨਾ ਰਹਿਣ) ਦੀ ਮਿਆਦ

---

[62] Assadourian, Erik (2010). (p.11)

[63] Story, Louise (15 January2007). Anywhere the Eye can See, It's Likely to See and Ad. New York Times Downloaded May 28, 2011 from: http://www.nytimes.com/2007/01/15/business/media/15everywhere.html?pagewanted=all

[64] Linn, Susan (2010). Commercialism in Children's Lives. In The Wordwatch Institue. 2010 State of The World: Transforming Cultures from Consumerism to Sustainablity. (p.63) New York, W. W. Norton and Company.

[65] Linn, Susan (2010). (p. 63).

[66] Story, Louise (15 January2007).

[67] Linn, Susan (2010). (p. 63).

ਵਸਤ ਦੇ ਡਿਜ਼ਾਇਨ ਵਿੱਚ ਹੀ ਮਿੱਥ ਲਈ ਜਾਂਦੀ ਹੈ, [68] ਤਾਂ ਕਿ ਉਸ ਮਿੱਥੇ ਸਮੇਂ ਤੋਂ ਬਾਅਦ ਲੋਕਾਂ ਵਿੱਚ ਉਸ ਵਸਤ ਨੂੰ ਦੁਬਾਰਾ ਖ੍ਰੀਦਣ ਦੀ ਲੋੜ ਬਣੀ ਰਹੇ।

ਕਿਸੇ ਵਸਤ ਨੂੰ ਅਪ੍ਰੱਚਲਤ (ਆਬਸੋਲੀਟ) ਕਰਨ ਲਈ ਉਤਪਾਦਕ ਕਈ ਤਰ੍ਹਾਂ ਦੇ ਢੰਗ ਵਰਤਦੇ ਹਨ ਜਿਹਨਾਂ ਵਿੱਚ ਕੁਝ ਇਸ ਪ੍ਰਕਾਰ ਹਨ: ਘਸਾਈ ਕਾਰਨ ਜਦੋਂ ਵਸਤ ਦੀ ਮੁਰੰਮਤ ਦੀ ਲੋੜ ਪੈਂਦੀ ਹੈ ਤਾਂ ਮੁਰੰਮਤ ਦਾ ਖਰਚਾ ਨਵੀਂ ਵਸਤ ਨੂੰ ਖ੍ਰੀਦਣ ਦੇ ਖਰਚੇ ਨਾਲੋਂ ਜ਼ਿਆਦਾ ਹੁੰਦਾ ਹੈ, ਵਸਤ ਦੇ ਬਾਜ਼ਾਰ ਵਿੱਚ ਆਉਣ ਤੋਂ ਬਾਅਦ ਇਕ ਮਿੱਥੇ ਸਮੇਂ ਬਾਅਦ ਉਸ ਵਸਤ ਦੀ ਮੁਰੰਮਤ ਲਈ ਸਪੇਅਰ ਪਾਰਟਸ ਤਿਆਰ ਕਰਨੇ ਬੰਦ ਕਰ ਦਿੱਤੇ ਜਾਂਦੇ ਹਨ, ਬਾਜ਼ਾਰ ਵਿੱਚ ਉਸ ਵਸਤ ਦੀ ਨਵੀਂ ਲਾਈਨ ਲਿਆ ਕੇ ਸੁੱਟ ਦਿੱਤੀ ਜਾਂਦੀ ਹੈ ਜਿਹੜੀ ਪੁਰਾਣੀ ਵਸਤ ਦੇ ਨਾਲ ਕੰਮ ਨਹੀਂ ਕਰਦੀ। [69] ਇਸ ਸੰਬੰਧ ਵਿੱਚ ਅਸੀਂ ਆਪਣੇ ਤਜਰਬੇ ਤੋਂ ਕਈ ਉਦਾਹਰਨਾਂ ਦੇਖ ਸਕਦੇ ਹਾਂ। ਜਦੋਂ ਸੰਗੀਤ ਰਿਕਾਰਡ ਕਰਨ ਲਈ ਐੱਲ ਪੀ ਰਿਕਾਰਡਾਂ ਅਤੇ ਆਡਿਓ ਕੈਸਟਾਂ ਦੀ ਥਾਂ ਕੰਪੈਕਟ ਡਿਸਕ (ਸੀ ਡੀ) ਆਈ ਤਾਂ ਇਸ ਨਾਲ ਐਲ ਪੀ ਅਤੇ ਆਡੀਓ ਕੈਸਟ ਵਜਾਉਣ ਵਾਲੀਆਂ ਚੰਗੀਆਂ ਭਲੀਆਂ ਚਲਦੀਆਂ ਮਸ਼ੀਨਾਂ ਕੂੜਾ-ਕਬਾੜਾ ਬਣ ਕੇ ਰਹਿ ਗਈਆਂ। ਵੀ ਐੱਚ ਐੱਸ ਟੇਪਾਂ ਦੀ ਥਾਂ ਡੀ ਵੀ ਡੀ ਆਉਣ ਨਾਲ ਇਹ ਹੀ ਹਾਲ ਵੀ ਸੀ ਆਰ ਮਸ਼ੀਨਾਂ ਦਾ ਹੋਇਆ। ਹਰ ਸਾਲ ਨਵੇਂ ਸਾਫਟਵੇਅਰ ਪ੍ਰੋਗਰਾਮ ਤਿਆਰ ਕੀਤੇ ਜਾਂਦੇ ਹਨ ਜਿਹੜੇ ਪੁਰਾਣੇ ਪ੍ਰੋਗਰਾਮਾਂ ਨਾਲ ਤਿਆਰ ਕੀਤੀਆਂ ਫਾਈਲਾਂ ਤਾਂ ਪੜ੍ਹ ਸਕਦੇ ਹਨ ਪਰ ਪੁਰਾਣੇ ਪ੍ਰੋਗਰਾਮ ਨਵੇਂ ਪ੍ਰੋਗਰਾਮਾਂ ਨਾਲ ਤਿਆਰ ਕੀਤੀਆਂ ਫਾਈਲਾਂ ਨਹੀਂ ਪੜ੍ਹ ਸਕਦੇ। ਸਿੱਟੇ ਵਜੋਂ ਪੁਰਾਣੇ ਪ੍ਰੋਗਰਾਮ ਵਰਤ ਰਹੇ ਲੋਕਾਂ ਨੂੰ ਨਵੇਂ ਪ੍ਰੋਗਰਾਮ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ, ਬੇਸ਼ੱਕ ਪੁਰਾਣੇ ਪ੍ਰੋਗਰਾਮ ਉਹਨਾਂ ਦੀ ਲੋੜ ਪੂਰਤੀ ਲਈ ਕਾਫੀ ਹੋਣ। ਇਸ ਸੰਬੰਧ ਵਿੱਚ ਤੁਸੀਂ ਹੋਰ ਵੀ ਕਈ ਇਲੈਕਟ੍ਰੌਨਿਕ ਵਸਤਾਂ ਦੀਆਂ ਉਦਾਹਰਨਾਂ ਦੇਖ ਸਕਦੇ ਹੋ।

ਵਸਤ ਭਾਵੇਂ ਵਰਤੋਯੋਗ ਹੋਵੇ ਵੀ ਪਰ ਉਸ ਨੂੰ ਲੋਕਾਂ ਦੀ ਸੋਚ ਵਿੱਚ ਅਣਵਰਤਣ ਯੋਗ ਬਣਾਉਣ ਲਈ ਉਤਪਾਦਕ ਸਮੇਂ ਸਮੇਂ ਨਵੇਂ ਫੈਸ਼ਨ ਚਲਾਉਂਦੇ ਰਹਿੰਦੇ ਹਨ ਅਤੇ ਵਸਤਾਂ ਦੇ ਨਵੇਂ ਸਟਾਈਲ/ਮਾਡਲ ਬਾਜ਼ਾਰ ਵਿੱਚ ਲਿਆਉਂਦੇ ਰਹਿੰਦੇ ਹਨ। ਹਰ ਸਾਲ ਜਾਂ ਛੇਆਂ ਮਹੀਨਿਆਂ ਬਾਅਦ ਕੱਪੜਿਆਂ ਦੇ ਬਦਲਦੇ ਫੈਸ਼ਨ ਇਸ ਰੁਝਾਣ ਦੀ ਸਪਸ਼ਟ ਉਦਾਹਰਨ ਹਨ। ਪਿਛਲੇ ਸਾਲ ਖ੍ਰੀਦੇ ਕੱਪੜੇ ਬੇਸ਼ੱਕ ਪੂਰੀ ਤਰ੍ਹਾਂ ਠੀਕ ਠਾਕ ਹੋਣ ਪਰ ਨਵੇਂ ਫੈਸ਼ਨ ਦੇ ਆਉਣ ਕਾਰਨ ਲੋਕਾਂ ਦੇ ਮਨਾਂ ਵਿਚ ਵਿਚਾਰ ਪੈਦਾ ਹੋ ਜਾਂਦੇ ਹਨ ਕਿ ਉਹ ਹੁਣ ਪਹਿਨਣਯੋਗ ਨਹੀਂ ਰਹੇ ਜਾਂ ਪੁਰਾਣੇ ਹੋ ਗਏ ਹਨ ਅਤੇ ਉਹ ਨਵੇਂ ਕੱਪੜੇ ਖ੍ਰੀਦਣ ਬਾਰੇ ਸੋਚਦੇ ਹਨ। ਨਤੀਜੇ ਵਜੋਂ ਪਿਛਲੇ ਸਾਲਾਂ ਦੇ ਪੂਰੀ ਤਰ੍ਹਾਂ ਪਹਿਨਣਯੋਗ ਕੱਪੜੇ ਅਲਮਾਰੀਆਂ/ਦਰਾਜਾਂ ਵਿੱਚ ਪਏ ਸੁੱਟੇ ਜਾਣ ਦੀ ਉਡੀਕ ਕਰਨ ਲੱਗਦੇ ਹਨ। ਇਸ ਵਰਤਾਰੇ ਨਾਲ ਲੋਕਾਂ ਨੂੰ ਕੋਈ ਫਾਇਦਾ ਹੋਵੇ ਜਾਂ ਨਾ ਪਰ ਕੱਪੜਿਆਂ ਦੇ ਉਤਪਾਦਕਾਂ ਵਲੋਂ ਮੁਨਾਫਾ ਕਮਾਉਣ ਦੇ ਰਾਹ ਖੁਲ੍ਹੇ ਰਹਿੰਦੇ ਹਨ ਅਤੇ ਇਸ ਗੱਲ ਦਾ ਉਹਨਾਂ ਨੂੰ ਪੂਰਾ ਪੂਰਾ ਗਿਆਨ ਹੈ। ਇਸ ਲਈ ਵਰਤੋਯੋਗ ਕੱਪੜਿਆਂ ਨੂੰ ਅਪ੍ਰਚੱਲਤ ਕਰਨ ਦਾ ਕਾਰਜ ਉਹਨਾਂ ਦੀ ਕੱਪੜੇ ਵੇਚਣ ਦੀ ਵਪਾਰਕ ਜੁਗਤਾਂ ਦਾ ਇਕ ਅਨਿਖੜਵਾਂ ਹਿੱਸਾ ਹੈ। ਇਸ ਗੱਲ ਦਾ ਸਬੂਤ ਅਮਰੀਕਾ ਵਿਚਲੀ ਅਲਾਈਡ ਸਟੋਰਜ਼ ਕਾਰਪੋਰੇਸ਼ਨ ਦੇ ਚੇਅਰਮੇਨ ਬੀ ਅਰਲ ਪਕਟ ਦੇ ਇਸ ਬਿਆਨ ਤੋਂ ਮਿਲਦਾ ਹੈ ਜਿਹੜਾ ਉਸ ਨੇ 1950 ਵਿੱਚ ਫੈਸ਼ਨ ਇੰਡਸਟਰੀ ਦੇ ਲੀਡਰਾਂ ਸਾਹਮਣੇ ਦਿੱਤਾ ਸੀ। ਉਸ ਨੇ ਕਿਹਾ ਸੀ, "ਮੁਢਲੀ ਉਪਯੋਗਤਾ ਕੱਪੜਿਆਂ ਦੀ ਖੁਸ਼ਹਾਲ ਸਨਅਤ ਦੀ ਬੁਨਿਆਦ ਨਹੀਂ ਹੋ ਸਕਦੀ। ਸਾਡੇ ਲਈ (ਕੱਪੜਿਆਂ ਦੇ) ਅਪ੍ਰਚੱਲਣ (ਆਬਸੋਲੇਂਸ) ਵਿੱਚ ਤੇਜ਼ੀ ਲਿਆਉਣਾ ਜ਼ਰੂਰੀ ਹੈ।" [70]

ਕਾਰਾਂ ਦੀਆਂ ਕੰਪਨੀਆਂ ਵਲੋਂ ਹਰ ਸਾਲ ਬਾਜ਼ਾਰ ਵਿੱਚ ਨਵੇਂ ਮਾਡਲ ਲਿਆਉਣਾ ਵੀ ਇਸ ਰੁਝਾਣ ਦੀ ਹੀ ਇਕ ਹੋਰ ਉਦਾਹਰਨ ਹੈ। ਬਹੁਤੀ ਵਾਰ ਕਾਰਾਂ ਦੇ ਨਵੇਂ ਮਾਡਲਾਂ ਵਿੱਚ ਤਕਨੀਕੀ ਤੌਰ 'ਤੇ ਕੋਈ ਏਡਾ ਵੱਡਾ ਸੁਧਾਰ ਨਹੀਂ ਹੋਇਆ ਹੁੰਦਾ ਬੱਸ ਉਹਨਾਂ ਦੀ ਸ਼ਕਲ ਵਗੈਰਾ 'ਚ ਥੋੜ੍ਹੀ ਬਹੁਤੀ ਤਬਦੀਲੀ ਕਰਕੇ ਹੀ ਨਵੇਂ ਸਾਲ ਦੇ ਮਾਡਲ ਨੂੰ ਪਿਛਲੇ ਸਾਲ ਦੇ ਮਾਡਲ ਨਾਲੋਂ ਵੱਖਰਾ ਬਣਾਇਆ ਗਿਆ ਹੁੰਦਾ ਹੈ। ਆਮ ਤੌਰ 'ਤੇ ਇਕ ਨਵੀਂ ਕਾਰ ਦੀ ਉਮਰ 10 ਕੁ ਸਾਲ ਹੁੰਦੀ ਹੈ। ਜੇ ਕਾਰ ਖ੍ਰੀਦਣ ਵਾਲਾ ਇਕ ਕਾਰ ਲੈ ਕੇ ਏਨੇ ਸਾਲ ਨਵੀਂ ਕਾਰ ਨਾ ਖ੍ਰੀਦੇ ਤਾਂ ਨਵੀਂਆਂ ਕਾਰਾਂ ਦੀ ਮੰਗ ਵਿੱਚ ਕਮੀ ਆ ਸਕਦੀ ਹੈ ਜੋ ਕਿ ਕਾਰ ਉਤਪਾਦਕਾਂ ਦੇ ਮੁਨਾਫੇ 'ਤੇ ਸੱਟ ਮਾਰ ਸਕਦੀ ਹੈ। ਇਸ ਲਈ ਹਰ ਸਾਲ ਕਾਰਾਂ ਦੇ ਨਵੇਂ ਮਾਡਲ/ਸਟਾਈਲ ਬਾਜ਼ਾਰ ਵਿੱਚ ਲਿਆ ਕੇ ਲੋਕਾਂ ਵਿੱਚ ਨਵੀਂਆਂ ਕਾਰਾਂ ਖ੍ਰੀਦਣ ਦੀ ਚਾਹਤ ਪੈਦਾ ਕਰਨਾ ਜ਼ਰੂਰੀ ਹੈ। ਜਨਰਲ ਮੋਟਰਜ਼ ਦੇ ਡਿਜ਼ਾਇਨ ਚੀਫ ਹਾਰਲੇ ਅਰਲ ਵਲੋਂ 1955 ਵਿੱਚ ਕਹੇ ਅੱਗੇ ਦਿੱਤੇ ਸ਼ਬਦ ਇਸ ਗੱਲ ਦੀ ਹਾਮੀ ਭਰਦੇ ਹਨ। "ਹਰ ਸਾਲ ਲੱਖਾਂ ਹੀ ਕਾਰ

---

[68] Planned obsolescence (23 March 2009). The Economist. Downloaded May 30, 2011 from: http://www.economist.com/node/13354332

[69] Wikipedia. Planned obsolescence. Downloaded on May 30, 2011 from: http://en.wikipedia.org/wiki/Planned_obsolescence

[70] Bloyd-Peshkin, Sharon (2009). Our Lives Are Filled With Worthless Crap That's Destroying the Earth. Alter Net Downloaded May 28, 2011 from: http://www.alternet.org/story/144204/our_lives_are_filled_with_worthless_crap_that%27s_destroying_the_earth%3A_here%27s_what_you_can_do?page=entire

ਖ਼੍ਰੀਦਣ ਵਾਲਿਆਂ ਵਿੱਚ ਪਿਛਲੇ ਸਾਲ ਦਾ ਮਾਡਲ ਬਦਲ ਕੇ ਨਵੇਂ ਸਾਲ ਦਾ ਮਾਡਲ ਖ਼੍ਰੀਦਣ ਦੀ ਚਾਹਤ ਪੈਦਾ ਕਰਨਾ ਕਾਰ ਸਨਅਤ ਲਈ ਬਹੁਤ ਜ਼ਰੂਰੀ ਹੈ।" [71]

ਕਈ ਵਸਤਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਹਨਾਂ ਦੇ ਸਟਾਈਲ ਜਾਂ ਡਿਜ਼ਾਇਨ ਵਿੱਚ ਕੋਈ ਵੱਡੀ ਤਬਦੀਲੀ ਨਹੀਂ ਕੀਤੀ ਜਾ ਸਕਦੀ ਅਤੇ ਬਿਨਾਂ ਕਿਸੇ ਔਖਿਆਈ ਦੇ ਵਾਰ ਵਾਰ ਵਰਤੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਦੀਆਂ ਵਸਤਾਂ ਨੂੰ ਲੋਕਾਂ ਦੀ ਸੋਚ ਵਿਚ ਪੁਰਾਣੀਆਂ ਬਣਾ ਕੇ ਉਹਨਾਂ ਨੂੰ ਵਾਰ ਵਾਰ ਖ਼੍ਰੀਦਣ ਦੀ ਮੰਗ ਪੈਦਾ ਕਰਨ ਲਈ ਕਈ ਵਾਰੀ ਉਤਪਾਦਕਾਂ ਵੱਲੋਂ ਬਹੁਤ ਦਿਲਚਸਪ ਤਰੀਕੇ ਵਰਤੇ ਜਾਂਦੇ ਹਨ। ਇਸ ਬਾਰੇ ਤਾਸ਼ ਦੇ ਪੱਤਿਆਂ ਦੀ ਕਹਾਣੀ ਪੇਸ਼ ਹੈ। 1960ਵਿਆਂ ਵਿੱਚ ਅਮਰੀਕਾ ਵਿੱਚ ਤਾਸ਼ ਬਣਾਉਣ ਵਾਲਿਆਂ ਦੀ ਐਸੋਸੀਏਸ਼ਨ ਨੇ ਲੋਕਾਂ ਨੂੰ ਵਾਰ ਵਾਰ ਨਵੀਂ ਤਾਸ਼ ਖ਼੍ਰੀਦਣ ਲਈ ਪ੍ਰੇਰਿਤ ਕਰਨ ਲਈ ਇਸ਼ਤਿਹਾਰਬਾਜ਼ੀ ਕਰਨ ਦਾ ਕੰਮ ਜੇ. ਵਾਲਟਰ ਥਾਂਪਸਨ ਨਾਂ ਦੀ ਇਸ਼ਤਿਹਾਰਬਾਜ਼ੀ ਕਰਨ ਵਾਲੀ ਏਜੰਸੀ ਨੂੰ ਸੌਂਪਿਆ। ਇਸ ਏਜੰਸੀ ਨੇ ਇਸ ਕੰਮ ਲਈ ਜਿਹੜੀ ਇਸ਼ਤਿਹਾਰਬਾਜ਼ੀ ਤਿਆਰ ਕੀਤੀ ਉਸ ਦਾ ਸੁਨੇਹਾ ਕੁਝ ਇਸ ਪ੍ਰਕਾਰ ਸੀ। ਜੇ ਤੁਹਾਡੇ ਘਰ ਕੋਈ ਪਰਾਹੁਣਾ ਆਉਂਦਾ ਹੈ ਤਾਂ ਤੁਸੀਂ ਉਸ ਲਈ ਗੁਸਲਖਾਨੇ ਵਿੱਚ ਮੈਲੇ ਅਤੇ ਅਣਧੋਤੇ ਹੋਏ ਤੌਲੀਏ ਨਹੀਂ ਰੱਖਦੇ ਸਗੋਂ ਧੋਤੇ ਹੋਏ ਤੌਲੀਏ ਰੱਖਦੇ ਹੋ। ਫਿਰ ਜਦੋਂ ਕੋਈ ਦੋਸਤ ਮਿੱਤਰ ਤੁਹਾਡੇ ਕੋਲ ਤਾਸ਼ ਖੇਡਣ ਆਉਂਦੇ ਹਨ ਤਾਂ ਤੁਸੀਂ ਉਹਨਾਂ ਨਾਲ ਪੁਰਾਣੀ ਅਤੇ ਮੈਲੀ ਹੋਈ ਤਾਸ਼ ਨਾਲ ਕਿਉਂ ਖੇਡਦੇ ਹੋ? ਉਹਨਾਂ ਨਾਲ ਤਾਸ਼ ਖੇਡਣ ਲਈ ਤੁਹਾਨੂੰ ਹਰ ਵਾਰੀ ਨਵੀਂ ਤਾਸ਼ ਵਰਤਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਨਾਲ ਉਹਨਾਂ ਨੇ ਲੋਕਾਂ ਵਿੱਚ ਇਕ-ਦੋ ਜਾਂ ਕੁਝ ਵਾਰੀ ਵਰਤੀ ਗਈ ਤਾਸ਼ ਨੂੰ ਨਕਾਰਾ ਕਰਕੇ ਨਵੀਂ ਤਾਸ਼ ਵਰਤਣ ਦਾ ਆਦਤ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿ ਤਾਸ਼ ਦੇ ਪੱਤਿਆਂ ਦੀ ਮੰਗ ਬਣੀ ਰਹੇ। [72]

ਕਈ ਵਾਰੀ ਉਤਪਾਦਕ ਵਸਤਾਂ ਦੇ ਪੈਕਟਾਂ ਅਤੇ ਭਾਂਡਿਆਂ ਦਾ ਡਿਜ਼ਾਇਨ ਇਸ ਤਰ੍ਹਾਂ ਬਣਾਉਂਦੇ ਹਨ ਕਿ ਉਸ ਨਾਲ ਵਸਤ ਦੀ ਖਪਤ ਵੱਧ ਹੋਵੇ। ਇਸ ਬਾਰੇ ਸ਼ੈਂਪੂ ਬਣਾਉਣ ਵਾਲੀ ਕੰਪਨੀ ਜੌਹਨਸਨ ਐਂਡ ਜੌਹਨਸਨ ਨਾਲ ਸੰਬੰਧਤ ਇਕ ਦਿਲਚਸਪ ਕਹਾਣੀ ਪੇਸ਼ ਹੈ। ਉਹਨਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਜੇ ਬੇਬੀ ਸ਼ੈਂਪੂ ਇਕ ਅਜਿਹੀ ਬੋਤਲ ਵਿੱਚ ਪਾਇਆ ਹੋਵੇ ਜਿਸ ਨੂੰ ਘੁੱਟਣ ਨਾਲ ਬੋਤਲ 'ਤੇ ਲੱਗੇ ਡੱਟ ਵਿਚਲੀ ਮੋਰੀ ਰਾਹੀਂ ਲੋੜ ਜਿੰਨਾ ਹੀ ਸ਼ੈਂਪੂ ਨਿਕਲੇ ਤਾਂ ਇਸ ਨਾਲ ਸ਼ੈਂਪੂ ਦੀ ਵਰਤੋਂ ਬੜੀ ਸੰਜਮ ਨਾਲ ਹੋਵੇਗੀ। ਉਹਨਾਂ ਦੇ ਇਕ ਡਿਜ਼ਾਇਨਰ ਨੇ ਬੋਤਲ ਉੱਪਰ ਪੇਚਾਂ ਵਾਲਾ ਢੱਕਣ ਲਾ ਦਿੱਤਾ ਜਿਸ ਨੂੰ ਖੋਲ੍ਹ ਕੇ ਹੀ ਸ਼ੈਂਪੂ ਕੱਢਿਆ ਜਾ ਸਕਦਾ ਸੀ। ਇਸ ਢੱਕਣ ਵਾਲੀ ਬੋਤਲ ਵਿੱਚੋਂ ਸ਼ੈਂਪੂ ਬਾਹਰ ਕੱਢਣ ਸਮੇਂ ਬਹੁਤੀ ਵਾਰੀ ਬੋਤਲ ਦੇ ਡਿੱਗ ਪੈਣ ਜਾਂ ਬੋਤਲ ਦੇ ਤਿਲਕ ਜਾਣ ਕਾਰਨ ਲੋੜ ਤੋਂ ਕਿਤੇ ਜ਼ਿਆਦਾ ਸ਼ੈਂਪੂ ਬਾਹਰ ਡੁਲ੍ਹ ਜਾਂਦਾ ਸੀ। ਕੰਪਨੀ ਦੇ ਇਕ ਵੱਡੇ ਅਧਿਕਾਰੀ ਅਨੁਸਾਰ ਸਿਰਫ ਢੱਕਣ ਦੀ ਇਸ ਤਬਦੀਲੀ ਕਰਕੇ ਹੀ ਉਹ ਕਈ ਅਰਬਾਂ ਡਾਲਰਾਂ ਦਾ ਵਾਧੂ ਸ਼ੈਂਪੂ ਵੇਚਣ ਵਿੱਚ ਕਾਮਯਾਬ ਹੋ ਗਏ ਸਨ। ਇਸ ਲਈ ਪੇਚਾਂ ਵਾਲੇ ਢੱਕਣ ਦੀ ਕਾਢ ਕੱਢਣ ਵਾਲੇ ਵਿਅਕਤੀ ਨੂੰ ਉਹਨਾਂ ਦੀ ਕੰਪਨੀ ਦਾ ਸਭ ਤੋਂ ਵੱਡਾ ਹੀਰੋ ਮੰਨਿਆ ਜਾਂਦਾ ਸੀ। [73]

ਬੇਸ਼ੱਕ ਵਸਤਾਂ ਨੂੰ ਜਾਣਬੁੱਝ ਕੇ ਅਪ੍ਰਚੱਲਿਤ ਕਰਨ (ਪਲੈਨਡ ਆਬਸੋਲੇਸੈਂਸ) ਦੇ ਸਮਰਥਕਾਂ ਦਾ ਦਾਅਵਾ ਹੈ ਕਿ ਇਹ ਵਰਤਾਰਾ ਵਸਤਾਂ ਅਤੇ ਸੇਵਾਵਾਂ ਵਿੱਚ ਲਗਾਤਾਰ ਸੁਧਾਰ ਲਿਆਉਣ ਲਈ ਬਹੁਤ ਜ਼ਰੂਰੀ ਹੈ, ਪਰ ਇਸ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਵਰਤਾਰਾ ਧਰਤੀ ਦੇ ਬਹੁਤ ਜ਼ਿਆਦਾ ਵਸੀਲਿਆਂ ਨੂੰ ਕੂੜੇ ਕਰਕਟ ਵਿੱਚ ਤਬਦੀਲ ਕਰਨ ਦਾ ਕਾਰਨ ਬਣਦਾ ਹੈ। ਇਸ ਨਾਲ ਧਰਤੀ ਦੇ ਕਿੰਨੇ ਕੁ ਵਸੀਲੇ ਖਰਾਬ ਹੁੰਦੇ ਹਨ ਇਹ ਸਮਝਣ ਲਈ ਅਸੀਂ ਸੈੱਲ ਜਾਂ ਮੋਬਾਈਲ ਫੋਨਾਂ ਦੀ ਉਦਾਹਰਨ ਦੇਖ ਸਕਦੇ ਹਾਂ। ਇਕ ਅੰਦਾਜ਼ੇ ਅਨੁਸਾਰ ਇਕ ਔਸਤ ਆਦਮੀ ਹਰ ਸਾਲ ਜਾਂ ਡੇਢ ਸਾਲ ਬਾਅਦ ਆਪਣਾ ਸੈੱਲ ਜਾਂ ਮੋਬਾਈਲ ਫੋਨ ਬਦਲ ਲੈਂਦਾ ਹੈ। ਇਸ ਦੇ ਨਤੀਜੇ ਵਜੋਂ ਸੰਨ 1983 (ਜਦੋਂ ਪਹਿਲਾ ਸੈੱਲ ਫੋਨ ਮਾਰਕੀਟ ਵਿੱਚ ਆਇਆ ਸੀ) ਤੋਂ ਲੈ ਕੇ 2005 ਤੱਕ ਤਕਰੀਬਨ 50 ਕ੍ਰੋੜ ਦੇ ਲਗਭਗ ਸੈੱਲ ਜਾਂ ਮੋਬਾਈਲ ਫੋਨ ਅਪ੍ਰਚਲਿਤ (ਆਬਸੋਲੀਟ) ਹੋ ਗਏ ਸਨ। ਅਪ੍ਰਚਲਤਿ ਹੋ ਗਏ ਇਹਨਾਂ ਸੈੱਲ ਫੋਨਾਂ ਦਾ ਭਾਰ 56,000 ਟਨ ਦੇ ਨੇੜੇ ਸੀ। ਇਸ ਸਮੱਗਰੀ ਵਿੱਚ ਵਿੱਚ 7900 ਟਨ ਤਾਂਬਾ, 178 ਟਨ ਚਾਂਦੀ, 17 ਟਨ ਸੋਨਾ, 74 ਟਨ ਪੈਲਾਡੀਅਮ ਅਤੇ 180 ਕਿਲੋਗ੍ਰਾਮ ਪਲਾਟੀਨਮ ਸ਼ਾਮਲ ਸੀ। ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਸੈੱਲ ਫੋਨਾਂ ਦੀ ਇਸ ਸਮੱਗਰੀ ਵਿੱਚ 1 ਫੀਸਦੀ ਤੋਂ ਵੀ ਘੱਟ ਸਮੱਗਰੀ ਰੀਸਾਈਕਲ ਕੀਤੀ ਜਾਂਦੀ ਹੈ। [74] ਇਸ ਦਾ ਭਾਵ ਇਹ ਹੋਇਆ ਕਿ ਦੋ ਦਹਾਕਿਆਂ ਦੇ ਕਰੀਬ ਸਮੇਂ ਵਿੱਚ 50 ਕ੍ਰੋੜ ਸੈੱਲ ਫੋਨਾਂ ਦੇ ਅਪ੍ਰਚਲਿਤ ਹੋਣ ਨਾਲ ਧਰਤੀ ਦੇ ਏਨੇ ਜ਼ਿਆਦਾ ਵਸੀਲੇ ਕੂੜੇ ਦੇ ਢੇਰ ਵਿੱਚ ਤਬਦੀਲ ਹੋ ਗਏ ਹਨ।

ਵਸਤਾਂ ਦੇ ਉਤਪਾਦਕਾਂ ਤੋਂ ਬਿਨਾਂ ਲੋਕਾਂ ਵਿੱਚ ਖਪਤਵਾਦ ਦਾ ਪਸਾਰ ਕਰਨ ਲਈ ਸੰਚਾਰ ਮੀਡੀਆ ਵੱਡੀ ਭੂਮਿਕਾ ਨਿਭਾਉਂਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਜੋਕਾ ਮੀਡੀਆ ਆਪਣੀ ਆਮਦਨ ਲਈ ਇਸ਼ਤਿਹਾਰਾਂ 'ਤੇ ਨਿਰਭਰ ਕਰਦਾ ਹੈ। ਇਸ ਲਈ ਉਸ ਦਾ ਰੋਲ ਲੋਕਾਂ ਨੂੰ ਜਾਣਕਾਰੀ ਦੇਣਾ ਨਹੀਂ ਸਗੋਂ ਇਸ਼ਤਿਹਾਰਬਾਜ਼ੀ ਲਈ ਦਰਸ਼ਕ ਪੈਦਾ ਕਰਨਾ ਬਣ ਗਿਆ ਹੈ। ਮੀਡੀਆ ਵਿੱਚ ਦਿੱਤੇ ਜਾਂਦੇ ਇਸ਼ਤਿਹਾਰ ਹੀ ਨਹੀਂ ਸਗੋਂ ਉਸ ਵਿੱਚ ਪੇਸ਼ ਕੀਤੀ ਜਾਂਦੀ ਸਮੱਗਰੀ ਵੀ ਲੋਕਾਂ ਵਿੱਚ ਖਪਤਵਾਦ ਦਾ ਪਸਾਰ ਕਰਨ ਵਾਲੀ ਹੁੰਦੀ ਹੈ। ਟੈਲੀਵਿਯਨ ਅਤੇ ਫਿਲਮਾਂ ਵਿੱਚ ਪੇਸ਼ ਕੀਤੀ ਜਾਂਦੀ ਸਮੱਗਰੀ ਦੇ ਸੰਬੰਧ ਵਿੱਚ ਇਹ ਰੁਝਾਨ ਸਿਖਰ 'ਤੇ ਪਹੁੰਚ ਚੁੱਕਾ ਹੈ। ਬਹੁਤੀ ਵਾਰ ਟੈਲੀਵਿਯਨ ਅਤੇ ਫਿਲਮਾਂ ਵਿੱਚ ਦਿਖਾਏ ਜਾਂਦੇ ਪ੍ਰੋਗਰਾਮਾਂ ਵਿੱਚ ਅਮੀਰ ਲੋਕਾਂ ਦਾ ਖਪਤਵਾਦੀ ਜੀਵਨ ਪੇਸ਼ ਕੀਤਾ ਜਾਂਦਾ ਹੈ ਜਿਹੜਾ ਆਮ ਲੋਕਾਂ ਵਿੱਚ ਖਪਤਵਾਦ ਦੀ

---

[71] Bloyd-Peshkin, Sharon (2009).
[72] Dawson, Michael (2003). The Consumer Trap: Big Business Marketing in Americal Life . Chicago: University of Illinois Press
[73] Dawson, Michael (2003).
[74] Friends of the Earth Europe (2009). (p. 25).

ਲਾਲਸਾ ਪੈਦਾ ਕਰਦਾ ਹੈ। ਬਹੁਤ ਸਾਰੇ ਅਧਿਅਨਾਂ ਤੋਂ ਇਹ ਗੱਲ ਸਾਬਤ ਹੋਈ ਹੈ ਕਿ ਮੀਡੀਏ ਵਿੱਚ ਦਿੱਤੀ ਜਾਂਦੀ ਇਸ਼ਤਿਹਾਰਬਾਜ਼ੀ ਅਤੇ ਪ੍ਰੋਗਰਾਮ ਲੋਕਾਂ ਵਿੱਚ ਵਸਤਾਂ/ਸੇਵਾਵਾਂ ਦੀ ਲਾਲਸਾ ਪੈਦਾ ਕਰਦੇ ਹਨ। ਇਕ ਅਧਿਅਨ ਅਨੁਸਾਰ ਲੋਕ ਜਿੰਨਾ ਵੱਧ ਟੈਲੀਵਿਯਨ ਦੇਖਦੇ ਹਨ, ਉਨਾ ਜ਼ਿਆਦਾ ਪੈਸਾ ਉਹ ਵਸਤਾਂ ਖ਼੍ਰੀਦਣ 'ਤੇ ਲਾਉਂਦੇ ਹਨ। ਹਫਤੇ ਵਿੱਚ ਇਕ ਘੰਟਾ ਵਾਧੂ ਟੈਲੀਵਿਯਨ ਦੇਖਣ ਮਗਰ ਲੋਕ ਸਾਲ ਵਿੱਚ ਵਸਤਾਂ ਖ਼੍ਰੀਦਣ 'ਤੇ 208 ਡਾਲਰ ਵਾਧੂ ਖਰਚਦੇ ਹਨ। [75]

ਇਹਨਾਂ ਕੁਝ ਇਕ ਢੰਗਾਂ ਤੋਂ ਬਿਨਾਂ ਉਤਪਾਦਕ ਹੋਰ ਲੋਕਾਂ ਵਿੱਚ ਵਸਤਾਂ ਦੀ ਚਾਹਤ/ਮੰਗ ਪੈਦਾ ਕਰਨ ਲਈ ਕਈ ਤਰ੍ਹਾਂ ਦੇ ਢੰਗ ਵਰਤਦੇ ਹਨ। ਥਾਂ ਦੀ ਘਾਟ ਕਰਕੇ ਉਹਨਾਂ ਸਾਰਿਆਂ ਬਾਰੇ ਇੱਥੇ ਗੱਲ ਕਰਨੀ ਸੰਭਵ ਨਹੀਂ। ਹੁਣ ਅਸੀਂ ਇਹ ਦੇਖਾਂਗੇ ਕਿ ਖਪਤਵਾਦ ਦੇ ਪਸਾਰ ਲਈ ਸਰਕਾਰਾਂ ਕੀ ਭੂਮਿਕਾ ਨਿਭਾਉਂਦੀਆਂ ਹਨ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਅਜੋਕੇ ਆਰਥਿਕ ਪ੍ਰਬੰਧ ਦੀ ਸਲਾਮਤੀ ਲਈ ਕੰਜ਼ਿਊਮਰਿਜ਼ਮ ਦੀ ਵੱਡੀ ਲੋੜ ਹੈ। ਇਸ ਲਈ ਇਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰਾਂ ਖਾਸ ਦਿਲਚਸਪੀ ਲੈਂਦੀਆਂ ਹਨ। ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਸਤੰਬਰ 2001 ਵਿੱਚ ਨਿਊਯਾਰਕ ਦੇ ਟਵਿੰਨ ਟਾਵਰਾਂ ਉੱਪਰ ਹੋਏ ਹਮਲੇ ਤੋਂ ਛੇਤੀ ਬਾਅਦ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਦੇ ਬਹੁਤ ਸਾਰੇ ਨੇਤਾਵਾਂ ਨੇ ਲੋਕਾਂ ਨੂੰ ਘਰਾਂ ਤੋਂ ਬਾਹਰ ਨਿਕਲ ਸ਼ਾਪਿੰਗ/ਖ਼੍ਰੀਦਦਾਰੀ ਕਰਨ ਦਾ ਸੁਨੇਹਾ ਦਿੱਤਾ ਸੀ। 27 ਸਤੰਬਰ 2001 ਨੂੰ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਬੁੱਸ਼ ਨੇ ਲੋਕਾਂ ਨੂੰ ਕਿਹਾ ਸੀ, "ਮੈਂ ਤੁਹਾਡੇ ਕੋਲੋਂ ਅਮਰੀਕਾ ਦੀ ਆਰਥਿਕਤਾ ਵਿੱਚ ਲਗਾਤਾਰ ਸ਼ਮੂਲੀਅਤ ਅਤੇ ਵਿਸ਼ਵਾਸ ਚਾਹੁੰਦਾ ਹਾਂ"। [76] ਇੰਗਲੈਂਡ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਲੋਕਾਂ ਨੂੰ ਸਲਾਹ ਦਿੱਤੀ ਸੀ:

> ਇਸ ਦੇਸ਼ ਦੇ ਲੋਕ ਪੁੱਛਦੇ ਹਨ ਕਿ ਉਹਨਾਂ ਨੂੰ ਅਜਿਹੇ ਸਮੇਂ ਕੀ ਕਰਨਾ ਚਾਹੀਦਾ ਹੈ। ਇਸ ਦਾ ਜੁਆਬ ਹੈ ਕਿ ਉਹਨਾਂ ਨੂੰ ਆਪਣੀ ਜ਼ਿੰਦਗੀ ਆਮ ਵਾਂਗ ਜੀਣੀ ਚਾਹੀਦੀ ਹੈ: ਉਹਨਾਂ ਨੂੰ ਕੰਮ ਕਰਨਾ ਚਾਹੀਦਾ ਹੈ, ਜਿਉਣਾ ਚਾਹੀਦਾ ਹੈ, ਸਫਰ ਕਰਨਾ ਚਾਹੀਦਾ ਹੈ ਅਤੇ **ਖ਼੍ਰੀਦਦਾਰੀ** ਕਰਨੀ ਚਾਹੀਦੀ ਹੈ..." [77]

ਕੈਨੇਡਾ ਦੇ ਪ੍ਰਧਾਨ ਮੰਤਰੀ ਕਰੈਚਿਅਨ ਨੇ ਕਿਹਾ ਸੀ "ਆਪਣੀਆਂ ਯੋਜਨਾਵਾਂ ਕੈਂਸਿਲ ਨਾ ਕਰੋ... ਸਾਡੇ ਲਈ ਆਪਣੀ ਟਰੈਵਿਲ ਅਤੇ ਟੂਰਿਜ਼ਮ ਇੰਡਸਟਰੀ ਨੂੰ ਜ਼ਿੰਦਾ ਰੱਖਣਾ ਜ਼ਰੂਰੀ ਹੈ। ਇਹ ਮੋੜਵੀਂ ਲੜਾਈ ਲੜਨ ਦਾ ਇਕ ਢੰਗ ਹੈ।" ਫਿਰ ਉਹਨਾਂ ਧਿਆਨ ਦਿਵਾਇਆ ਕਿ ਵਿਆਜ ਦੀ ਦਰਾਂ ਬਹੁਤ ਘੱਟ ਹਨ। "ਇਸ ਲਈ ਇਹ ਮਾਰਗੇਜ ਲੈ ਕੇ ਘਰ ਅਤੇ ਕਾਰਾਂ ਖ਼੍ਰੀਦਣ ਦਾ ਸਮਾਂ ਹੈ।" [78] ਨਿਊ ਯੋਰਕ ਦੇ ਮੇਅਰ ਰੁਡੋਲਫ ਗਿਲਾਨੀ ਨੇ ਲੋਕਾਂ ਨੂੰ ਬੇਨਤੀ ਕੀਤੀ ਸੀ, "ਰੈਸਟੋਰੈਂਟਾਂ ਵਿੱਚ ਜਾਉ, **ਖ਼੍ਰੀਦਦਾਰੀ ਕਰੋ**, ਹੋਰ ਕੁਝ ਕਰੋ ਅਤੇ ਦਿਖਾਉ ਕਿ ਤੁਸੀਂ ਡਰੇ ਨਹੀਂ ਹੋ।"[79] ਮਿਆਮੀ-ਡੇਡ ਕਾਉਂਟੀ ਦੇ ਮੇਅਰ ਨੇ ਲੋਕਾਂ ਨੂੰ ਸੁਝਾ ਦਿੱਤਾ ਸੀ ਕਿ "ਬਾਹਰ ਜਾਉ ਅਤੇ ਆਰਥਿਕਤਾ ਵਿੱਚ ਯੋਗਦਾਨ ਪਾਉ... ਜਿਵੇਂ ਮੇਰੀ ਘਰਵਾਲੀ ਕਹਿੰਦੀ ਹੈ ਕਿ ਇਸ ਸਮੇਂ **ਖ਼੍ਰੀਦਦਾਰੀ ਵੱਡੀ ਦੇਸ਼ਭਗਤੀ** ਹੈ।"[80] ਇਹ ਹਵਾਲੇ ਦਰਸਾਉਂਦੇ ਹਨ ਕਿ ਇਸ ਵੱਡੇ ਸੰਕਟ ਸਮੇਂ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਦੇ ਪ੍ਰਤੀਨਿਧਾਂ ਵਲੋਂ ਲੋਕਾਂ ਨੂੰ ਖ਼੍ਰੀਦਦਾਰੀ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਲੋਕ ਖ਼੍ਰੀਦਦਾਰੀ ਨਹੀਂ ਕਰਨਗੇ ਤਾਂ ਉਹਨਾਂ ਦੀ ਆਰਥਿਕਤਾ ਮੰਦੇ ਵਿੱਚ ਚਲੀ ਜਾਵੇਗੀ।

ਸਰਕਾਰਾਂ ਕਈ ਤਰ੍ਹਾਂ ਦੀਆਂ ਨੀਤੀਆਂ ਅਤੇ ਕਾਨੂੰਨ ਬਣਾ ਕੇ ਕੰਜ਼ਿਊਮਰਿਜ਼ਮ ਨੂੰ ਉਤਸ਼ਾਹਿਤ ਕਰਦੀਆਂ ਹਨ। ਜਿਵੇਂ ਜਨਤਕ ਪੱਧਰ 'ਤੇ ਸੇਵਾਵਾਂ/ਵਸਤਾਂ ਦੇਣ ਦਾ ਪ੍ਰਬੰਧ ਕਰਨ ਦੀ ਥਾਂ ਪ੍ਰਾਈਵੇਟ ਅਦਾਰਿਆਂ ਰਾਹੀਂ ਸੇਵਾਵਾਂ ਪ੍ਰਦਾਨ ਕਰਨ ਦਾ ਫੈਸਲਾ ਲੈਣਾ, ਕੰਜ਼ਿਊਮਰ ਵਸਤਾਂ 'ਤੇ ਲੱਗਣ ਵਾਲੇ ਟੈਕਸ ਵਿੱਚ ਕਟੌਤੀਆਂ ਕਰਨਾ, ਕੰਜ਼ਿਊਮਰ ਵਸਤਾਂ ਖ਼੍ਰੀਦਣ ਲਈ ਸਬਸਡੀਆਂ/ਰੀਬੇਟਾਂ ਦੇਣਾ, ਉਤਪਾਦਨ ਦੌਰਾਨ ਪੈਦਾ ਹੋਣ ਵਾਲੀ ਰਹਿੰਦ-ਖੂੰਹਦ ਨੂੰ ਸਮੇਟਣ ਬਾਰੇ ਨਰਮ ਕਾਨੂੰਨ ਬਣਾਉਣਾ ਆਦਿ। ਇਸ ਸੰਬੰਧ ਵਿੱਚ ਕੁਝ ਕੁ ਉਦਾਹਰਨਾਂ ਪੇਸ਼ ਹਨ।

---

[75] Assadourian, Erik (2010). (p.13)

[76] Murse, Tom (14 September 2010). Did President Bush Really Tell Americans to 'Go Shopping' After 9/11. About.Com. Downloaded on June 11, 2011 from: http://usgovinfo.about.com/od/thepresidentandcabinet/a/did-bush-say-go-shopping-after-911.htm

[77] Jill Vardy in St. John's and Chris Wattie. (2001, September 28). Shopping is patriotic, leaders say: Spending seen as antidote to post-terror recession: 'It is time to go out and get a mortgage, to buy a home, to buy a car,' Chretien advises :[National Edition]. National Post,p. A1 / FRONT. Retrieved July 11, 2011, from Canadian Newsstand Complete.

[78] Jill Vardy and Chris Wattie. (2001, September 28).

[79] Kaplan, Fred (2001, September 14). In crisis, Giuliani's image transformed. The Boston Globe. Downloaded July 11, 2011 from: http://www.boston.com/news/packages/underattack/globe_stories/0914/In_crisis_Giuliani_s_image_transformed+.shtml

[80] Jill Vardy and Chris Wattie. (2001, September 28).

ਸੰਨ 2007-08 ਦੌਰਾਨ ਆਏ ਮੰਦਵਾੜੇ ਕਾਰਨ ਕਾਰਾਂ ਦੀ ਵਿਕਰੀ ਵਿੱਚ ਪਏ ਮੰਦੇ ਨੂੰ ਉਤਸ਼ਾਹਿਤ ਕਰਨ ਲਈ ਦੁਨੀਆਂ ਦੇ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਆਪਣੇ ਆਪਣੇ ਸਟੀਮੂਲਸ ਪੈਕਜਾਂ ਵਿੱਚ ਕਾਰਾਂ ਦੀ ਵਿਕਰੀ ਵਧਾਉਣ ਲਈ ਕਈ ਤਰ੍ਹਾਂ ਦੇ ਕਦਮ ਚੁੱਕੇ ਸਨ। ਉਦਾਹਰਨ ਲਈ ਅਮਰੀਕਾ ਨੇ ਪਹਿਲਾਂ ਨਵੀਂਆਂ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਛੋਟ ਦਿੱਤੀ ਕਿ ਉਹ ਕਾਰ 'ਤੇ ਲੱਗੇ ਸੇਲਜ਼ ਟੈਕਸ ਨੂੰ ਆਪਣੇ ਇਨਕਮ ਟੈਕਸ ਵਿੱਚ ਕਟੌਤੀ ਦੇ ਤੌਰ ਉੱਤੇ ਕਲੇਮ ਕਰ ਸਕਦੇ ਹਨ। [81] ਬਾਅਦ ਵਿੱਚ ਸਰਕਾਰ ਨੇ ਪੁਰਾਣੀ ਕਾਰ ਵੇਚ ਕੇ ਨਵੀਂ ਕਾਰ ਲੈਣ ਵਾਲੇ ਲੋਕਾਂ ਲਈ ਬੋਨਸ ਦੀ ਸਕੀਮ ਚਲਾਈ। ਇਸ ਸਕੀਮ ਅਧੀਨ ਪੁਰਾਣੀ ਕਾਰ ਵੇਚ ਕੇ ਘੱਟ ਤੇਲ ਖਾਣ ਵਾਲੀ ਨਵੀਂ ਕਾਰ ਲੈਣ ਵਾਲਾ ਵਿਅਕਤੀ ਸਰਕਾਰ ਕੋਲੋਂ ਢਾਈ ਤੋਂ ਪੰਜ ਹਜ਼ਾਰ ਡਾਲਰ ਦੇ ਕਰੀਬ ਪੈਸੇ ਲੈ ਕੇ ਨਵੀਂ ਕਾਰ ਖ਼੍ਰੀਦਣ ਲਈ ਵਰਤ ਸਕਦਾ ਸੀ। [82] ਚੀਨ ਅਤੇ ਯੂਰਪ ਦੇ ਹੋਰ ਕਈ ਦੇਸ਼ਾਂ ਨੇ ਵੀ ਆਪਣੇ ਆਪਣੇ ਦੇਸ਼ਾਂ ਵਿੱਚ ਕਾਰਾਂ ਦੀ ਵਿਕਰੀ ਵਧਾਉਣ ਲਈ ਇਸ ਤਰ੍ਹਾਂ ਦੇ ਕਦਮ ਚੁੱਕੇ ਸਨ। ਸੰਨ 2008 ਵਿੱਚ ਚੀਨ ਦੀ ਸਟੇਟ ਕਾਉਂਸਲ ਨੇ ਪੇਂਡੂ ਇਲਾਕਿਆਂ ਵਿੱਚ ਕਾਰਾਂ ਖ਼੍ਰੀਦਣ ਵਾਲਿਆਂ ਨੂੰ 10-13 ਫੀਸਦੀ ਦੀ ਸਬਸਡੀ ਦੇਣ ਲਈ 73 ਕ੍ਰੋੜ ਡਾਲਰ ਰਾਖਵੇਂ ਰੱਖੇ ਸਨ। ਇਸ ਦੇ ਨਾਲ ਹੀ ਸਰਕਾਰ ਨੇ ਛੋਟੀਆਂ ਕਾਰਾਂ ਖ਼੍ਰੀਦਣ ਵਾਲਿਆਂ ਨੂੰ ਅੱਧੇ ਖ਼੍ਰੀਦ ਟੈਕਸ ਦੀ ਛੋਟ ਦਿੱਤੀ ਸੀ। [83] ਜਰਮਨੀ ਨੇ ਸੰਨ 2009 ਵਿੱਚ ਪੁਰਾਣੀ ਕਾਰ ਵੇਚ ਕੇ ਨਵੀਂ ਕਾਰ ਲੈਣ ਵਾਲਿਆਂ ਨੂੰ ਢਾਈ ਹਜ਼ਾਰ ਯੂਰੋ ਦਾ ਸਕਰੈਪਿੰਗ ਬੋਨਸ ਦੇਣ ਦਾ ਫੈਸਲਾ ਕੀਤਾ ਸੀ। [84] ਸਰਕਾਰਾਂ ਵਲੋਂ ਅਪਣਾਈਆਂ ਇਹਨਾਂ ਨੀਤੀਆਂ ਕਾਰਨ ਇਹਨਾਂ ਦੇਸ਼ਾਂ ਵਿੱਚ ਕਾਰਾਂ ਦੀ ਵਿਕਰੀ ਕਾਫੀ ਵਾਧਾ ਹੋਇਆ ਸੀ।

ਪਿਛਲੇ ਡੇਢ-ਦੋ ਦਹਾਕਿਆਂ ਤੋਂ ਸਰਕਾਰਾਂ ਵਲੋਂ ਆਪਣੇ ਖਰਚਿਆਂ ਵਿੱਚ ਕਟੌਤੀਆਂ ਕਰਨ ਦੇ ਨਾਂ ਉੱਤੇ ਵਿਦਿਆ ਅਤੇ ਸਿਹਤ ਵਰਗੀਆਂ ਸੇਵਾਵਾਂ ਨੂੰ ਸਰਕਾਰੀ ਪੱਧਰ ਉੱਤੇ ਪ੍ਰਦਾਨ ਕਰਨ ਦੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟਣ ਦਾ ਵਰਤਾਰਾ ਸੰਸਾਰ ਪੱਧਰ ਉੱਤੇ ਵਾਪਰ ਰਿਹਾ ਹੈ। ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਇਹ ਨੀਤੀਆਂ ਆਪਣੇ ਆਪ ਅਪਣਾਈਆਂ ਹਨ ਪਰ ਬਹੁਤ ਦੇਸ਼ਾਂ ਦੀਆਂ ਸਰਕਾਰਾਂ ਉੱਤੇ ਇਹ ਨੀਤੀਆਂ ਅੰਤਰਰਾਸ਼ਟਰੀ ਮੁਦਰਾ ਫੰਡ (ਇੰਟਰਨੈਸ਼ਨਲ ਮੌਨਟਰੀ ਫੰਡ) ਵਰਗੀਆਂ ਸੰਸਥਾਂਵਾਂ ਨੇ ਠੋਸੀਆਂ ਹਨ। ਇਹਨਾਂ ਨੀਤੀਆਂ ਕਾਰਨ ਵਿਦਿਅਕ ਅਤੇ ਸਿਹਤ ਅਦਾਰਿਆਂ ਉੱਪਰ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਆਪਣੇ ਖਰਚਿਆਂ ਲਈ ਪੈਸੇ ਨਿੱਜੀ ਖੇਤਰ ਵਿੱਚੋਂ ਇਕੱਤਰ ਕਰਨ। ਨਤੀਜੇ ਵਜੋਂ ਇਹ ਅਦਾਰੇ ਪੈਸੇ ਇਕੱਤਰ ਕਰਨ ਲਈ ਵੱਡੀਆਂ ਕਾਰਪੋਰੇਸ਼ਨਾਂ ਦੀ ਇਸ਼ਤਿਹਾਰਬਾਜ਼ੀ ਲੈਣ ਲਈ ਮਜ਼ਬੂਰ ਹੋ ਰਹੇ ਹਨ, ਅਤੇ ਇਸ ਇਸ਼ਤਿਹਾਰਬਾਜ਼ੀ ਰਾਹੀਂ ਕੰਜ਼ਿਊਮਰਿਜ਼ਮ ਦੇ ਪਸਾਰ ਦਾ ਮਾਧਿਅਮ ਬਣ ਰਹੇ ਹਨ। ਇਸ ਬਾਰੇ ਵਿਦਿਅਕ ਖੇਤਰ ਵਿੱਚੋਂ ਕੁਝ ਉਦਾਹਰਨਾਂ ਪੇਸ਼ ਹਨ। ਇਕ ਅਧਿਅਨ ਅਨੁਸਾਰ ਅਮਰੀਕਾ ਦੇ ਦੋ ਤਿਹਾਈ ਸਕੂਲ ਸੋਡਾ ਅਤੇ ਫਾਸਟ ਫੂਡ ਵੇਚਣ ਵਾਲੀਆਂ ਮਸ਼ੀਨਾਂ ਤੋਂ ਹੋਣ ਵਾਲੀ ਆਮਦਨ ਵਿੱਚੋਂ ਹਿੱਸਾ ਲੈਂਦੇ ਹਨ ਅਤੇ ਇਕ ਤਿਹਾਈ ਸਕੂਲਾਂ ਨੂੰ ਸੋਡਾ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਵਿੱਤੀ ਇਨਾਮ ਦਿੱਤੇ ਜਾਂਦੇ ਹਨ ਜਦੋਂ ਉਹਨਾਂ ਦੇ ਸਕੂਲਾਂ ਵਿੱਚ ਇਕ ਮਿੱਥੀ ਹੱਦ ਤੋਂ ਵੱਧ ਸੋਡੇ ਦੀ ਵਿਕਰੀ ਹੋਵੇ। ਇਸ ਹੀ ਤਰ੍ਹਾਂ ਅਮਰੀਕਾ ਦੇ 8000 ਸਕੂਲਾਂ ਵਿੱਚ ਕਾਰਪੋਰੇਸ਼ਨਾਂ ਵਲੋਂ ਸਪਾਂਸਰ ਕੀਤੇ ਖਬਰਾਂ ਦੇ ਪ੍ਰੋਗਰਾਮ ਦਿਖਾਏ ਜਾਂਦੇ ਹਨ, ਜਿਹਨਾਂ ਵਿੱਚ ਕਾਰਪੋਰੇਸ਼ਨਾਂ ਵਲੋਂ ਤਿਆਰ ਕੀਤੀਆਂ ਵਸਤਾਂ ਦੀ ਇਸ਼ਤਿਹਾਰਬਾਜ਼ੀ ਵੀ ਸ਼ਾਮਲ ਹੁੰਦੀ ਹੈ। ਇਹਨਾਂ ਪ੍ਰੋਗਰਾਮਾਂ ਦੀ ਪਹੁੰਚ ਅਮਰੀਕਾ ਦੇ 60 ਲੱਖ ਵਿਦਿਆਰਥੀ ਤੱਕ ਹੈ। [85] ਸੰਨ 2006 ਵਿੱਚ ਕੈਨੇਡਾ ਦੇ ਸਕੂਲਾਂ ਬਾਰੇ ਕੀਤੇ ਇਕ ਅਧਿਅਨ ਅਨੁਸਾਰ 32 ਫੀਸਦੀ ਸਕੂਲਾਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਮੌਜੂਦ ਸੀ। ਇਹ ਇਸ਼ਤਿਹਾਰਬਾਜ਼ੀ ਕਰਨ ਵਾਲੀਆਂ ਕੰਪਨੀਆਂ ਵਿੱਚੋਂ ਮੁੱਖ ਕੰਪਨੀਆਂ ਸਨ ਕੋਕ ਅਤੇ ਪੈਪਸੀ ਜਿਹਨਾਂ ਦੀਆਂ ਵਸਤਾਂ ਦੀ ਇਸ਼ਤਿਹਾਰਬਾਜ਼ੀ ਸਕੂਲਾਂ ਦੇ ਸਕੋਰਬੋਰਡਾਂ, ਘੜੀਆਂ, ਪੀਣ ਵਾਲੀਆਂ ਵਸਤਾਂ ਵੇਚਣ ਵਾਲੀਆਂ ਮਸ਼ੀਨਾਂ, ਬੈਨਰਾਂ, ਸਕੂਲ ਦੇ ਸਾਈਨਾਂ ਅਤੇ ਜਿੰਮ ਵਿੱਚ ਵਰਤਣ ਵਾਲੀ ਸਮੱਗਰੀ 'ਤੇ ਮੌਜੂਦ ਸੀ। [86] ਇਹਨਾਂ ਸਕੂਲਾਂ ਨੂੰ ਕਾਰਪੋਰੇਸ਼ਨਾਂ ਦੀ ਇਸ਼ਤਿਹਾਰਬਾਜ਼ੀ ਦਾ ਸਹਾਰਾ ਤਾਂ ਲੈਣਾ ਪਿਆ ਕਿਉਂਕਿ ਉਹਨਾਂ ਨੂੰ ਸਰਕਾਰਾਂ ਵਲੋਂ ਸਕੂਲ ਚਲਾਉਣ ਦੇ ਪੂਰੇ ਖਰਚੇ ਨਹੀਂ ਮਿਲਦੇ ਸਨ। ਇਸ ਤਰ੍ਹਾਂ ਸਕੂਲ ਦੇ ਬੱਜਟਾਂ ਵਿੱਚ ਕਟੌਤੀ ਕਰਨ ਦੀਆਂ ਸਰਕਾਰੀ ਨੀਤੀਆਂ ਵਿਦਿਆਰਥੀਆਂ ਵਿੱਚ ਕੰਜ਼ਿਊਮਰ ਵਸਤਾਂ ਦੀ ਇਸ਼ਤਿਹਾਰਬਾਜ਼ੀ ਦਾ ਕਾਰਨ ਬਣੀਆਂ।

---

[81] Snavely Brent ( 22 February 2009). Stimulus light on aiding car sales. Deteriot Free Press. Downloaded on July 11, 2011 from: http://issuu.com/repmccotter/docs/stim_light_on_aiding_car_sales

[82] Herszenhorn David M. and Krauss Clifford (30 March 2009). US eyes subsidy for motorists to junk clunkers for gas-sippers. BATN. Downloaded on July 11, 2011 from: http://groups.yahoo.com/group/BATN/message/40981

[83] Fangfang Li ( 12 January 2010). Stimulus cash helps drive auto industry to success. China Daily. Downloaded on July 11, 2011 from: http://www.chinadaily.com.cn/cndy/2010-01/12/content_9303553.htm

[84] 'Scrapping Bonus' Injects Life into German Car Sales. Spiegel Online International. Downloaded on July 11, 2011 from: http://www.spiegel.de/international/business/0,1518,603233,00.html

[85] Assadourian, Erik (2010).

[86] Canadian Teachers Federation (2006). Commercialism in Canadian Schools: Who's Calling the Shots? Downloaded on July 13, 2011 from: http://www.ctf-fce.ca/documents/Resources/en/commercialism_in_school/

**ਸਿੱਟਾ:**

ਅਸੀਂ ਦੇਖਿਆ ਹੈ ਕਿ ਅੱਜ ਦੁਨੀਆ ਭਰ ਵਿੱਚ ਕੰਜ਼ਿਊਮਰਿਜ਼ਮ ਦਾ ਬੋਲਬਾਲਾ ਹੈ। ਜਿਹੜੇ ਖਿੱਤੇ ਜਾਂ ਲੋਕ ਪੂਰੀ ਤਰ੍ਹਾਂ ਇਸ ਦੀ ਗ੍ਰਿਫਤ ਵਿੱਚ ਨਹੀਂ ਆਏ, ਉਹਨਾਂ ਨੂੰ ਇਹ ਬੜੀ ਤੇਜ਼ੀ ਨਾਲ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਕੰਜ਼ਿਊਮਰਿਜ਼ਮ ਦਾ ਇਹ ਫੈਲਾਅ ਕਿਸੇ ਕੁਦਰਤੀ ਵਰਤਾਰੇ ਦੇ ਕਾਰਨ ਹੋਂਦ ਵਿੱਚ ਨਹੀਂ ਆਇਆ ਸਗੋਂ ਇਹ ਅਜੋਕੇ ਸਰਮਾਏਦਾਰੀ ਪ੍ਰਬੰਧ ਦੀ ਲੋੜ ਵਿੱਚੋਂ ਉਪਜਿਆ ਹੈ ਅਤੇ ਇਸ ਦਾ ਫੈਲਾਅ ਉਤਪਾਦਕਾਂ ਅਤੇ ਸਰਕਾਰਾਂ ਵੱਲੋਂ ਕਈ ਦਹਾਕਿਆਂ ਤੋਂ ਇਕ ਮੁਹਿੰਮ ਦੇ ਤੌਰ ਤੇ ਲਗਾਤਾਰ ਕੀਤੀਆਂ ਜਾ ਰਹੀਆਂ ਵੱਖ ਵੱਖ ਤਰ੍ਹਾਂ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਦੁਨੀਆਂ ਦੇ ਅਮੀਰ ਦੇਸ਼ ਅਤੇ ਅਮੀਰ ਲੋਕ ਕੰਜ਼ਿਊਮਰਿਜ਼ਮ ਦੇ ਵੱਡੇ ਹਿੱਸੇਦਾਰ ਹਨ। ਬੇਸ਼ੱਕ ਕੰਜ਼ਿਊਮਰਿਜ਼ਮ ਦੇ ਸਮਰਥਕਾਂ ਵਲੋਂ ਇਸ ਨੂੰ ਤਰੱਕੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨ ਕੇ ਦੁਨੀਆ ਦੇ ਵੱਧ ਤੋਂ ਵੱਧ ਲੋਕਾਂ ਨੂੰ ਇਸ ਵਿੱਚ ਸ਼ਾਮਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਪਰ ਅਜਿਹਾ ਕਰਨਾ ਸੰਭਵ ਨਹੀਂ ਹੈ ਕਿਉਂਕਿ ਕੰਜ਼ਿਊਮਰਿਜ਼ਮ ਦਾ ਇਹ ਪਸਾਰ ਧਰਤੀ ਦੇ ਵਾਤਾਵਰਨ ਨੂੰ ਵੱਡੀ ਪੱਧਰ ਉੱਤੇ ਨੁਕਸਾਨ ਕਰ ਰਿਹਾ ਹੈ ਅਤੇ ਇਸ ਦੀ ਕਾਇਮੀ ਲਈ ਖਤਰਾ ਬਣ ਰਿਹਾ ਹੈ।

ਸਵਾਲ ਉੱਠਦਾ ਹੈ ਕਿ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਲਈ ਪੈਦਾ ਹੋਣ ਵਾਲੇ ਖਤਰਿਆਂ ਬਾਰੇ ਕੀ ਕੀਤਾ ਜਾਵੇ? ਕਈ ਲੋਕ ਇਸ ਦੇ ਹੱਲ ਲਈ ਤਕਨੌਲੋਜੀ ’ਤੇ ਟੇਕ ਰੱਖਣ ਦਾ ਸੁਝਾਅ ਦਿੰਦੇ ਹਨ। ਉਹਨਾਂ ਦਾ ਦਾਅਵਾ ਹੈ ਕਿ ਵਸਤਾਂ ਦੇ ਉਤਪਾਦਨ ਲਈ ਵਸੀਲੀਆਂ ਦੀ ਘੱਟ ਵਰਤੋਂ ਕਰਨ ਵਾਲੀ ਸੁਧਰੀ ਹੋਈ ਤਕਨੌਲੋਜੀ ਸਾਡਾ ਇਹਨਾਂ ਖਤਰਿਆਂ ਤੋਂ ਬਚਾਅ ਕਰ ਸਕਦੀ ਹੈ। ਪਰ ਜੇ ਅਸੀਂ ਸੈੱਲ ਜਾਂ ਮੋਬਾਈਲ ਫੋਨਾਂ ਦੇ ਵਿਕਾਸ ਨੂੰ ਇਕ ਉਦਾਹਰਨ ਦੇ ਤੌਰ ’ਤੇ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਤਕਨੌਲੋਜੀ ਵਿੱਚ ਸੁਧਾਰ ਇਸ ਖਤਰੇ ਨੂੰ ਠੱਲ੍ਹ ਪਾਉਣ ਵਿੱਚ ਏਡੀ ਅਸਰਦਾਇਕ ਭੂਮਿਕਾ ਨਹੀਂ ਨਿਭਾ ਸਕਦਾ। ਜਦੋਂ 1983 ਵਿੱਚ ਪਹਿਲਾ ਸੈੱਲ ਫੋਨ ਮਾਰਕੀਟ ਵਿੱਚ ਆਇਆ ਸੀ ਤਾਂ ਉਸ ਦਾ ਭਾਰ 1 ਕਿਲੋਗ੍ਰਾਮ ਦੇ ਕਰੀਬ ਸੀ। ਹੁਣ ਦੋ ਢਾਈ ਦਹਾਕਿਆਂ ਤੋਂ ਬਾਅਦ ਮਾਰਕੀਟ ਵਿੱਚ ਆਉਣ ਵਾਲੇ ਇਕ ਔਸਤ ਸੈੱਲ ਫੋਨ ਦਾ ਭਾਰ 110 ਕੁ ਗ੍ਰਾਮ ਦੇ ਨੇੜੇ ਤੇੜੇ ਹੈ। ਪਰ ਇਸ ਨਾਲ ਸੈੱਲ ਫੋਨਾਂ ਦੇ ਉਤਪਾਦਨ ਲਈ ਵਰਤੇ ਜਾਣ ਵਾਲੇ ਸਮੁੱਚੇ ਵਸੀਲਿਆਂ ਵਿੱਚ ਕਮੀ ਨਹੀਂ ਆਈ ਕਿਉਂਕਿ ਬੇਸ਼ੱਕ ਤਕਨੌਲੋਜੀ ਵਿੱਚ ਸੁਧਾਰ ਕਾਰਨ ਇਕ ਸੈੱਲ ਫੋਨ ਬਣਾਉਣ ਲਈ ਘੱਟ ਵਸੀਲੇ ਲਗਦੇ ਹਨ ਪਰ ਸੈੱਲਫੋਨਾਂ ਦੀ ਵੱਧ ਵਰਤੋਂ ਅਤੇ ਫੈਸ਼ਨ/ਸਟਾਈਲ ਕਾਰਨ ਚੰਗੇ ਭਲੇ ਸੈੱਲ ਫੋਨਾਂ ਨੂੰ ਸੁੱਟ ਦੇਣ ਦੇ ਕਾਰਜ ਕਾਰਨ ਸਮੁੱਚੇ ਰੂਪ ਵਿੱਚ ਸੈੱਲਫੋਨਾਂ ਦੇ ਉਤਪਾਦਨ ’ਤੇ ਲੱਗਣ ਵਾਲੇ ਵਸੀਲਿਆਂ ਵਿੱਚ ਵਾਧਾ ਹੋਇਆ ਹੈ। [87]

ਬਹੁਤ ਸਾਰੇ ਲੋਕਾਂ ਵੱਲੋਂ ਪੁਰਾਣੀਆਂ ਹੋ ਗਈਆਂ ਵਸਤਾਂ ਦੀ ਦੁਬਾਰਾ ਵਰਤੋਂ (ਰੀਸਾਈਕਲਿੰਗ) ਨੂੰ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਲਈ ਪੈਦਾ ਹੋਣ ਵਾਲੇ ਖਤਰਿਆਂ ਦਾ ਹੱਲ ਦੱਸਿਆ ਜਾ ਰਿਹਾ ਹੈ। ਇਸ ਸੋਚ ਦੇ ਨਤੀਜੇ ਵੱਜੋਂ ਦੁਨੀਆ ਭਰ ਵਿੱਚ ਕਈ ਤਰ੍ਹਾਂ ਦੇ ਰੀਸਾਈਕਲਿੰਗ ਪ੍ਰੋਗਰਾਮ ਸ਼ੁਰੂ ਹੋਏ ਹਨ। ਬੇਸ਼ੱਕ ਰੀਸਾਈਕਲਿੰਗ ਵਸਤਾਂ ਦੇ ਉਤਪਾਦਨ ਲਈ ਵਰਤੇ ਗਏ ਕੁੱਝ ਵਸੀਲਿਆਂ ਨੂੰ ਦੁਬਾਰਾ ਵਰਤੋਂ ਵਿੱਚ ਲਿਆਉਣ ਵਿੱਚ ਸਹਾਈ ਹੋ ਸਕਦੀ ਹੈ। ਇਸ ਦੇ ਨਾਲ ਹੀ ਇਹ ਆਮ ਲੋਕਾਂ ਨੂੰ ਵਾਤਾਵਰਨ ਦੇ ਬਚਾਅ ਕਰਨ ਦੀ ਨਿੱਜੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾ ਕੇ ਉਹਨਾਂ ਨੂੰ ਇਹ ਅਹਿਸਾਸ ਕਰਵਾ ਸਕਦੀ ਹੈ ਕਿ ਉਹ ਵੀ ਵਾਤਾਵਰਨ ਨੂੰ ਬਚਾਉਣ ਲਈ ਕੁਝ ਕਰ ਰਹੇ ਹਨ। ਪਰ ਰੀਸਾਈਕਲਿੰਗ ਦੀ ਸਭ ਤੋਂ ਵੱਡੀ ਘਾਟ ਇਹ ਹੈ ਕਿ ਇਹ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਲਈ ਪੈਦਾ ਹੋਣ ਵਾਲੇ ਖਤਰਿਆਂ ਦੀ ਮੁੱਖ ਜ਼ਿੰਮੇਵਾਰੀ ਇਕ ਵਿਅਕਤੀ ਉੱਪਰ ਸੁੱਟ ਦਿੰਦੀ ਹੈ ਕਿ ਉਹ ਇਸ ਸਮੱਸਿਆ ਦਾ ਕਾਰਨ ਹੈ ਅਤੇ ਉਹ ਹੀ ਇਸ ਸਮੱਸਿਆ ਨੂੰ ਹੱਲ ਕਰ ਸਕਦਾ ਹੈ। ਰੀਸਾਈਕਲਿੰਗ ਵਸਤਾਂ ਦੇ ਉਤਪਾਦਨ ਦੇ ਪ੍ਰਬੰਧ ਨੂੰ ਬਿਲਕੁੱਲ ਅੱਖੋਂ ਉਹਲੇ ਕਰ ਦਿੰਦੀ ਹੈ। [88] ਕੰਜ਼ਿਊਮਰਿਜ਼ਮ ਕਿਸ ਤਰ੍ਹਾਂ ਸਾਡੇ ਅਜੋਕੇ ਆਰਥਿਕ ਪ੍ਰਬੰਧ ਦੇ ਸੰਕਟ ਵਿੱਚ ਪੈਦਾ ਹੋਇਆ ਹੈ, ਕਿਸ ਤਰ੍ਹਾਂ ਵਸਤਾਂ ਦੇ ਉਤਪਾਦਕ ਲੋਕਾਂ ਵਿੱਚ ਵਸਤਾਂ ਦੀਆਂ ਚਾਹਤਾਂ ਪੈਦਾ ਕਰਦੇ ਹਨ, ਕਿਸ ਤਰ੍ਹਾਂ ਸਰਕਾਰਾਂ ਕੰਜ਼ਿਊਮਰਿਜ਼ਮ ਨੂੰ ਤਰੱਕੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਮੰਨ ਕੇ ਆਪਣੀਆਂ ਨੀਤੀਆਂ ਨਾਲ ਕੰਜ਼ਿਊਮਰਿਜ਼ਮ ਦੇ ਪਸਾਰ ਵਿੱਚ ਯੋਗਦਾਨ ਪਾਉਂਦੀਆਂ ਹਨ, ਰੀਸਾਇਕਲਿੰਗ ਦੀ ਧਾਰਨਾ ਇਹਨਾਂ ਸਾਰੇ ਸਵਾਲਾਂ ਦੀ ਹੋਂਦ ਤੋਂ ਅੱਖਾਂ ਮੀਟ ਲੈਂਦੀ ਹੈ। ਨਤੀਜੇ ਵਜੋਂ ਰੀਸਾਈਕਲਿੰਗ ਹੋਰ ਜ਼ਿਆਦਾ ਉਤਪਾਦਨ, ਕੰਜ਼ਿਊਮਰਿਜ਼ਮ ਅਤੇ ਕੂੜੇ ਕਰਕਟ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਦੀ ਹੈ। [89]

ਜੇ ਅਸੀਂ ਸੱਚਮੁੱਚ ਹੀ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ ਦੇ ਹੱਲ ਬਾਰੇ ਸੋਚਣਾ ਹੈ ਤਾਂ ਸਾਡੇ ਲਈ ਕੰਜ਼ਿਊਮਰਿਜ਼ਮ ਪਿੱਛੇ ਕੰਮ ਕਰਦੀ ਚਾਲਕ ਸ਼ਕਤੀ (ਡਰਾਈਵਿੰਗ ਫੋਰਸ) ਬਾਰੇ ਆਲੋਚਨਾਤਮਕ ਨਜ਼ਰੀਏ ਨਾਲ ਗੌਰ ਕਰਨਾ ਪਵੇਗਾ। ਇਹ ਚਾਲਕ ਸ਼ਕਤੀ ਹੈ ਵਸਤਾਂ ਦੇ ਉਤਪਾਦਨ ਦਾ ਪ੍ਰਬੰਧ। ਸਾਨੂੰ ਇਹ ਸਵਾਲ ਕਰਨਾ ਪਵੇਗਾ ਕਿ ਕੀ ਵਸਤਾਂ ਦੇ ਉਤਪਾਦਨ ਦਾ ਅਜੋਕਾ ਪ੍ਰਬੰਧ ਦੁਨੀਆ ਦੇ ਸਾਰੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਲਈ ਕੰਮ ਕਰ ਰਿਹਾ ਹੈ ਜਾਂ ਇਹ ਦੁਨੀਆ ਦੇ ਇਕ-ਚੌਥਾਈ ਜਾਂ ਇਕ-ਤਿਹਾਈ ਲੋਕਾਂ ਲਈ ਉਤਪਾਦਨ ਕਰ ਰਿਹਾ ਹੈ? ਕੀ ਅਜੋਕਾ ਉਤਪਾਦਨ ਪ੍ਰਬੰਧ ਸਮੁੱਚੇ ਲੋਕਾਂ ਲਈ ਖੁਸ਼ਹਾਲੀ ਪੈਦਾ ਕਰਦਾ ਹੈ, ਜਿਸ ਦਾ ਕਿ ਇਸ ਦੇ ਸਮਰਥਕ ਦਾਅਵਾ ਕਰਦੇ ਹਨ, ਜਾਂ ਇਹ ਦੁਨੀਆ ਵਿੱਚ ਬਹੁਤ ਸਾਰੇ ਲੋਕਾਂ ਨੂੰ ਆਪਣੀਆਂ ਮੁਢਲੀਆਂ ਲੋੜਾਂ ਲਈ ਲੋੜੀਂਦੇ ਵਸੀਲਿਆਂ ਤੋਂ ਵੰਚਿਤ ਕਰ ਰਿਹਾ ਹੈ? ਸਭ ਤੋਂ ਪ੍ਰਮੁੱਖ ਸਵਾਲ ਸਾਨੂੰ ਇਹ ਕਰਨਾ ਪਵੇਗਾ ਕਿ ਕੀ ਇਹ ਉਤਪਾਦਨ ਪ੍ਰਬੰਧ ਸਸਟੇਨੇਬਲ (ਕਾਇਮ ਰਹਿਣ ਯੋਗ) ਹੈ? ਮੌਜੂਦਾ ਉਤਪਾਦਨ ਪ੍ਰਬੰਧ ਬਾਰੇ ਕੀਤੇ ਗਏ ਇਹੋ ਜਿਹੇ ਸਵਾਲ ਹੀ ਸਾਨੂੰ ਕੰਜ਼ਿਊਮਰਿਜ਼ਮ ਕਾਰਨ ਵਾਤਾਵਰਨ ਲਈ ਪੈਦਾ ਹੋਣ ਵਾਲੇ ਖਤਰਿਆਂ ਦੇ ਹੱਲ ਲੱਭਣ ਦਾ ਰਾਹ ਦਿਖਾਉਣਗੇ। ●

---

[87] Friends of the Earth Europe (2009).

[88] Rogers, Heather (2007).

[89] Rogers, Heather (2007).

ਲੇਖ

# ਪੰਜਾਬੀ ਭਾਈਚਾਰਾ ਅਤੇ ਧਰਮ

## ਸਾਧੂ ਬਿਨਿੰਗ

ਵਿਅਕਤੀ ਦੀ ਪੱਧਰ 'ਤੇ ਹਰ ਇਕ ਨੂੰ ਜੀਵਨ ਨਾਲ ਸਬੰਧਤ ਕਿਸੇ ਵੀ ਚੀਜ਼ ਬਾਰੇ ਆਪਣੀ ਮਨ ਮਰਜ਼ੀ ਦੇ ਵਿਚਾਰਾਂ ਨੂੰ ਮੰਨਣ ਜਾਂ ਰੱਦ ਕਰਨ ਦੀ ਪੂਰਨ ਆਜ਼ਾਦੀ ਹੋਣੀ ਚਾਹੀਦੀ ਹੈ, ਸਣੇ ਰੱਬ ਵਿਚ ਵਿਸ਼ਵਾਸ ਜਾਂ ਅਵਿਸ਼ਵਾਸ ਦੇ। ਜਦੋਂ ਸਮਾਜਿਕ, ਸਿਆਸੀ ਜਾਂ ਆਰਥਿਕ ਤਾਕਤ ਦੀ ਵਰਤੋਂ ਨਾਲ ਕੋਈ ਵਿਚਾਰ ਦੂਜਿਆਂ ਉੱਪਰ ਠੋਸਿਆ ਜਾਵੇ ਤਾਂ ਇਹ ਵਿਅਕਤੀਗੱਤ ਆਜ਼ਾਦੀ ਉੱਪਰ ਵੀ ਹਮਲਾ ਹੁੰਦਾ ਹੈ ਅਤੇ ਇਹ ਗੱਲ ਸਮੁੱਚੇ ਸਮਾਜ ਲਈ ਵੀ ਹਾਨੀਕਾਰਕ ਹੁੰਦੀ ਹੈ। ਪਰ ਇਸ ਨੂੰ ਇਕ ਹਮਲੇ ਵਜੋਂ ਦੇਖ ਸਕਣਾ ਜਾਂ ਸਮਾਜੀ ਨੁਕਸਾਨ ਵਜੋਂ ਦੇਖ ਸਕਣਾ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਕਿਸੇ ਸਮਾਜ ਦੇ ਵਿਅਕਤੀ ਆਜ਼ਾਦੀ ਨਾਲ ਸੋਚਣ ਯੋਗ ਹੋਣ।

ਬਰਤਾਨਵੀ ਸਾਮਰਾਜੀਆਂ ਦੇ ਭਾਰਤ ਛੱਡਣ ਤੋਂ ਬਾਅਦ ਭਗਤ ਸਿੰਘ ਦੀ ਸੋਚ ਰੱਖਣ ਵਾਲੇ ਅਗਾਂਹਵਧੂ ਲੋਕਾਂ ਅਤੇ ਜਵਾਹਰ ਲਾਲ ਨਹਿਰੂ ਵਰਗੇ ਕੁਝ ਚੇਤਨ ਲੋਕਾਂ ਦੀ ਇਹ ਮਨਸ਼ਾ ਜ਼ਰੂਰ ਰਹੀ ਹੋਵੇਗੀ ਕਿ ਧਰਮ ਤੇ ਸਿਆਸਤ ਨੂੰ ਵੱਖ ਵੱਖ ਰੱਖਿਆ ਜਾਵੇ। ਨਹਿਰੂ ਦਾ ਕਹਿਣਾ ਸੀ ਕਿ:

> *"ਇਸ ਤਮਾਸ਼ੇ ਨੇ, ਜਿਹਨੂੰ ਧਰਮ ਕਿਹਾ ਜਾਂਦਾ ਹੈ, ਜਾਂ ਘੱਟੋ ਘੱਟ ਜਥੇਬੰਦ ਧਰਮ, ਭਾਰਤ ਅਤੇ ਹੋਰ ਥਾਵੀਂ, ਸਾਨੂੰ ਦਹਿਸ਼ਤ ਨਾਲ ਭਰ ਦਿੱਤਾ ਹੈ, ਅਤੇ ਮੈਂ ਇਹਨੂੰ ਅਕਸਰ ਹੀ ਨਿੰਦਿਆ ਹੈ ਅਤੇ ਇਸ ਦਾ ਮੁੱਢੋ ਸੁੱਢੋਂ ਸਫਾਇਆ ਕਰਨ ਦੀ ਇੱਛਾ ਹੈ।"*

ਪਰ ਆਜ਼ਾਦ ਭਾਰਤ ਵਿਚ ਧਰਮ ਦਾ ਸਫਾਇਆ ਹੋਣ ਦੀ ਥਾਂ ਇਸ ਤੋਂ ਬਿਲਕੁਲ ਉਲਟ ਵਾਪਰਿਆ ਹੈ। ਇਸ ਵੇਲੇ ਸਾਰੇ ਭਾਰਤ ਵਿਚ ਤੇ ਖਾਸ ਕਰ ਪੰਜਾਬ ਵਿਚ, ਧਰਮ ਤੇ ਸਿਆਸਤ ਵਿਚ ਵਿੱਥ ਭਾਲਣੀ ਮੁਸ਼ਕਿਲ ਹੈ। ਧਰਮ ਏਨੇ ਸ਼ਕਤੀਸ਼ਾਲੀ ਹਨ ਕਿ ਇਸ ਬਾਰੇ ਅਲੋਚਨਾਤਮਿਕ ਨਜ਼ਰੀਆ ਰੱਖਣਾ ਕਿਸੇ ਲਈ ਸੰਭਵ ਨਹੀਂ। ਨਤੀਜੇ ਵਜੋਂ, ਸਿਆਸਤ ਨੂੰ ਧਰਮ ਤੋਂ ਵੱਖ ਕਰਕੇ ਦੇਖਣ ਦੀ ਯੋਗਤਾ ਤੇ ਖਾਹਿਸ਼ ਪੰਜਾਬੀਆਂ ਵਿੱਚੋਂ ਗਾਇਬ ਹੋ ਗਈ ਲਗਦੀ ਹੈ। ਧਰਮ ਬਾਰੇ ਬਹੁਤੀ ਚਰਚਾ ਇਸ ਨੁਕਤੇ ਤੋਂ ਕੀਤੀ ਜਾਂਦੀ ਹੈ ਕਿ ਇਸ ਨੂੰ ਕਿਸ ਤਰ੍ਹਾਂ ਬੇਹਤਰ ਬਣਾਇਆ ਜਾਵੇ ਨਾ ਕਿ ਵਿਗਿਆਨਕ ਨਜ਼ਰੀਏ ਨਾਲ ਇਸ ਦੀ ਸਾਰਥਿਕਤਾ 'ਤੇ ਕਿੰਤੂ ਕੀਤਾ ਜਾਵੇ ਜਾਂ ਇਸ ਦੇ ਅਸਰ ਨੂੰ ਘਟਾਇਆ ਜਾਵੇ।

ਵਿਸ਼ੇਸ਼ ਕਰਕੇ ਇਹ ਗੱਲ ਕਈ ਵੱਖਰੇ ਕਾਰਨਾਂ ਵੱਸ ਪੰਜਾਬੀ ਭਾਈਚਾਰੇ ਵਿਚਲੇ ਸਿੱਖ ਧਰਮ ਨਾਲ ਸਬੰਧਤ ਲੇਖਕਾਂ ਤੇ ਬੁੱਧੀਜੀਵੀਆਂ ਵਿਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਧਰਮ ਦੇ ਆਮ ਤੌਰ 'ਤੇ ਨਾਂਹ-ਪੱਖੀ ਰੋਲ ਨੂੰ ਮੰਨਦੇ ਹੋਏ ਉਹ ਸਿੱਖ ਧਰਮ ਬਾਰੇ ਦੂਜੇ ਧਰਮਾਂ ਨਾਲੋਂ ਵੱਖਰਾ ਮਹਿਸੂਸ ਕਰਦੇ ਹਨ। ਮੁਕਾਬਲਤਨ ਨਵਾਂ ਹੋਣ ਕਾਰਨ ਇਸ ਧਰਮ ਵਿਚ ਬਹੁਤ ਸਾਰੀ ਨਵੀਂ ਸਮਾਜਿਕ ਸੂਝ ਹੈ। ਇਸ ਦੀ ਸ਼ੁਰੂਆਤ ਸਥਾਪਤ ਧਰਮਾਂ – ਇਸਲਾਮ ਅਤੇ ਹਿੰਦੂ ਧਰਮ – ਦੀ ਅਲੋਚਨਾ ਵਿੱਚੋਂ ਹੋਈ ਹੋਣ ਕਰਕੇ ਇਸ ਵਿਚ ਅੰਧ ਵਿਸ਼ਵਾਸ ਤੇ ਪ੍ਰਮਾਤਮਾ ਤੱਕ ਪਹੁੰਚਣ ਸਬੰਧੀ ਬਹੁਤ ਸਾਰੀਆਂ ਰਸਮਾਂ ਰੀਤਾਂ ਦਾ ਖੰਡਨ ਕੀਤਾ ਗਿਆ ਹੈ; ਜਾਤ ਪਾਤ ਨੂੰ ਨਿੰਦਿਆ ਗਿਆ ਹੈ ਅਤੇ ਸਮਾਜਿਕ ਬਰਾਬਰਤਾ ਦੀ ਗੱਲ ਕੀਤੀ ਗਈ ਹੈ। ਇਸ ਅਲੋਚਨਾ ਦੇ ਅਧਾਰ 'ਤੇ ਸਿੱਖ ਧਰਮ ਨਾਲ ਸਬੰਧਤ ਚਿੰਤਕ ਮਹਿਸੂਸ ਕਰਦੇ ਹਨ ਕਿ ਅਜੋਕੇ ਸਮਾਜ ਵਿਚਲੀਆਂ ਸਮਾਜਿਕ ਬਰਾਬਰੀ, ਵਿਗਿਆਨਕ ਪਹੁੰਚ ਤੇ ਲਿੰਗ ਬਰਾਬਰਤਾ ਵਰਗੀਆਂ ਚੰਗਿਆਈਆਂ ਇਸ ਧਰਮ ਵਿਚ ਪਹਿਲਾਂ ਹੀ ਮੌਜੂਦ ਹਨ ਅਤੇ ਮਸਲਾ ਸਿਰਫ ਉਨ੍ਹਾਂ ਉੱਪਰ ਨਾ ਚੱਲਣ ਦਾ ਹੈ। ਉਨ੍ਹਾਂ ਅਨੁਸਾਰ ਇਸ ਧਰਮ ਵਿਚ ਕੋਈ ਨੁਕਸ ਨਹੀਂ ਹੈ ਸਿਰਫ ਇਸ ਨੂੰ ਮੰਨਣ ਵਾਲੇ ਇਸ ਦੀ ਸਿੱਖਿਆ ਅਨੁਸਾਰ ਨਹੀਂ ਚਲਦੇ। ਵਿਗਿਆਨ ਦੀ ਕਸਵੱਟੀ 'ਤੇ ਉਨ੍ਹਾਂ ਦੇ ਇਹ ਵਿਚਾਰ ਕਿੰਨੇ ਕੁ ਸਹੀ ਹਨ, ਇਸ ਦਾ ਨਿਰਨਾ ਕਰਨਾ ਅਜੇ ਬਾਕੀ ਹੈ। ਉਹ ਸਧਾਰਨ ਨੁਕਤੇ ਵਲ ਵੀ ਧਿਆਨ ਨਹੀਂ ਦਿੰਦੇ ਲਗਦੇ ਕਿ ਉਨ੍ਹਾਂ ਦਾ ਧਰਮ ਮਨੁੱਖਤਾ ਦਾ ਵੀ ਤੇ ਭਾਰਤ ਜਾਂ ਕਨੇਡਾ ਵਰਗੇ ਸਮਾਜਾਂ ਦਾ ਵੀ ਇਕ ਨਿੱਕਾ ਜਿਹਾ ਹਿੱਸਾ ਹੈ ਅਤੇ ਜੇ ਉਨ੍ਹਾਂ ਦੀ ਗੱਲ ਠੀਕ ਵੀ ਹੋਵੇ ਅਤੇ ਸੌ ਪ੍ਰਤੀਸ਼ੱਤ ਲੋਕ ਗੁਰਬਾਣੀ ਦੀ ਸਿੱਖਿਆ ਅਨੁਸਾਰ ਚੱਲਣ ਲੱਗ ਵੀ ਪੈਣ, ਜੋ ਕਿ ਮੌਜੂਦਾ ਆਰਥਿਕ ਢਾਂਚੇ ਵਿਚ ਸੰਭਵ ਨਹੀਂ ਜਾਪਦਾ, ਤਾਂ ਉਹ ਸਮਾਜ ਦੇ ਬਾਕੀ ਵੱਡੇ ਹਿੱਸੇ ਦੇ ਲੋਕਾਂ ਨੂੰ ਕਿਸ ਤਰ੍ਹਾਂ ਮਨਾਉਣਗੇ? ਕੀ ਉਹ ਵੀ ਦੂਜੇ ਧਰਮਾਂ ਵਲੋਂ ਆਪਣਾ ਅਸਰ ਰਸੂਖ ਵਧਾਉਣ ਲਈ ਵਰਤੇ ਗਏ ਹਿੰਸਕ ਤੌਰ ਤਰੀਕੇ ਅਪਨਾਉਣਗੇ?

ਅਜੋਕੇ ਸਮੇਂ ਵਿਚ ਪੰਜਾਬੀ ਸਮਾਜ ਅੰਦਰ ਧਰਮ ਦਾ ਦਾਬਾ ਇਸ ਕਦਰ ਹੈ ਕਿ ਰੱਬ ਦੀ ਹੋਂਦ ਤੋਂ ਇਨਕਾਰੀ ਵਾਸਤੇ ਵਰਤਿਆ ਜਾਂਦਾ ਸ਼ਬਦ – ਨਾਸਤਿਕ (1) – ਗਾਲ਼ ਦੇ ਬਰਾਬਰ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੰਜਾਬ ਦੇ ਪਿੰਡਾਂ 'ਚ ਸਵੇਰੇ ਸਵੇਰੇ ਵੱਜਦੇ ਲਾਊਡ ਸਪੀਕਰਾਂ ਤੋਂ ਲੈ ਕੇ ਸਰੀ, ਬਰੈਂਪਟਨ ਜਾਂ ਯੂਬਾ-ਸਿਟੀ ਦੀਆਂ ਸੜਕਾਂ 'ਤੇ ਨਿਕਲਦੇ ਨਗਰ ਕੀਰਤਨਾਂ ਤੱਕ, ਜਿੱਥੇ ਰੱਬ ਨੂੰ ਮੰਨਣ ਵਾਲੇ ਲੋਕਾਂ ਦੀਆਂ ਆਵਾਜ਼ਾਂ ਨਾਲ ਸਾਰਾ ਆਲਾ ਦੁਆਲਾ ਗੂੰਜਦਾ ਰਹਿੰਦਾ ਹੈ, ਉੱਥੇ ਰੱਬ ਦੀ ਹੋਂਦ ਤੋਂ ਇਨਕਾਰੀ ਆਵਾਜ਼ ਕਦੇ ਕਦੇ ਹੀ ਸੁਣਨ ਨੂੰ ਮਿਲਦੀ ਹੈ, ਉਹ ਵੀ ਤਰਕਸ਼ੀਲਾਂ ਵਰਗੇ ਜਥੇਬੰਦ ਸਮੂਹਾਂ ਵਲੋਂ। ਸਣੇ ਪੰਜਾਬੀ ਮੀਡੀਏ ਦੇ ਹਰ ਪਾਸੇ ਧਰਮ ਦਾ ਹੀ ਬੋਲਬਾਲਾ ਹੈ। ਪਰ ਇਹ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ। ਭਾਰਤੀ ਸਮਾਜ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਦੇਬੀਪ੍ਰਸਾਦ ਚੱਟੋਪਾਧਿਆਏ ਅਨੁਸਾਰ:

> "ਸਾਡੇ ਸਾਰੇ ਵੱਡੇ ਦਰਸ਼ਨਾਂ ਵਿੱਚੋਂ, ਸਿਰਫ ਵੇਦਾਂਤ (ਕੁਝ ਸ਼ਰਤਾਂ ਸਮੇਤ) ਅਤੇ ਵਿਸ਼ੇਸ਼ ਕਰਕੇ ਨਇਆ-ਵੇਸਿਸੀਕਾ ਦੇ ਮਗਰਲੇ ਕਥਨ ਆਸਤਕ ਸਨ। ਇਸ ਦੇ ਮੁਕਾਬਲੇ, ਬੁੱਧ, ਜੈਨ, ਪੂਰਬ-ਮਿਮਾਸਾ, ਸਮੀਖਿਆ, ਲੋਕਾਇਤਾ ਅਤੇ ਨਇਆ-ਵੇਸਿਸੀਕਾ ਆਪਣੇ ਮੁੱਢਲੇ ਰੂਪ ਵਿਚ ਸਾਰੇ ਦਰਸ਼ਨ ਹੀ ਨਾਸਤਿਕਤਾ ਵੱਲ ਪ੍ਰਤੀਬੱਧ ਸਨ। ਇਸ ਕਰਕੇ ਭਾਰਤੀ ਸੋਚ ਵਿਚ ਨਾਸਤਿਕਤਾ ਦੀ ਇਸ ਅਥਾਹ ਮਹੱਤਤਾ 'ਤੇ ਕਿੰਤੂ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਇਸ ਦੀ ਪ੍ਰਤੀਨਿੱਧਤਾ ਕਰ ਰਹੇ ਵੱਡੀ ਗਿਣਤੀ ਭਾਰਤੀ ਦਾਰਸ਼ਨਿਕਾਂ ਨੂੰ ਅੱਖੋਂ ਉਹਲੇ ਕੀਤਾ ਜਾਵੇ।" (2)

ਭਾਰਤੀ ਦਰਸ਼ਨ ਵਿਚਲੇ ਸੰਵਾਦ ਦੀ ਇਸ ਲੰਮੀ ਪ੍ਰੰਪਰਾ ਤੋਂ ਪੰਜਾਬੀ ਲੇਖਕ ਤੇ ਚਿੰਤਕ ਅਣਜਾਣ ਤਾਂ ਨਹੀਂ ਹੋ ਸਕਦੇ ਪਰ ਦਰਪੇਸ਼ ਸਥਿਤੀਆਂ ਵਿਚ ਇਸ ਨੂੰ ਮਹੱਤਵਪੂਰਨ ਸਮਝਣੋ ਜ਼ਰੂਰ ਹਟ ਗਏ ਜਾਪਦੇ ਹਨ। ਇਸ ਸਮੇਂ ਵੱਡੀ ਗਿਣਤੀ ਪੰਜਾਬੀਆਂ ਨੇ ਇਸ ਸਮੱਸਿਆ ਦੀ ਅਹਿਮੀਅਤ ਨੂੰ ਅੱਖੋਂ ਓਹਲੇ ਹੀ ਨਹੀਂ ਕੀਤਾ ਸਗੋਂ ਇਸ ਨੂੰ ਸਮੱਸਿਆ ਸਮਝਣਾ ਹੀ ਛੱਡ ਦਿੱਤਾ ਹੈ। ਸ਼ਾਇਦ ਪੰਜਾਬੀਆਂ ਨਾਲ ਜਪਾਨੀ ਕਹਾਵਤ ਵਰਗਾ ਕੁਝ ਵਾਪਰ ਗਿਆ ਹੈ ਕਿ 'ਜੇ ਤੁਸੀਂ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ ਤਾਂ ਨਾਲ ਰਲ਼ ਜਾਓ'। ਏਥੇ ਇਕ ਹੋਰ ਗੱਲ ਦੀ ਸੰਭਾਵਨਾ ਜ਼ਿਆਦਾ ਨਜ਼ਰ ਆਉਂਦੀ ਹੈ ਕਿ ਕਾਫੀ ਗਿਣਤੀ ਪੰਜਾਬੀ ਲੇਖਕ ਤੇ ਬੁੱਧੀਜੀਵੀ ਨਾ ਤਾਂ ਰੱਬ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਨਾ ਹੀ ਧਰਮ ਨੂੰ ਸਮਾਜ ਲਈ ਲਾਹੇਵੰਦ ਸਮਝਦੇ ਹਨ। ਬਹੁਤ ਸਾਰੇ ਸਮਾਜਿਕ ਕਾਰਨਾਂ ਵੱਸ ਉਹ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ। ਏਥੇ ਬਰਤਾਨਵੀਂ ਦਾਰਸ਼ਨਿਕ ਤੇ ਅਰਥ ਸ਼ਾਸਤ੍ਰੀ ਜਾਹਨ ਸਟੂਰਟ ਮਿੱਲ ਦੀ ਉੱਨੀਵੀਂ ਸਦੀ ਦੇ ਬਰਤਾਨਵੀ ਸਮਾਜ ਬਾਰੇ ਕਹੀ ਗੱਲ ਸਹੀ ਮਹਿਸੂਸ ਹੁੰਦੀ ਹੈ:

> *"ਦੁਨੀਆ ਹੈਰਾਨ ਹੋ ਜਾਵੇ ਜੇ ਇਸ ਨੂੰ ਇਹ ਪਤਾ ਚੱਲ ਜਾਵੇ ਕਿ ਇਸ ਦੇ ਸਭ ਤੋਂ ਰੌਸ਼ਨ ਨਗੀਨਿਆਂ ਵਿੱਚੋਂ, ਆਮ ਲੋਕਾਂ ਦੇ ਅੰਦਾਜ਼ੇ ਮੁਤਾਬਕ ਸਿਆਣੇ ਤੇ ਸਾਊਆਂ ਵਿੱਚੋਂ, ਕਿੰਨੀ ਵੱਡੀ ਤਾਦਾਦ ਧਰਮ ਬਾਰੇ ਪੂਰੀ ਤਰ੍ਹਾਂ ਸ਼ੱਕੀ ਹੈ।"*

ਇਸ ਸਬੰਧ ਵਿਚ ਭਗਤ ਸਿੰਘ ਦਾ ਫਾਂਸੀ ਲੱਗਣ ਤੋਂ ਕੁਝ ਮਹੀਨੇ ਪਹਿਲਾਂ ਅਕਤੂਬਰ 1930 ਵਿਚ ਲਿਖਿਆ ਲੇਖ 'ਮੈਂ ਨਾਸਤਿਕ ਕਿਉਂ ਹਾਂ' ਅਜੇ ਵੀ ਪੰਜਾਬੀ ਵਿਚ ਸਭ ਤੋਂ ਵੱਧ ਜਾਣਿਆਂ ਜਾਂਦਾ ਹੈ। ਇਹ ਸੰਭਵ ਹੈ ਕਿ ਇਸ ਲੇਖ ਦੀ ਮਹੱਤਤਾ ਭਗਤ ਸਿੰਘ ਦੇ ਨਾਂ ਕਾਰਨ ਜ਼ਿਆਦਾ ਹੋਵੇ ਪਰ ਇਹ ਵੀ ਸਚਾਈ ਹੈ ਕਿ ਇਸ ਵਿਸ਼ੇ 'ਤੇ ਇਸ ਨਾਲੋਂ ਵੱਧ ਸਪੱਸ਼ਟ, ਸਿੱਧੀ ਤੇ ਵਿਗਿਆਨਕ ਸੋਚ ਵਾਲੀ ਸ਼ਕਤੀਸ਼ਾਲੀ ਹੋਰ ਕੋਈ ਲਿਖਤ ਨਹੀਂ ਹੈ। ਜਿਸ ਤਰ੍ਹਾਂ ਬਰਤਾਨਵੀ ਚਿੰਤਕ ਬਰਟਰੈਂਡ ਰਸਲ ਵਲੋਂ 1927 ਵਿਚ ਦਿੱਤੇ ਭਾਸ਼ਨ, 'ਮੈਂ ਇਸਾਈ ਕਿਉਂ ਨਹੀਂ' ਜੋ ਬਾਅਦ ਵਿਚ ਲੇਖ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ, ਦੀ ਮਾਰ ਤੋਂ ਇਸਾਈ ਮੱਤ ਅਜੇ ਤੱਕ ਨਹੀਂ ਸੰਭਲ ਸਕਿਆ, ਇਸੇ ਤਰ੍ਹਾਂ ਭਗਤ ਸਿੰਘ ਦੇ ਇਸ ਇਕੱਲੇ ਲੇਖ ਨੇ ਪੰਜਾਬ ਦੇ ਧਾਰਮਿਕ ਲੋਕਾਂ ਨੂੰ ਵਖਤ ਪਾਇਆ ਹੋਇਆ ਹੈ। ਇਸ ਲਿਖਤ ਦੀ ਤਿੱਖੀ ਚੋਭ ਕਾਰਨ ਹੀ ਇਸ ਨੂੰ ਲੋਕਾਂ ਦੇ ਚੇਤੇ 'ਚੋ ਮਿਟਾਉਣ ਦੀ ਹਰ ਸੰਭਵ ਕੋਸ਼ਸ਼ ਕੀਤੀ ਜਾ ਰਹੀ ਹੈ। (3)

ਇਹ ਕਹਿਣਾ ਗਲਤ ਹੋਵੇਗਾ ਕਿ ਇਸ ਵਿਸ਼ੇ 'ਤੇ ਪੰਜਾਬੀ ਵਿਚ ਲਿਖਿਆ ਹੀ ਨਹੀਂ ਗਿਆ। ਖੱਬੀ ਧਿਰ ਨਾਲ ਸਬੰਧਤ ਚਿੰਤਕ ਤੇ ਖਾਸ ਕਰ ਤਰਕਸ਼ੀਲ ਲਹਿਰ ਤੇ ਦਲਿਤ ਲਹਿਰ ਨਾਲ ਸਬੰਧਤ ਚਿੰਤਕਾਂ ਨੇ ਬਹੁਤ ਕੁਝ ਲਿਖਿਆ ਹੈ ਤੇ ਲਿਖ ਰਹੇ ਹਨ। (4) ਪਰ ਵੱਖਰੇ ਵੱਖਰੇ ਕਾਰਨਾਂ ਵੱਸ ਇਹ ਲਿਖਤਾਂ ਰੱਬ ਤੇ ਧਰਮ ਦੇ ਮਸਲੇ 'ਤੇ ਸਿੱਧੀ ਚੋਟ ਕਰਨ ਤੋਂ ਅਕਸਰ ਕੰਨੀ ਹੀ ਨਹੀਂ ਕਤਰਾਉਂਦੀਆਂ ਸਗੋਂ ਇਹ ਪ੍ਰਭਾਵ ਛੱਡ ਜਾਂਦੀਆਂ ਹਨ ਕਿ ਧਰਮ ਸਮਾਜ ਲਈ ਲਾਹੇਵੰਦ ਸ਼ੈਅ ਹੈ। ਇਨ੍ਹਾਂ ਦਾ ਜ਼ਿਆਦਾ ਧਿਆਨ ਅੰਧ ਵਿਸ਼ਵਾਸ ਤੇ ਜਾਤ ਪਾਤ ਨਾਲ ਸਬੰਧਤ ਵਿਸ਼ਿਆ ਵਲ ਹੁੰਦਾ ਹੈ। ਆਸ ਇਹ ਕੀਤੀ ਜਾਂਦੀ ਹੈ ਕਿ ਲੋਕਾਂ ਦੇ ਰੱਬ 'ਚ ਵਿਸ਼ਵਾਸ਼ ਤੇ ਧਰਮ ਦੇ ਅਸਰ ਸਬੰਧੀ ਗੱਲ ਕੀਤੇ ਬਿਨਾਂ ਹੀ, ਅੰਧ-ਵਿਸ਼ਵਾਸ਼ ਤੇ ਜਾਤ-ਪਾਤ ਵਰਗੇ ਮਸਲਿਆਂ ਦਾ ਹੱਲ ਲੱਭ ਲਿਆ ਜਾਵੇ। ਚਾਹੇ ਜਾਂ ਅਣਚਾਹੇ ਇਨ੍ਹਾਂ ਲਿਖਤਾਂ ਅਨੁਸਾਰ ਨੁਕਸ ਲੋਕਾਂ ਵਿਚ ਹੁੰਦਾ ਹੈ ਨਾ ਕਿ ਧਰਮਾਂ ਵਲੋਂ ਪ੍ਰਚਾਰੀ ਜਾਂਦੀ ਸੋਚ ਜਾਂ ਜੀਵਨ ਸੂਝ ਵਿਚ।

ਰੋਜ਼ੀ ਰੋਟੀ ਦੀ ਭਾਲ ਵਿਚ ਬਾਹਰ ਆਏ ਪੰਜਾਬੀਆਂ ਦੇ ਤਜਰਬੇ 'ਚੋਂ ਨਿਕਲੀਆਂ ਗਦਰ ਲਹਿਰ ਵਰਗੀਆਂ ਸਿਆਸੀ ਸਰਗਰਮੀਆਂ ਦੇ ਅਸਰ ਵਜੋਂ ਪੰਜਾਬੀ ਸਾਹਿਤ ਵਿਚ ਵੀ ਵੀਹਵੀਂ ਸਦੀ ਦੇ ਸ਼ੁਰੂ ਤੋਂ ਸਮੁੱਚੀ ਮਨੁੱਖਤਾ ਦਾ ਫਿਕਰ ਕਰਨ ਵਾਲੀ ਅਗਾਂਹਵਧੂ ਸੁਰ ਭਾਰੂ ਰਹੀ। ਅੱਠਵੇਂ ਦਹਾਕੇ ਦੌਰਾਨ ਪੰਜਾਬੀਆਂ ਦੇ ਸੰਘਰਸ਼ਾਂ ਨੂੰ ਧਾਰਮਿਕ ਲੜਾਈ ਦਾ ਰੂਪ ਦਿੱਤੇ ਜਾਣ ਨਾਲ 'ਤੇ ਦੁਨੀਆ ਦੀ ਪੱਧਰ 'ਤੇ ਸੋਵੀਅਤ ਰੂਸ ਦੇ ਡਿੱਗਣ ਵਰਗੀਆਂ ਹੋਈਆਂ ਤਬਦੀਲੀਆਂ ਨਾਲ ਪੰਜਾਬੀ ਸਾਹਿਤ ਵਿਚ ਅਗਾਂਹਵਧੂ ਸੋਚ ਦੇ ਅਸਰ ਨੂੰ ਵੱਡੀ ਢਾਹ ਲੱਗੀ। ਨਤੀਜੇ ਵਜੋਂ, ਪੰਜਾਬੀ ਦਾ ਬਹੁਤਾ ਅਜੋਕਾ ਸਾਹਿਤ ਬਦਲ ਰਹੀਆਂ ਆਰਥਿਕ ਸਥਿਤੀਆਂ ਨੂੰ ਸਮਝਣ ਜਾਂ ਉਸ ਦੇ ਵਹਾਅ ਨੂੰ ਰੋਕਣ ਵਲ ਨਹੀਂ ਸਗੋਂ ਇਨ੍ਹਾਂ ਸਥਿਤੀਆਂ ਦੇ ਅਸਰ ਵਜੋਂ ਸਮਾਜਿਕ ਰਿਸ਼ਤਿਆਂ ਵਿਚ ਹੋ ਰਹੀ ਟੁੱਟ ਭੱਜ ਬਾਰੇ ਹੀ ਗੱਲ ਕਰਨ ਵੱਲ ਰੁਚਿਤ ਹੈ। ਇਹ ਆਪਣੇ ਆਪ ਵਿਚ ਵਧੀਆ ਗੱਲ ਹੈ ਜੋ ਇਹ ਦਰਸਾਉਂਦੀ ਹੈ ਕਿ ਪੰਜਾਬੀ ਲੇਖਕ ਆਪਣੇ ਸਮਾਜ ਨਾਲੋਂ ਟੁੱਟਾ ਹੋਇਆ ਨਹੀਂ। ਪਰ ਇਹ ਪੰਜਾਬੀ ਸਾਹਿਤ ਦੀ ਸੀਮਾ ਵੀ ਹੈ। ਸਿਰਫ ਪੰਜਾਬੀ ਸਾਹਿਤ ਪੜ੍ਹਨ ਵਾਲੇ ਪਾਠਕ ਦੀ ਮਨੁੱਖੀ ਤੇ ਸਮਾਜੀ ਵਿਕਾਸ ਬਾਰੇ ਸੂਝ ਵਧਣ ਦੇ ਘੱਟ ਮੌਕੇ ਹਨ। ਇਹ ਠੀਕ ਹੈ ਕਿ ਇਨ੍ਹਾਂ ਗੱਲਾਂ ਬਾਰੇ ਗਿਆਨ ਪ੍ਰਾਪਤ ਕਰਨ ਲਈ ਭੌਤਿਕ ਵਿਗਿਆਨ ਤੇ ਸਮਾਜਿਕ ਵਿਗਿਆਨ ਦੇ ਵਿਸ਼ਿਆਂ ਵਿਚ ਅਨੇਕਾਂ ਪੁਸਤਕਾਂ ਪੰਜਾਬੀ ਵਿਚ ਵੀ ਉਪਲੱਬਧ ਹੋਣਗੀਆਂ ਜਾਂ ਹਨ। ਪਰ ਆਮ ਪਾਠਕ ਅੰਦਰ ਮਨੁੱਖੀ ਸੂਝ ਨਾਲ ਸਬੰਧਤ ਵੱਖਰੇ ਵੱਖਰੇ ਪਹਿਲੂਆਂ ਬਾਰੇ ਜਾਨਣ ਦੀ ਖਾਹਿਸ਼ ਪੈਦਾ ਕਰਨੀ ਜਾਂ ਆਪਣੇ ਆਲੇ ਦੁਆਲੇ ਨੂੰ ਵੱਖਰੇ ਵੱਖਰੇ ਕੋਣਾਂ ਤੋਂ ਅਲੋਚਨਾਤਮਿਕ ਨਜ਼ਰੀਏ ਨਾਲ ਦੇਖਣ ਦੀ ਯੋਗਤਾ ਪੈਦਾ ਕਰਨੀ ਕਾਲਪਨਿਕ ਸਾਹਿਤ ਦੀ ਜ਼ਿੰਮੇਵਾਰੀ ਹੈ ਜਾਂ ਹੋਣੀ ਚਾਹੀਦੀ ਹੈ। ਪੰਜਾਬੀ ਸਾਹਿਤ ਨੇ ਪੰਜਾਬੀ ਪਾਠਕਾਂ ਲਈ, ਖਾਸ ਕਰ ਨੌਜਵਾਨ ਪੀੜ੍ਹੀ ਦੇ ਪਾਠਕਾਂ ਵਾਸਤੇ, ਧਰਮ, ਸਿਆਸਤ ਤੇ ਪੈਸੇ ਤੋਂ ਬਾਹਰ ਕੋਈ ਨਵੇਂ ਸੁਪਨੇ ਪੈਦਾ ਨਹੀਂ ਕੀਤੇ; ਕੋਈ ਨਾਇਕ ਪੈਦਾ ਨਹੀਂ ਕੀਤੇ। ਇਸ ਸਬੰਧ ਵਿਚ ਹੋਰ ਬਹੁਤ ਸਾਰੀਆਂ ਗੱਲਾਂ ਕੀਤੀ ਜਾ ਸਕਦੀਆਂ ਹਨ ਪਰ ਮੁੱਖ ਨੁਕਤਾ ਏਥੇ ਇਹੀ ਹੈ ਕਿ ਪੰਜਾਬੀ ਸਾਹਿਤ ਦੀ ਪਹੁੰਚ ਸਮਾਜਿਕ ਰਿਸ਼ਤਿਆਂ ਵਿਚਲੀ ਭੰਨਤੋੜ ਤੱਕ ਸੀਮਤ ਰਹਿੰਦੀ ਹੈ। ਲਗਦਾ ਹੈ ਕਿ ਆਮ ਪੰਜਾਬੀ ਬੰਦਾ ਹੀ ਨਹੀਂ ਸਗੋਂ ਪੰਜਾਬੀ ਲੇਖਕ ਵੀ ਗਿਆਨ ਵਿਗਿਆਨ ਨਾਲ ਸਬੰਧਤ ਲੋੜ ਜਿੰਨਾ ਨਹੀਂ ਪੜ੍ਹਦਾ। ਨਾ ਪੜ੍ਹਨ ਵਾਲੇ ਲੇਖਕ, ਨਾ ਪੜ੍ਹਨ ਵਾਲੇ ਆਮ ਲੋਕਾਂ ਨਾਲੋਂ, ਸਮਾਜ ਲਈ ਕਿਤੇ ਵੱਧ ਹਾਨੀਕਾਰਕ ਹਨ।

ਪੰਜਾਬੀ ਸਭਿਆਚਾਰਕ ਆਲੇ ਦੁਆਲੇ ਵਿਚ ਬਹੁਤ ਕੁਝ ਹੈ ਜਿਹੜਾ ਆਮ ਬੰਦੇ ਨੂੰ ਤੇ ਲੇਖਕ ਨੂੰ ਨਾਸਤਿਕਤਾ ਬਾਰੇ ਗੱਲ ਕਰਨ ਤੋਂ ਰੋਕਦਾ ਹੈ। ਪੰਜਾਬੀਆਂ ਦੀ ਆਮ ਸੂਝ ਇਹ ਕਹਿੰਦੀ ਹੈ ਕਿ ਦੂਜਿਆਂ ਦੇ ਕੰਮ ਵਿਚ ਦਖਲ ਨਾ ਦਿਓ – 'ਮੌਲਾ ਆਪਣੀ ਨਿਬੇੜ ਤੈਨੂੰ ਕਿਸੇ ਨਾਲ ਕੀ?' ਇਸ ਸਮਝ ਅਨੁਸਾਰ ਦੂਜਿਆਂ ਦੇ ਧਾਰਮਿਕ ਵਿਸ਼ਵਾਸ ਵਿਚ ਕਿਸੇ ਕਿਸਮ ਦਾ ਦਖਲ ਦੇਣਾ ਠੀਕ ਨਹੀਂ ਸਮਝਿਆ ਜਾਂਦਾ। ਸਗੋਂ ਇਸ ਤੋਂ ਉਲਟ ਆਮ ਪ੍ਰਚਾਰਿਆ ਇਹ ਜਾਂਦਾ ਹੈ ਕਿ ਹਰ ਧਰਮ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਹਰ ਧਰਮ ਦਾ ਜਾਂ ਵੱਡਿਆਂ ਦਾ ਸਤਿਕਾਰ ਕਰਨਾ ਪੰਜਾਬੀ ਭਾਈਚਾਰੇ ਦਾ ਇਕ ਵਧੀਆ ਗੁਣ ਗਿਣਿਆਂ ਜਾਂਦਾ ਹੈ। ਪਰ ਇਸ ਵਿਚ ਸਮੱਸਿਆ ਵਾਲੀ ਗੱਲ ਇਹ ਹੈ ਕਿ ਇਸ ਸਤਿਕਾਰ ਵਿਚ ਕੋਈ ਸਵਾਲ ਜਾਂ ਕਿੰਤੂ ਕਰਨ ਦੀ ਸਖਤ ਮਨਾਹੀ ਸ਼ਾਮਲ ਹੈ। ਮਨੁੱਖੀ ਵਿਕਾਸ ਦਾ ਹੁਣ ਤੱਕ ਦਾ ਤਜਰਬਾ ਇਹ ਦੱਸਦਾ ਹੈ ਕਿ ਕਿੰਤੂ ਕੀਤੇ ਬਿਨਾਂ ਵਿਕਾਸ ਸੰਭਵ ਨਹੀਂ। ਪਰ ਪੰਜਾਬੀ ਸਮਾਜ ਵਿਚ ਵੱਡਿਆਂ 'ਤੇ ਅਤੇ ਧਰਮ 'ਤੇ ਕਦੇ ਕੋਈ ਕਿੰਤੂ ਨਾ ਕਰਨ ਦੀ ਸਿੱਖਿਆ ਬਚਪਨ ਤੋਂ ਹੀ ਘੋਟ ਘੋਟ ਕੇ ਬੰਦੇ ਅੰਦਰ ਬਿਠਾਈ ਜਾਂਦੀ ਹੈ।

ਇਸ ਦੇ ਨਾਲ ਹੀ ਪੰਜਾਬੀ ਮਾਨਸਿਕਤਾ 'ਤੇ ਪਹਿਲਾਂ 1947 ਤੇ ਫੇਰ 1980ਵੇਂ ਦਹਾਕੇ ਦੌਰਾਨ ਧਰਮ ਦੇ ਨਾਂ 'ਤੇ ਹੋਈ ਹਿੰਸਾ ਨੇ ਵੀ ਡੂੰਘਾ ਅਸਰ ਪਾਇਆ ਹੈ। ਪੰਜਾਬੀ ਮਨ ਇਸ ਅਸਰ ਥੱਲੇ ਅਚੇਤ ਹੀ ਧਰਮ ਤੇ ਰੱਬ ਦੇ ਮਸਲੇ 'ਤੇ ਬਹਿਸ ਕਰਨ ਤੋਂ ਡਰਦਾ ਹੈ। ਪਰ ਇਹ ਕੋਈ ਸਿਹਤਮੰਦ ਸਥਿਤੀ ਨਹੀਂ ਹੈ। ਜਿੱਥੇ ਹਰ ਧਰਮ ਦੂਜੇ ਧਰਮਾਂ ਦਾ ਮਾਣ ਸਤਿਕਾਰ ਕਰਨ ਦੀ ਰੱਟ ਲਾਈ ਰੱਖਦਾ ਹੈ ਉੱਥੇ ਹੀ ਮੰਨਣ ਵਾਲਿਆਂ ਦੇ ਮਨਾਂ ਅੰਦਰ ਇਹ ਚੇਤਨਾ ਵੀ ਵਸਾਈ ਜਾਂਦੀ ਹੈ ਕਿ ਉਨ੍ਹਾਂ ਦਾ ਧਰਮ ਉੱਤਮ ਹੈ ਅਤੇ ਇਸ ਦੀ ਇਸ ਵਡਿਆਈ ਕਾਰਨ ਹੀ ਇਸ ਨੂੰ ਦੂਜੇ ਧਰਮਾਂ ਤੋਂ ਨਿਰੰਤਰ ਖਤਰਾ ਹੈ। ਹਰ ਧਰਮ ਹਰ ਵੇਲੇ ਇਸ ਆਪੇ ਸਿਰਜੇ ਖਤਰੇ ਤੋਂ ਬਚਾਅ ਕਰਨ ਲਈ ਆਪਣੇ ਕਿਲੇ ਪੱਕੇ ਕਰਦਾ ਰਹਿੰਦਾ ਹੈ। ਆਜ਼ਾਦ ਸੋਚ ਵਾਲੇ ਲੋਕਾਂ ਦੀ ਆਵਾਜ਼ ਵੀ ਇਸ ਬਾਹਰੀ ਖਤਰੇ ਦਾ ਹਿੱਸਾ ਬਣਾ ਕੇ ਪੇਸ਼ ਕੀਤੀ ਜਾਂਦੀ ਹੈ। ਸਿੱਖ ਧਰਮ ਨੂੰ ਖਤਰੇ ਦਾ ਝੰਡਾ ਲਹਿਰਾਉਣ ਵਾਲੇ ਲੋਕ ਆਜ਼ਾਦ ਖਿਆਲ ਖੱਬੀ ਲਹਿਰ ਦੇ ਲੋਕਾਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੇ ਹਨ ਅਤੇ ਅੱਸੀਵਿਆਂ ਦੌਰਾਨ ਇਸ ਸੋਚ 'ਤੇ ਅਮਲ ਵੀ ਕਰਦੇ ਰਹੇ ਹਨ। ਇਸ ਸਥਿਤੀ ਦਾ ਨਤੀਜਾ ਇਹ ਹੈ ਕਿ ਆਜ਼ਾਦ ਸੋਚ ਰੱਖਣ ਵਾਲੇ ਬਹੁਤ ਘੱਟ ਚਿੰਤਕ ਤੇ ਲੇਖਕ ਲੋਕਾਂ ਦੇ ਰੱਬ ਵਿਚ ਵਿਸ਼ਵਾਸ ਜਾਂ ਧਰਮ 'ਤੇ ਸਿੱਧੀ ਚੋਟ ਕਰਨ ਬਾਰੇ ਸੋਚਦੇ ਹਨ।

ਸਾਹਿਤ ਤੇ ਸਿਆਸਤ ਵਾਂਗ ਹੀ ਮੀਡੀਏ ਤੇ ਲੋਕ-ਸਭਿਆਚਾਰ ਜਾਂ 'ਪਾਪੂਲਰ ਕਲਚਰ' ਤੋਂ ਵੀ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਲੋਕਾਂ ਦੀ ਸੋਚ ਵਿਚ ਨਵੇਂ ਵਿਚਾਰਾਂ ਦਾ ਟੀਕਾ ਲਾਵੇ। ਪਰ ਹੋ ਇਸ ਤੋਂ ਉਲਟ ਰਿਹਾ ਹੈ। ਪੰਜਾਬੀ ਅਖਬਾਰਾਂ ਧਾਰਮਿਕ ਲੇਖਾਂ ਨਾਲ ਭਰੀਆਂ ਹੁੰਦੀਆਂ ਹਨ। ਇਹ ਲੇਖ ਮੁੱਖ ਤੌਰ 'ਤੇ ਧਰਮ ਅਤੇ ਧਾਰਮਿਕ ਆਗੂਆਂ ਦੇ ਗੁਣ ਗਾਉਣ ਵਾਲੇ ਹੁੰਦੇ ਹਨ। ਰੱਬ ਵਿਚ ਵਿਸ਼ਵਾਸ ਦੀ ਜਾਂ ਧਰਮ ਦੀ ਅਲੋਚਨਾ ਨਾ ਮਾਤਰ ਹੀ ਦਿਸਦੀ ਹੈ। ਪੰਜਾਬੀ ਫਿਲਮ ਤੇ ਪੰਜਾਬੀ ਗੀਤ ਸੰਗੀਤ ਵਿਚ ਵਿਸ਼ੇਸ਼ ਕਰਕੇ ਧਰਮ ਦਾ ਅਸਰ ਪ੍ਰਤੱਖ ਦੇਖਿਆ ਜਾ ਸਕਦਾ ਹੈ। ਗੁਰਦਾਸ ਮਾਨ ਤੇ ਹਰਭਜਨ ਮਾਨ ਵਰਗੇ ਲੋਕਪ੍ਰੀਯ ਗਾਇਕ ਤੇ ਫਿਲਮੀ ਅਦਾਕਾਰਾਂ ਦੇ ਗੀਤ ਤੇ ਫਿਲਮਾਂ ਹੀ ਨਹੀਂ ਸਗੋਂ ਉਨ੍ਹਾਂ ਦੀ ਆਮ ਗੱਲਬਾਤ ਵੀ ਧਰਮ ਤੇ ਰੱਬ ਦੇ ਵੇਰਵਿਆਂ ਨਾਲ ਭਰੀ ਹੁੰਦੀ ਹੈ। ਸਾਰੇ ਵੱਡੇ ਵੱਡੇ ਗਾਇਕ ਆਪਣਾ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਧਾਰਮਿਕ ਗੀਤ ਗਾਉਂਦੇ ਹਨ ਤੇ ਧਾਰਮਿਕ ਲਿਬਾਸਾਂ ਵਿਚ ਤਸਵੀਰਾਂ ਵਾਲੀਆਂ ਸੀਡੀਆਂ ਤੇ ਐਲਬਮਾਂ ਕੱਢਦੇ ਹਨ। ਕਨੇਡਾ ਵਿਚ ਚਲਦੇ ਸਾਰੇ ਦੇ ਸਾਰੇ ਪੰਜਾਬੀ ਟੈਲੀਵਿਜਨ ਪ੍ਰੋਗਰਾਮ ਧਾਰਮਿਕ ਸ਼ਬਦ ਨਾਲ ਸ਼ੁਰੂ ਹੁੰਦੇ ਹਨ। ਜਿੱਥੇ ਹੋਰ ਬਹੁਤ ਸਾਰੇ ਸਮਾਜਾਂ ਵਿਚ ਗੀਤ ਸੰਗੀਤ ਕਈ ਵਾਰੀ ਵਿਦਰੋਹੀ ਲਹਿਰਾਂ ਨੂੰ ਸ਼ੁਰੂ ਕਰਨ ਤੇ ਲੋਕਾਂ ਵਿਚ ਮਸ਼ਹੂਰ ਕਰਨ ਵਿਚ ਵੱਡਾ ਯੋਗਦਾਨ ਪਾਉਂਦੇ ਹਨ ਉੱਥੇ ਅਜੋਕੇ ਸਮੇਂ ਪੰਜਾਬੀ ਗੀਤ ਸੰਗੀਤ ਸਿਰਫ ਜਾਤੀ ਮਸ਼ਹੂਰੀ ਤੇ ਪੈਸਾ ਕਮਾਉਣ ਤੱਕ ਹੀ ਸੀਮਤ ਹੈ। ਕੁਝ ਗਾਇਕ ਤੇ ਕਮੇਡੀਅਨ ਜਦੋਂ ਇਸ ਸਬੰਧ ਵਿਚ ਕੁਝ ਅਲੋਚਨਾਤਮਿਕ ਵੀ ਕਹਿੰਦੇ ਕਰਦੇ ਹਨ ਤਾਂ ਉਹ ਵੀ ਬਹੁਤੀ ਵਾਰੀ ਧਰਮ ਵਿਚ ਆਏ ਨਿਗ੍ਹਾਰ ਵੱਲ ਹੀ ਕੇਂਦਰਿਤ ਹੁੰਦਾ ਹੈ, ਖੁਦ ਧਰਮ ਦੇ ਨਾਂਹਪੱਖੀ ਕਿਰਦਾਰ ਵੱਲ ਨਹੀਂ। ਗਾਇਕਾਂ ਵਾਂਗ ਹੀ ਭੰਗੜਾ ਪਾਉਣ ਵਾਲੇ ਸਟੇਜ 'ਤੇ ਚੜ੍ਹਨ ਵੇਲੇ ਪਹਿਲਾਂ ਮੱਥਾ ਟੇਕਦੇ ਹਨ। ਇਸੇ ਤਰ੍ਹਾਂ ਹਰ ਕਿਸਮ ਦੇ ਖਿਡਾਰੀ ਤੇ ਖਿਡਾਰੀਆਂ ਦੀਆਂ ਟੀਮਾਂ ਖੇਡ ਸ਼ੁਰੂ ਕਰਨ ਤੋਂ ਪਹਿਲਾਂ ਰੱਬ ਦਾ ਨਾਂਅ ਲੈਣਾ ਜ਼ਰੂਰੀ ਸਮਝਦੇ ਹਨ। ਕਬੱਡੀ ਖਿਡਾਰੀ ਮੱਥਾ ਟੇਕ ਕੇ ਹੀ ਗਰਾਊਂਡ ਵਿਚ ਵੜਦੇ ਹਨ ਤੇ ਮੈਚ ਜਿੱਤਣ ਬਾਅਦ ਰੱਬ ਦਾ ਧੰਨਵਾਦ ਕਰਨ ਤੋਂ ਕਦੇ ਪਿੱਛੇ ਨਹੀਂ ਰਹਿੰਦੇ। ਬਹੁਤੇ ਪੰਜਾਬੀ ਤਾਂ ਗੰਭੀਰ ਜਾਂ ਗੈਰ-ਗੰਭੀਰ ਰੌਅ 'ਚ ਸ਼ਰਾਬ ਪੀਣ ਵੇਲੇ ਵੀ ਪਹਿਲਾਂ ਰੱਬ ਨੂੰ ਧਿਆਉਂਦੇ ਦੇਖੇ ਜਾ ਸਕਦੇ ਹਨ।

ਸਦਾਚਾਰਕ ਪੱਖੋਂ ਰੱਬ ਦਾ ਡਰ ਤੇ ਧਰਮ ਦੀ ਲੋੜ ਵੀ ਪੰਜਾਬੀ ਸਮਾਜ ਵਿਚ ਇਕ ਅਟੱਲ ਸਚਾਈ ਵਜੋਂ ਲਈ ਜਾਂਦੀ ਹੈ। ਇਹ ਵਿਸ਼ਵਾਸ ਬਹੁਤ ਪੱਕਾ ਹੈ ਕਿ ਧਰਮ ਤੇ ਰੱਬ ਦੇ ਡਰ ਬਿਨਾਂ ਕੋਈ ਵੀ ਵਿਅਕਤੀ ਚੰਗਾ ਹੋ ਹੀ ਨਹੀਂ ਸਕਦਾ। ਪਰ ਵਿਗਿਆਨਕ ਦ੍ਰਿਸ਼ਟੀ ਨਾਲ ਦੇਖਿਆਂ ਇਹ ਵਿਚਾਰ ਇਕ ਅੰਧ ਵਿਸ਼ਵਾਸ ਤੋਂ ਵਾਧੂ ਨਹੀਂ। ਪੰਜਾਬੀ ਸਮਾਜ ਵਿਚ ਹੀ ਨਹੀਂ ਪੱਛਮੀ ਸਮਾਜਾਂ ਵਿਚ ਵੀ ਇਸ ਵਿਸ਼ਵਾਸ ਦਾ ਕਾਫੀ ਅਸਰ ਹੈ। ਬਹੁਤ ਸਾਰੇ ਚਿੰਤਕਾਂ ਨੇ (ਜਿਨ੍ਹਾਂ ਵਿਚ ਆਈਨਸਟਾਈਨ, ਬਰਟਰੈਂਡ ਰਸਲ ਤੇ ਰਿਚਰਡ ਡਾਕਿੰਜ਼ ਅਤੇ ਹੋਰ ਬਹੁਤ ਸਾਰੇ ਲੋਕਾਂ ਦਾ ਨਾਂਅ ਲਿਆ ਜਾ ਸਕਦਾ ਹੈ) ਇਸ ਨੂੰ ਵਿਗਿਆਨਕ ਨਜ਼ਰੀਏ ਨਾਲ ਰੱਦ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਕ ਸਮੂਹ ਵਿਚ ਵਿਚਰਨ ਲਈ ਇਨਸਾਨ ਵਿਚ ਕੁਦਰਤੀ ਲੋੜ ਵਜੋਂ ਚੰਗਿਆਈ ਦਾ ਮਾਦਾ ਹੁੰਦਾ ਹੈ। ਧਰਮ ਜਾਂ ਰੱਬ ਇਨਸਾਨ ਨੂੰ ਚੰਗਾ ਬਣਾਉਣ ਦੀ ਥਾਂ ਸਗੋਂ ਉਸ ਦੇ ਚੰਗਾ ਬਣਨ ਦੇ ਰਾਹ ਵਿਚ ਰੋੜਾ ਬਣਦੇ ਹਨ। ਹਰ ਧਾਰਮਿਕ ਬੰਦਾ ਆਪਣੇ ਨਜ਼ਰੀਏ ਨੂੰ ਠੀਕ ਠਹਿਰਾਉਂਦਾ ਹੈ ਤੇ ਦੂਜਿਆਂ ਦੇ ਨਜ਼ਰੀਏ ਨੂੰ ਗਲਤ ਹੀ ਨਹੀਂ ਸਗੋਂ ਆਪਣੇ ਨਾਲੋਂ ਘਟੀਆ ਵੀ ਸਮਝਦਾ ਹੈ। ਇਸ ਨਾਲ ਉਹ ਮਨੁੱਖਤਾ ਦੇ ਵੱਡੇ ਹਿੱਸੇ ਨੂੰ ਆਪਣੇ ਬਰਾਬਰ ਦਾ ਨਹੀਂ ਸਮਝਦਾ। ਅਜਿਹੇ ਇਨਸਾਨ ਨੂੰ ਕਿਸੇ ਵੀ ਪੱਖੋਂ ਚੰਗਾ ਨਹੀਂ ਕਿਹਾ ਜਾ ਸਕਦਾ। ਹਰ ਧਰਮ ਵਿਚ ਮੁੱਖ ਧਾਰਾ ਦੇ ਨਾਲ ਨਾਲ ਅਨੇਕਾਂ ਵੱਖਰੇ ਵੱਖਰੇ ਨਜ਼ਰੀਏ ਰੱਖਣ ਵਾਲੇ ਸਮੂਹ ਹੁੰਦੇ ਹਨ। ਉਦਾਹਰਨ ਵਜੋਂ, ਇਕ ਅੰਦਾਜ਼ੇ ਅਨੁਸਾਰ ਇਕੱਲੇ ਇਸਾਈ ਮੱਤ ਵਿਚ ਕੋਈ 34,000 ਵੱਖਰੇ ਵੱਖਰੇ ਨਜ਼ਰੀਏ ਰੱਖਣ ਵਾਲੇ ਸਮੂਹ ਹਨ ਜਿਹੜੇ ਆਪਣੇ ਮੁਕਾਬਲੇ ਦੂਜਿਆਂ ਨੂੰ ਗਲਤ ਸਮਝਦੇ ਹਨ। ਦੂਜੇ ਧਰਮਾਂ ਦਾ ਵੀ ਇਹੀ ਹਾਲ ਹੈ। ਇਨ੍ਹਾਂ ਧਰਮਾਂ ਦੀ ਮੁੱਖ ਧਾਰਾ ਜਾਂ ਸਾਰੇ ਸਮੂਹ ਦੂਜਿਆਂ ਨੂੰ ਕੁਰਾਹੇ ਪਈ ਸੰਪਰਦਾਇ ਜਾਂ ਕਲਟ ਸਮਝਦੀ ਹੈ। ਆਮ ਪਰਿਭਾਸ਼ਾ ਅਨੁਸਾਰ ਕਲਟ ਜਾਂ ਸੰਪਰਦਾਇ ਉਹ ਧਾਰਮਿਕ ਨਜ਼ਰੀਆ ਹੁੰਦਾ ਹੈ ਜਿਸ ਕੋਲ ਸਿਆਸੀ ਤਾਕਤ ਨਾ ਹੋਵੇ। ਸਿਆਸੀ ਤਾਕਤ ਹਥਿਆਉਣ ਲਈ ਹਰ ਸੰਪਰਦਾਇ ਆਪਣੀ ਅੱਡੀ ਚੋਟੀ ਦਾ ਜ਼ੋਰ ਲਾਉਂਦੀ ਹੈ। ਇਸ ਪੱਖੋਂ ਦੇਖਿਆਂ ਧਰਮ ਇਨਸਾਨ ਨੂੰ ਚੰਗਾ ਬਣਾਉਣ ਦੀ ਥਾਂ ਸਗੋਂ ਮਾੜਾ ਬਣਾਉਣ ਦਾ ਕਾਰਜ ਕਰਦਾ ਹੈ।

ਸਦੀਆਂ ਤੋਂ ਚਲੀ ਆਉਂਦੀ ਆਰਥਿਕ ਤੇ ਸਮਾਜਿਕ ਅਸੁਰੱਖਿਆ ਤੇ ਗੁਲਾਮੀ ਦੇ ਅਸਰ ਕਾਰਨ ਬਹੁਤੇ ਭਾਰਤੀ ਤੇ ਪੰਜਾਬੀ ਲੋਕ ਜਿਸ ਤਰ੍ਹਾਂ ਵੀ ਸੰਭਵ ਹੋ ਸਕੇ ਆਪਣਾ 'ਕੰਮ ਕੱਢਣਾ ਚਾਹੁੰਦੇ ਹਨ'। ਭ੍ਰਿਸ਼ਟਾਚਾਰ ਉਨ੍ਹਾਂ ਦੇ ਜੀਵਨ ਦਾ ਅਟੁੱਟ ਹਿੱਸਾ ਹੋ ਗਿਆ ਹੈ। ਚੇਤਨ ਲੋਕਾਂ ਨੂੰ ਵੀ ਹਰ ਪਾਸੇ ਫੈਲਿਆ ਭ੍ਰਿਸ਼ਟਾਚਾਰ ਦਿੱਸਦਾ ਤਾਂ ਹੈ ਪਰ ਇਹ ਇਸ ਕਦਰ ਤੰਗ ਨਹੀਂ ਕਰਦਾ ਕਿ ਇਸ ਨੂੰ ਸਹਿਣ ਨਾ ਕਰ ਸਕਣ। ਆਮ ਪੰਜਾਬੀ ਲੋਕਾਂ ਵਿਚ ਸਮਾਜਿਕ ਸੂਝ ਤੇ ਜ਼ਿੰਮੇਵਾਰੀ ਦਾ ਅਹਿਸਾਸ ਬਹੁਤ ਘੱਟ ਨਜ਼ਰ ਆਉਂਦਾ ਹੈ।

## ਨਾਸਤਿਕਤਾ ਬਾਰੇ ਗਲ ਕਰਨ ਦੀ ਕਿਉਂ ਲੋੜ ਹੈ?

ਅਜੋਕੀ ਦੁਨੀਆ ਦੇ ਜਿਹੜੇ ਸਮਾਜ ਧਰਮ ਨੂੰ ਸਿਆਸਤ ਤੋਂ ਅਤੇ ਵਿਦਿਆ ਵਰਗੇ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆ ਤੋਂ ਦੂਰ ਰੱਖਣ ਵਿਚ ਕਾਮਯਾਬ ਹਨ, ਉਹ ਨਿਰਸੰਦੇਹ ਮਨੁੱਖ ਦੇ ਰਹਿਣ ਲਈ ਬੇਹਤਰ ਹਨ। ਉਨ੍ਹਾਂ ਦੇ ਨਾਲ ਪੰਜਾਬੀ ਜਾਂ ਭਾਰਤੀ ਸਮਾਜ ਦਾ ਮੁਕਾਬਲਾ ਕਰਨ ’ਤੇ ਫਰਕ ਸਾਫ ਨਜ਼ਰ ਆਉਂਦਾ ਹੈ। ਮਨੁੱਖ ਨੇ ਹੁਣ ਤੱਕ ਜੋ ਵਿਕਾਸ ਕੀਤਾ ਹੈ ਉਸ ਵਿਚ ਵਿਸ਼ੇਸ਼ ਕਰਕੇ ਵਿਗਿਆਨ ਨੇ ਪਿਛਲੇ ਤਿੰਨ ਚਾਰ ਸੌ ਸਾਲ ਵਿਚ ਵੱਡਾ ਰੋਲ ਨਿਭਾਇਆ ਹੈ, ਭਾਵੇਂ ਵੱਖਰੇ ਵੱਖਰੇ ਕਾਰਨਾਂ ਵੱਸ ਇਹ ਵਿਕਾਸ ਸਾਰੇ ਦਾ ਸਾਰਾ ਹਾਂ-ਪੱਖੀ ਨਹੀਂ ਹੈ। ਇਸ ਮਨੁੱਖੀ ਵਿਕਾਸ ਵਿਚ ਧਰਮ ਨੇ ਪੈਰ ਪੈਰ ’ਤੇ ਵਿਗਿਆਨ ਨਾਲ ਆਢਾ ਲਿਆ ਹੈ। ਬਰਤਾਨਵੀਂ ਚਿੰਤਕ ਬਰਟਰੈਂਡ ਰੱਸਲ ਅਨੁਸਾਰ:

> ਚਾਰ ਸੌ ਸਾਲਾਂ ਵਿਚ ਵਿਗਿਆਨ ਦੇ ਵਾਧੇ ਨੇ ਹੌਲੀ ਹੌਲੀ ਮਨੁੱਖਾਂ ਨੂੰ ਦਿਖਾਇਆ ਹੈ ਕਿ ਕੁਦਰਤ ਦੇ ਵਰਤਾਰਿਆਂ ਬਾਰੇ ਕਿਸ ਤਰ੍ਹਾਂ ਗਿਆਨ ਹਾਸਿਲ ਕਰਨਾ ਹੈ ਅਤੇ ਕੁਦਰਤੀ ਸ਼ਕਤੀਆਂ ਉੱਪਰ ਕਿਸ ਤਰ੍ਹਾਂ ਸਰਦਾਰੀ ਕਾਇਮ ਕਰਨੀ ਹੈ, ਇਸ ਸਮੇਂ ਦੌਰਾਨ ਪਾਦਰੀਆਂ ਨੇ ਵਿਗਿਆਨ ਦੇ ਵੱਖਰੇ ਵੱਖਰੇ ਖੇਤਰਾਂ, ਤਾਰਾ-ਵਿਗਿਆਨ ਤੇ ਭੂ-ਵਿਗਿਆਨ ਵਿਚ, ਸਰੀਰ-ਰਚਨਾ-ਵਿਗਿਆਨ (ਅਨਾਟਮੀ) ਤੇ ਸਰੀਰ-ਕ੍ਰਿਆਵਿਗਿਆਨ (ਫਿਜ਼ੀਓਲੋਜੀ) ਵਿਚ, ਜੀਵ-ਵਿਗਿਆਨ ਤੇ ਮਨੋਵਿਗਿਆਨ ਵਿਚ ਅਤੇ ਸਮਾਜਿਕ ਵਿਗਿਆਨ ਵਿਰੁੱਧ ਹਾਰਨ ਵਾਲੀ ਲੜਾਈ ਲੜੀ ਹੈ। ਹਰ ਵਾਰੀ ਇਕ ਥਾਂ ਤੋਂ ਬਾਹਰ ਕੱਢੇ ਜਾਣ ’ਤੇ ਉਨ੍ਹਾਂ ਦੂਜੀ ਥਾਂ ਮੋਰਚਾ ਲਾਇਆ। ਤਾਰਾ-ਵਿਗਿਆਨ ਵਿੱਚੋਂ ਭਾਂਜ ਖਾ ਕੇ ਉਨ੍ਹਾਂ ਭੂ-ਵਿਗਿਆਨ ਨੂੰ ਅੱਗੇ ਵਧਣ ਤੋਂ ਰੋਕਣ ਲਈ ਆਪਣੀ ਪੂਰੀ ਵਾਹ ਲਾਈ; ਉਨ੍ਹਾਂ ਨੇ ਜੀਵ-ਵਿਗਿਆਨ ਵਿਚ ਡਾਰਵਿਨ ਵਿਰੁੱਧ ਲੜਾਈ ਕੀਤੀ ਅਤੇ ਅਜੋਕੇ ਸਮੇਂ ਉਹ ਮਨੋਵਿਗਿਆਨ ਅਤੇ ਵਿਦਿਆ ਸਬੰਧੀ ਵਿਗਿਆਨਕ ਸਿਧਾਂਤਾਂ ਵਿਰੁੱਧ ਲੜਦੇ ਹਨ। (5)

ਸੋਲਵੀਂ ਸਤਾਰਵੀਂ ਸਦੀ ਦੌਰਾਨ ਧਰਤੀ ਸੂਰਜ ਦੁਆਲੇ ਘੁੰਮਦੀ ਹੋਣ ਦਾ ਦਾਅਵਾ ਕਰਨ ਵਾਲੇ ਗਲੀਲੀਓ ਨੂੰ ਸਜ਼ਾ ਦੇਣ ਬਦਲੇ ਰੋਮਨ ਕੈਥੋਲਿਕ ਪੋਪ ਨੇ ਹੁਣ 1992 ਵਿਚ ਇਸ ਗੱਲ ਦੀ ਮੁਆਫੀ ਮੰਗੀ ਹੈ। ਭਾਵੇਂ ਧਰਮ ਤੇ ਵਿਗਿਆਨ ਦੀ ਇਹ ਲੜਾਈ ਮੁੱਖ ਤੌਰ ’ਤੇ ਯੂਰਪ ਵਿਚ ਹੋਈ ਪਰ ਇਸ ਦਾ ਫਾਇਦਾ ਸਾਰੀ ਦੁਨੀਆ ਨੂੰ ਹੋਇਆ ਤੇ ਹੋ ਰਿਹਾ ਹੈ; ਪੰਜਾਬੀ ਸਮਾਜ ਨੂੰ ਵੀ। ਪਰ ਪੰਜਾਬ ਵਿਚ ਜਿੱਥੇ ਵਿਗਿਆਨ ਨਾਲ ਪ੍ਰਾਪਤ ਹੋਈ ਹਰ ਸਹੂਲਤ ਨੂੰ ਤਾਂ ਵਰਤਿਆ ਜਾ ਰਿਹਾ ਹੈ ਉੱਥੇ ਆਮ ਜੀਵਨ ਵਿਚ ਵਿਗਿਆਨਕ ਵਿਚਾਰਾਂ ਜਾਂ ਤਰਕ ਨੂੰ ਅਪਨਾਉਣ ਤੋਂ ਕੰਨੀ ਕਤਰਾਈ ਜਾ ਰਹੀ ਹੈ। ਪੰਜਾਬੀ ਦੇ ਬਹੁ ਗਿਣਤੀ ਲੋਕ ਅਤੇ ਲੇਖਕ ਵੀ ਇਨ੍ਹਾਂ ਸਵਾਲਾਂ ਤੋਂ ਦੂਰ ਰਹਿੰਦੇ ਹਨ। ਉਹ ਸਮਝਦੇ ਹਨ ਕਿ ਹੋਰ ਬਹੁਤ ਸਾਰੇ ਮਸਲੇ ਹਨ ਜਿਨ੍ਹਾਂ ਬਾਰੇ ਲਿਖਿਆ ਵਿਚਾਰਿਆ ਜਾਣਾ ਚਾਹੀਦਾ ਹੈ। ਕਾਹਦੇ ਲਈ ਇਸ ਗੁੰਝਲਦਾਰ ਤੇ ਸ਼ਾਇਦ ‘ਖਤਰਨਾਕ’ ਝਮੇਲੇ ’ਚ ਪਿਆ ਜਾਵੇ? ਕੀ ਇਸ ਬਿਨ੍ਹਾਂ ਸਰਦਾ ਨਹੀਂ? ਪਹਿਲਾਂ ਹੀ ਸਮਾਜ ਵਿਚ ਬੇਹੱਦ ਬੇਲੋੜੀਆਂ ਵੰਡੀਆਂ ਪਈਆਂ ਹੋਈਆਂ ਹਨ ਰੱਬ ਦੇ ਹੋਣ ਜਾਂ ਨਾ ਹੋਣ ਦੇ ਮਸਲੇ ’ਤੇ ਹੋਰ ਝਮੇਲੇ ਕਿਉਂ ਖੜ੍ਹੇ ਕੀਤੇ ਜਾਣ। ਉਨ੍ਹਾਂ ਦੀ ਇਹ ਗੱਲ ਕੁਝ ਹੱਦ ਤੱਕ ਸਹੀ ਹੈ। ਪਰ ਮਸਲਾ ਇਹ ਹੈ ਕਿ ਸਾਡੇ ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ ਜੋਂ ਲੰਮੇ ਸਮੇਂ ਤੋਂ ਸੁਧਰਨ ਵਿਚ ਨਹੀਂ ਆ ਰਹੀਆਂ, ਉਨ੍ਹਾਂ ਦੀ ਜੜ੍ਹ ਇਸ ਸਵਾਲ ਨਾਲ ਜੁੜੀ ਹੋਈ ਹੈ। ਜੇ ਅਸੀਂ ਸੱਚ ਮੁੱਚ ਗੰਭੀਰਤਾ ਨਾਲ ਇਸ ਗੱਲ ਦੀ ਖਾਹਿਸ਼ ਰੱਖਦੇ ਹਾਂ ਕਿ ਸਾਡਾ ਸਮਾਜ ਵੀ ਇਕ ਸਿਹਤਮੰਦ ਤੇ ਹੱਸਦਾ ਖੇਲਦਾ ਸਮਾਜ ਹੋਵੇ ਤਾਂ ਸਾਨੂੰ ਉਨ੍ਹਾਂ ਸਮਾਜਾਂ ਦਾ ਧਿਆਨ ਨਾਲ ਅਧਿਅਨ ਕਰਨ ਦੀ ਲੋੜ ਹੈ ਜਿੱਥੇ ਧਰਮ ਨੂੰ ਸਿਆਸਤ ਤੇ ਹੋਰ ਅਦਾਰਿਆਂ ਤੋਂ ਦੂਰੀ ’ਤੇ ਰੱਖਿਆ ਗਿਆ ਹੈ।

ਪੰਜਾਬੀ ਭਾਈਚਾਰੇ ਨੂੰ ਭਾਵੇਂ ਇਕ ਵਿਕਾਸਸ਼ੀਲ ਅਧੁਨਿਕ ਸਨਅਤੀ ਸਮਾਜ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਹ ਦੁਨੀਆ ਦੇ ਇਸ ਸਥਿਤੀ ਵਿਚਲੇ ਹੋਰ ਬਹੁਤ ਸਾਰੇ ਸਮਾਜਾਂ ਤੋਂ ਕਈ ਪੱਖਾਂ ਤੋਂ ਵੱਖਰਾ ਹੈ। ਸਿੱਖ ਧਰਮ ਮੁਕਾਬਲਤਨ ਨਵਾਂ ਧਰਮ ਹੈ ਤੇ ਇਸ ਵਿਚ ਦੂਜੇ ਧਰਮਾਂ ਦੇ ਮੁਕਾਬਲੇ ਵਹਿਮਾਂ ਭਰਮਾਂ ਜਾਂ ਮਿੱਥਾਂ ਦਾ ਉਸ ਕਿਸਮ ਦਾ ਅਧਾਰ ਨਹੀਂ ਹੈ। ਲੋਕਾਂ ਦੇ ਮਨਾਂ ਉੱਪਰ ਧਰਮ ਦੀ ਪਕੜ ਵੀ ਦੂਜੇ ਸਮਾਜਾਂ ਜਿੰਨੀ ਪੱਕੀ ਨਹੀਂ ਹੈ। ਵੀਹਵੀਂ ਸਦੀ ਦੌਰਾਨ ਪੰਜਾਬ ਤੋਂ ਬਾਹਰ ਆਏ ਲੋਕਾਂ ਵਲੋਂ ਸਨਅਤੀ ਮੁਲਕਾਂ ਵਿਚ ਵਾਸ ਕਰਨ ਨਾਲ ਪੰਜਾਬ ਦੀ ਆਰਥਿਕਤਾ ਤੇ ਮਾਨਸਿਕਤਾ ’ਤੇ ਪ੍ਰਤੱਖ ਅਸਰ ਪਏ ਹਨ। ਇਨ੍ਹਾਂ ਅਸਰਾਂ ਕਾਰਨ ਪੰਜਾਬੀ ਦੇ ਅਧੁਨਿਕ ਸਾਹਿਤ ਵਿਚ ਅਗਾਂਹਵਧੂ ਸੁਰ ਭਾਰੂ ਰਹੀ ਹੈ। ਪਰ ਇਸ ਦੇ ਬਾਵਜੂਦ, ਪਹਿਲਾਂ ਵਿਚਾਰੇ ਗਏ ਕਾਰਨਾਂ ਵੱਸ ਪਿਛਲੇ ਕੁਝ ਦਹਾਕਿਆਂ ਦੌਰਾਨ ਪੰਜਾਬੀਆਂ ਦੀ ਸੋਚ ਅੱਗੇ ਵਧਣ ਦੀ ਥਾਂ ਪਿਛਾਂਹ ਨੂੰ ਪਰਤਦੀ ਪ੍ਰਤੀਤ ਹੁੰਦੀ ਹੈ। ਜਿੱਥੇ ਪੰਜਾਬੀ ਭਾਈਚਾਰਾ ਜੀਵਨ ਦੇ ਬਹੁਤ ਸਾਰੇ ਪਹਿਲੂਆਂ ਵਿਚ ਦੁਨੀਆ ਦੇ ਬਾਕੀ ਭਾਈਚਾਰਿਆਂ ਦੇ ਬਰਾਬਰ ਖੜ੍ਹਦਾ ਹੈ ਉੱਥੇ ਬੌਧਿਕ ਪੱਖੋਂ ਇਸ ਦੀ ਗਰੀਬੀ ਸ਼ਰੇਆਮ ਨਜ਼ਰ ਆਉਂਦੀ ਹੈ, ਜਿਸ ਦਾ ਮੁੱਖ ਕਾਰਨ ਧਰਮ ਵਲਾਂ ਬੇਲੋੜਾ ਧਿਆਨ ਜਾਪਦਾ ਹੈ। ਧਰਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਇਸ ਕਿਸਮ ਦੀ ਖਾਹਿਸ਼ ਜਾਂ ਕੋਸ਼ਸ਼ ਹੋਣੀ ਚਾਹੀਦੀ ਹੈ। ਮਸਲਾ ਸਮਾਜ ਵਿਚ ਸੰਤੁਲਨ ਪੈਦਾ ਕਰਨ ਦਾ ਹੈ ਜੋ ਇਸ ਵੇਲੇ ਨਜ਼ਰ ਨਹੀਂ ਆ ਰਿਹਾ।

ਵਿਗਿਆਨਕ ਸੂਝ ਤੋਂ ਪਹਿਲਾਂ ਸੰਸਾਰ ਦੀ ਉਤਪਤੀ ਤੇ ਕੁਦਰਤੀ ਵਰਤਾਰਿਆਂ, ਮੀਂਹ/ਸੋਕਾ, ਬੱਦਲਾਂ ਦੀ ਗੜਕ, ਬਿਜਲੀ ਦੀ ਚਮਕ, ਹੜ੍ਹ, ਭੁਚਾਲ, ਜਨਮ, ਮੌਤ, ਮਨੁੱਖੀ ਸਰੀਰ ਨੂੰ ਲੱਗਦੀਆਂ ਬੀਮਾਰੀਆਂ ਆਦਿ ਬਾਰੇ ਜਾਨਣ ਦੀ ਖਾਹਿਸ਼ ਵਿੱਚੋਂ ਰੱਬ ਦੇ ਸੰਕਲਪ ਨੇ ਜਨਮ ਲਿਆ। ਮਨੁੱਖੀ ਸੋਚ ਦੇ ਵਿਕਾਸ ਦੇ ਇਕ ਪੜਾਅ ’ਤੇ ਉਹਨੂੰ ਲੱਗਾ ਕਿ ਇਹ ਸਭ ਕੁਝ ਕੋਈ ਵੱਡੀ ਅਣਦਿਸਦੀ ਤਾਕਤ ਕਰ ਕਰਵਾ ਰਹੀ ਹੈ। ਇਸ ਤਾਕਤ ਨੂੰ ਉਹਨੇ ਰੱਬ ਦਾ ਨਾਂਅ ਦਿੱਤਾ। ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਉਹਨੇ ਇਸ ਤਾਕਤ ਨੂੰ ਖੁਸ਼ ਕਰਨ ਲਈ ਅਰਦਾਸ ਤੇ ਬਲ਼ੀ ਆਦਿ ਦੀਆਂ ਰਸਮਾਂ ਹੋਂਦ ਵਿਚ ਲਿਆਂਦੀਆਂ। ਰੱਬ ਦੀ ਖੁਸ਼ੀ ਤੇ ਕ੍ਰੋਪੀ ਦੇ ਅੰਦਾਜ਼ੇ ਲਾ ਕੇ ਉਸ ਦੀ ਮਰਜ਼ੀ ਅਨੁਸਾਰ ਚੱਲਣ ਲਈ ਕੁਝ ਨਿਯਮ ਕਾਇਮ ਕੀਤੇ। ਇਨ੍ਹਾਂ ਵਿਚਾਰਾਂ, ਰਸਮਾਂ ਤੇ ਨਿਯਮਾਂ ਦੇ ਸਮੂਹ ਨੂੰ ਧਰਮ ਦਾ ਨਾਂਅ ਦਿੱਤਾ। ਇਸ ਅਦਾਰੇ ਨੂੰ ਚਲਾਉਣ ਵਾਲੇ ਸਮਾਜ ਦੀ ਸਥਾਪਤੀ ਦਾ ਹਿੱਸਾ ਬਣੇ। ਸਥਾਪਤੀ ਸਮਾਜ ਵਿਚ ਸਦਾ ਤਾਕਤਵਰ ਲੋਕਾਂ ਦੇ ਹੱਕ ਵਿਚ ਭੁਗਤਦੀ ਹੈ ਜੋ ਗਿਣਤੀ ਵਿਚ ਥੋੜ੍ਹੇ ਹੁੰਦੇ ਹਨ ਤੇ ਬਹੁ ਗਿਣਤੀ ਲੋਕਾਂ ਨੂੰ ਆਪਣੇ ਹੱਕਾਂ ਵਾਸਤੇ

ਸਥਾਪਤੀ ਵਿਰੁੱਧ ਜਥੇਬੰਦ ਹੋਣਾ ਪੈਂਦਾ ਹੈ। ਸਨਅਤੀ ਇਨਕਲਾਬ ਤੋਂ ਪਹਿਲਾਂ ਲੋਕਾਂ ਦੇ ਸੰਘਰਸ਼ਾਂ ਨੇ ਧਾਰਮਿਕ ਰੂਪ ਹੀ ਅਖਤਿਆਰ ਕੀਤੇ ਅਤੇ ਨਤੀਜੇ ਵਜੋਂ ਦੂਜੇ ਧਰਮ ਹੋਂਦ ਵਿਚ ਆਏ। ਇਸਾਈ ਮੱਤ ਵਿਚ ਪਰੋਟੈਸਟੈਂਟ ਲਹਿਰ ਤੇ ਭਾਰਤ ਵਿਚ ਸਿੱਖ ਲਹਿਰ ਇਸ ਦੀਆਂ ਉਦਾਹਰਨਾਂ ਕਹੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਇਹ ਅਮਲ ਚਲਦਾ ਰਿਹਾ ਹੈ ਤੇ ਹਰ ਧਰਮ ਆਪਣੀ ਸਮਾਜਿਕ ਸਥਿਤੀ ਕਾਇਮ ਰੱਖਣ ਲਈ ਸਥਾਪਤੀ ਦਾ ਹਿੱਸਾ ਬਣ ਕੇ ਨਵੇਂ ਵਿਚਾਰਾਂ ਦੀ ਵਿਰੋਧਤਾ ਵਿਚ ਡਟਦਾ ਰਿਹਾ। ਪਰ ਪਿਛਲੀਆਂ ਦੋ ਤਿੰਨ ਸਦੀਆਂ ਤੋਂ ਇਸ ਵਰਤਾਰੇ ਵਿਚ ਤਬਦੀਲੀ ਆਈ ਹੈ ਭਾਵੇਂ ਅਜੇ ਵੀ ਸਨਅਤੀ ਵਿਕਾਸ ਤੋਂ ਵਾਂਜੇ ਮੁਲਕਾਂ ਵਿਚ ਸਮਾਜਿਕ ਤਬਦੀਲੀ ਲਈ ਚਲਦੀਆਂ ਲਹਿਰਾਂ ਧਾਰਮਿਕ ਲਹਿਰਾਂ ਦਾ ਰੂਪ ਧਾਰ ਲੈਂਦੀਆਂ ਹਨ। ਇਹ ਲਹਿਰਾਂ ਕਈ ਵਾਰੀ ਨਵੇਂ ਧਰਮ ਨੂੰ ਜਨਮ ਦਿੰਦੀਆਂ ਹਨ ਅਤੇ ਕਈ ਵਾਰੀ ਪ੍ਰਚਲਤ ਧਰਮਾਂ ਦੇ ਆਪਸੀ ਟਕਰਾਅ ਦਾ ਰੂਪ ਅਖਤਿਆਰ ਕਰਦੀਆਂ ਹਨ। ਉਦਾਹਰਨ ਵਜੋਂ, ਪੰਜਾਬ ਦੇ ਜਨ ਜੀਵਨ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਅੱਸੀਵਿਆਂ ਦੌਰਾਨ ਧਾਰਮਿਕ ਰੰਗਤ ਚਾੜ ਦੇਣੀ ਜਾਂ ਦਲਿਤ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਤਰਕਵਾਦੀ ਪਹੁੰਚ ਨਾਲ ਕੋਈ ਵੱਡੀ ਲਹਿਰ ਉਸਾਰਨ ਦੀ ਥਾਂ ਦੱਬੇ ਕੁਚਲੇ ਲੋਕਾਂ ਦਾ ਵੱਖਰੇ ਵੱਖਰੇ ਧਰਮਾਂ ਵਲ ਰੁਚਿਤ ਹੋਣਾ।

ਇਸ ਸਭ ਕਾਸੇ ਦਾ ਅਸਰ ਇਹ ਹੁੰਦਾ ਹੈ ਕਿ ਧਰਮ ਦੇ ਨਾਂ 'ਤੇ ਸਮਾਜ ਦਾ ਸਮਾਂ ਤੇ ਸ਼ਕਤੀ ਵੱਡੀ ਪੱਧਰ 'ਤੇ ਨਸ਼ਟ ਹੁੰਦੇ ਹਨ ਪਰ ਪ੍ਰਾਪਤੀ ਤੇ ਨਾਂਅ 'ਤੇ ਪੱਲੇ ਬਹੁਤਾ ਕੁਝ ਨਹੀਂ ਪੈਂਦਾ। ਇਤਿਹਾਸ ਦੀ ਧਿਆਨ ਨਾਲ ਛਾਣ ਬੀਣ ਕੀਤਿਆਂ ਜਾਪਦਾ ਹੈ ਕਿ ਧਰਮ ਵਿਅਕਤੀ ਦੀ ਪੱਧਰ 'ਤੇ ਭਾਵੇਂ ਕਿਸੇ ਨੂੰ ਵਕਤੀ ਸੁੱਖ ਸ਼ਾਂਤੀ ਦਾ ਅਹਿਸਾਸ ਕਰਵਾਉਂਦਾ ਹੋਵੇ ਪਰ ਸਮਾਜਿਕ ਪੱਧਰ 'ਤੇ ਇਸ ਦਾ ਰੋਲ ਨਾਂਹ-ਪੱਖੀ ਰਹਿੰਦਾ ਹੈ। ਆਮ ਪ੍ਰਚਲਤ ਸੂਝ ਦੇ ਉਲਟ ਇਹ ਸਮਾਜ ਵਿਚਲੇ ਵੱਖ ਵੱਖ ਹਿੱਸਿਆਂ ਨੂੰ ਜੋੜਦਾ ਨਹੀਂ ਸਗੋਂ ਤੋੜਦਾ ਹੈ। ਧਰਮ ਤੇ ਰੱਬ ਦੀ ਆੜ ਥੱਲੇ ਜਿਸ ਤਰ੍ਹਾਂ ਅਨੇਕਾਂ ਚਾਤਰ ਆਮ ਲੋਕਾਂ ਨੂੰ ਭਰਮਾਂ, ਭੁਲੇਖਿਆਂ ਵਿਚ ਪਾ ਕੇ ਉਨ੍ਹਾਂ ਦਾ ਆਰਥਿਕ ਤੇ ਕਾਮਿਕ ਸ਼ੋਸ਼ਣ ਕਰਦੇ ਹਨ ਉਹ ਕਿਸੇ ਵੀ ਸਮਾਜ ਲਈ ਫਿਕਰ ਵਾਲੀ ਗੱਲ ਹੋਣੀ ਚਾਹੀਦੀ ਹੈ। ਪੰਜਾਬੀ ਸਮਾਜ ਲਈ ਅਜੋਕੇ ਸਮੇਂ ਇਹ ਗੱਲ ਵਿਸ਼ੇਸ਼ ਤੌਰ 'ਤੇ ਫਿਕਰ ਕਰਨ ਵਾਲੀ ਹੈ। ਪੰਜਾਬੀ ਅਖਬਾਰਾਂ ਦਾ ਬਹੁਤਾ ਹਿੱਸਾ ਔਲਾਦ ਬਖਸ਼ਣ ਵਾਲੇ ਜਾਂ ਹਰ ਸਮੱਸਿਆ ਦਾ ਸ਼ਰਤੀਆ ਇਲਾਜ ਕਰਨ ਵਾਲੇ ਜੋਤਸ਼ੀਆਂ, ਪੀਰਾਂ, ਗੁਰੂਆਂ ਦੇ ਇਸ਼ਤਿਹਾਰਾਂ ਨਾਲ ਭਰਿਆ ਹੁੰਦਾ ਹੈ।

ਇਕ ਖੁੱਲੀਆਂ ਅੱਖਾਂ ਵਾਲੇ ਚੇਤਨ ਵਿਅਕਤੀ ਤੇ ਖਾਸਕਰ ਲੇਖਕ ਦੀ ਕੀ ਅਜਿਹੇ ਸਮੇਂ ਕੋਈ ਜ਼ਿੰਮੇਵਾਰੀ ਹੈ? ਕੀ ਆਮ ਵਿਅਕਤੀ ਵਾਂਗ ਇਕ ਲੇਖਕ ਤੇ ਚਿੰਤਕ ਵੀ ਦੂਜੇ ਲੋਕਾਂ ਵਿਚ ਪਿਆਰੇ ਸਤਿਕਾਰੇ ਜਾਣ ਲਈ ਆਪਣੇ ਅੰਦਰ ਦੀ ਆਵਾਜ਼ ਨੂੰ ਜਾਂ ਜਾਣੀ ਜਾਂਦੀ ਸਚਾਈ ਨੂੰ ਦਬਾ ਰੱਖੇ? ਜਾਹਨ ਸਟੂਰਟ ਮਿੱਲ ਨੇ ਉੱਨੀਵੀਂ ਸਦੀ ਦੇ ਅੱਧ ਵਿਚ ਆਪਣੇ ਦੇਸਵਾਸੀਆਂ ਨੂੰ ਸੱਦਾ ਦਿੱਤਾ ਸੀ:

> *"ਉਨ੍ਹਾਂ ਸਾਰੇ ਵਿਅਕਤੀਆਂ ਦਾ ਫਰਜ਼ ਬਣਦਾ ਹੈ ਜਿਹੜੇ ਸੂਝ ਰੱਖਦੇ ਹੋਣ, ਅਤੇ ਬਾਲਗਾਂ ਵਾਲੇ ਵਿਚਾਰ ਵਟਾਂਦਰੇ ਤੋਂ ਬਾਅਦ ਆਪਣੀ ਤਸੱਲੀ ਕਰ ਚੁੱਕੇ ਹੋਣ ਕਿ ਮੌਜੂਦਾ ਰਾਵਾਂ ਸਿਰਫ ਝੂਠੀਆਂ ਹੀ ਨਹੀਂ ਸਗੋਂ ਨੁਕਸਾਨਦੇਹ ਵੀ ਹਨ, ਖਾਸ ਕਰਕੇ ਧਰਮ ਦੇ ਸਬੰਧ ਵਿਚ, ਹੁਣ ਸਮਾਂ ਆ ਗਿਆ ਹੈ ਕਿ ਉਹ ਦੱਸ ਦੇਣ ਕਿ ਉਹ ਧਰਮ ਨੂੰ ਛੱਡ ਚੁੱਕੇ ਹਨ।"*

ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਪੰਜਾਬੀ ਵਿਚ ਬਹੁਤ ਸਾਰਾ ਅਜਿਹਾ ਸਾਹਿਤ ਛਪਿਆ ਹੈ, ਵਿਸ਼ੇਸ਼ ਕਰਕੇ ਤਰਕਸ਼ੀਲ ਲਹਿਰ ਵਲੋਂ, ਜਿਸ ਦੇ ਅਧਿਅਨ ਨਾਲ ਸਮਾਜ ਨੂੰ ਤਰਕਵਾਦੀ ਲੀਹਾਂ 'ਤੇ ਤੋਰਿਆ ਜਾ ਸਕਦਾ ਹੈ। ਧਰਮ ਤੇ ਰੱਬ ਵਿਚ ਵਿਸ਼ਵਾਸ ਨਾਲ ਸਬੰਧਤ ਬੇਸ਼ੁਮਾਰ ਮਸਲੇ ਹਨ ਜਿਹੜੇ ਵਿਚਾਰ ਅਧੀਨ ਲਿਆਂਦੇ ਜਾਣੇ ਚਾਹੀਦੇ ਹਨ: ਧਰਮ ਤੇ ਰੱਬ ਦੇ ਨਾਂਅ 'ਤੇ ਹੁਣ ਤੱਕ ਹੋਈ ਮਨੁੱਖੀ ਤਬਾਹੀ; ਧਰਮ ਤੇ ਸਿਆਸਤ ਦੀ ਨੇੜਤਾ ਅਤੇ ਇਸ ਤੋਂ ਪੈਦਾ ਹੋਣ ਵਾਲੇ ਮਾੜੇ ਅਸਰ; ਅਜੋਕਾ ਤਕਨੀਕੀ ਯੁੱਗ ਅਤੇ ਧਰਮ; ਧਰਮ ਤੇ ਵਿਗਿਆਨਕ ਪਹੁੰਚ; ਪੂੰਜੀਵਾਦੀ ਢਾਂਚੇ ਵਲੋਂ ਧਰਮ ਦੀ ਵਰਤੋਂ ਅਤੇ ਇਸ ਦੇ ਫੈਲਾਅ ਵਿਚ ਮੱਦਦ; ਧਾਰਮਿਕ ਗਤੀਵਿਧੀਆਂ ਵਿਚ ਨਸ਼ਟ ਹੋ ਰਿਹਾ ਸਮਾਂ ਤੇ ਸ਼ਕਤੀ; ਧਰਮ ਦੇ ਨਾਂਅ 'ਤੇ ਹੁੰਦੇ ਦੰਗੇ; ਧਰਮ ਤੇ ਜਾਤ ਪਾਤ; ਬੱਚੇ ਤੇ ਧਾਰਮਿਕ ਸਿੱਖਿਆ; ਪੰਜਾਬੀਆਂ ਦੀ ਬੌਧਿਕ ਗਰੀਬੀ; ਧਾਰਮਿਕ ਪ੍ਰਚਾਰ ਦੀ ਭਰਮਾਰ ਦੇ ਬਾਵਜੂਦ ਸਦਾਚਾਰਕ ਪੱਖੋਂ ਕੰਗਾਲੀ ... ਆਦਿ।

ਪੰਜਾਬੀ ਸਮਾਜ ਵਿਚਲੇ ਰੌਸ਼ਨ-ਦਿਮਾਗ ਲੋਕਾਂ ਕੋਲੋਂ ਵੀ ਸਮਾਂ ਇਸ ਵੇਲੇ ਮੰਗ ਕਰ ਰਿਹਾ ਹੈ ਕਿ ਉਹ ਆਪਣੇ ਸਮਾਜ ਨੂੰ ਪਿਛਲੀਆਂ ਸਦੀਆਂ ਦੇ ਹਨੇਰਿਆਂ ਵਿੱਚੋਂ ਕੱਢ ਕੇ ਇੱਕੀਵੀਂ ਸਦੀ ਵਿਚ ਲਿਆਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ। ●

## ਨੋਟ:

1. ਇਸ ਸ਼ਬਦ ਦਾ ਸਬੰਧ ਵੇਦਾਂ ਨਾਲ ਹੈ। ਕਿਸੇ ਸਮੇਂ ਵੇਦਾਂ ਨੂੰ ਮੰਨਣ ਵਾਲੇ ਆਸਿਤਕ ਕਹਾਉਂਦੇ ਸਨ ਤੇ ਨਾ ਮੰਨਣ ਵਾਲੇ ਨਾਸਤਿਕ। ਰੱਬ ਨੂੰ ਮੰਨਣ ਜਾਂ ਨਾ ਮੰਨਣ ਦੇ ਸਬੰਧ ਵਿਚ ਇਸ਼ਵਰਵਾਦ ਤੇ ਨਿਰਇਸ਼ਵਰਵਾਦ ਜਾਂ ਏਹੋ ਜਿਹੇ ਹੋਰ ਸ਼ਬਦ ਵੀ ਸਮੇਂ ਸਮੇਂ ਪ੍ਰਚਲਤ ਰਹੇ ਹਨ। ਅਜੋਕੇ ਸਮੇਂ ਰੱਬ ਦੀ ਹੋਂਦ ਤੋਂ ਇਨਕਾਰ ਕਰਨ ਵਾਲੇ ਵਾਸਤੇ ਨਾਸਤਿਕ ਸ਼ਬਦ ਹੀ ਸਭ ਤੋਂ ਵੱਧ ਵਰਤਿਆ ਜਾਂਦਾ ਹੈ।

2. Debiprasad Chattopadhyaya, Indian Atheism, p. 29

3. ਬਹੁਤ ਸਾਰੇ ਅਜਿਹੇ ਲੋਕ ਹਨ ਜੋ ਚਾਹੁੰਦੇ ਹਨ ਕਿ ਕਿਸੇ ਤਰ੍ਹਾਂ ਉਹ ਭਗਤ ਸਿੰਘ ਦੇ ਰੱਬ ਸਬੰਧੀ ਵਿਚਾਰਾਂ ਨੂੰ ਲੋਕਾਂ ਦੇ ਚੇਤੇ 'ਚੋਂ ਮਨਫੀ ਕਰ ਦੇਣ। ਇਸੇ ਮਕਸਦ ਨਾਲ ਉਸ ਦੇ ਇਨ੍ਹਾਂ ਵਿਚਾਰਾਂ ਬਾਰੇ ਕਈ ਕਿਸਮ ਦੇ ਭੁਲੇਖੇ ਲਗਾਤਾਰ ਪਾਏ ਜਾਂਦੇ ਹਨ। ਇਹ ਗੱਲ ਅਕਸਰ ਕਿਸੇ ਨਾ ਕਿਸੇ ਧਾਰਮਿਕ ਵਿਅਕਤੀ ਜਾਂ ਅਦਾਰੇ ਵਲੋਂ ਉਠਾ ਲਈ ਜਾਂਦੀ ਹੈ ਕਿ ਭਾਈ ਰਣਧੀਰ ਸਿੰਘ ਦੇ ਕਹਿਣ 'ਤੇ ਆਪਣੇ ਅਖੀਰਲੇ ਦਿਨਾਂ ਵਿਚ ਭਗਤ ਸਿੰਘ ਨੇ ਮੁੜ ਸਿੱਖ ਧਰਮ ਅਪਣਾ ਲਿਆ ਸੀ। ਹਿੰਦੂ ਭਾਈਚਾਰੇ ਵਿਚੋਂ ਕਦੇ ਕਦੇ ਇਹ ਆਵਾਜ਼ ਸੁਣਨ ਨੂੰ ਮਿਲਦੀ ਹੈ ਕਿ ਭਗਤ ਸਿੰਘ ਬਚਪਨ ਵਿਚ ਗੀਤਾ ਦਾ ਪਾਠ ਕਰਿਆ ਕਰਦਾ ਸੀ। ਏਥੋਂ ਤੱਕ ਕਿ ਖੱਬੀ ਸਿਆਸੀ ਸੋਚ ਵਾਲੇ ਲੋਕ ਵੀ ਭਗਤ ਸਿੰਘ ਦੇ ਨਾਸਤਿਕਤਾ ਬਾਰੇ ਨਜ਼ਰੀਏ ਨੂੰ ਸਿਆਸੀ ਪੱਖ ਤੋਂ ਖਤਰਨਾਕ ਸਮਝਦੇ ਹਨ ਅਤੇ ਵਾਹ ਲੱਗਦੀ ਨੂੰ ਇਸ ਬਾਰੇ ਚੁੱਪ ਸਾਧੀ ਰੱਖਦੇ ਹਨ।

4. ਪੰਜਾਬ ਵਿਚ ਖੱਬੀ ਧਿਰ ਨਾਲ ਸਬੰਧਤ ਲੇਖਕਾਂ ਤੇ ਖਾਸ ਕਰ ਪਿਛਲੇ ਕੁਝ ਦਹਾਕਿਆਂ ਤੋਂ ਤਰਕਸ਼ੀਲ ਲਹਿਰ ਨਾਲ ਸਬੰਧਤ ਬਹੁਤ ਸਾਰੇ ਲੋਕਾਂ ਨੇ ਰੱਬ ਤੇ ਧਰਮ ਨਾਲ ਸਬੰਧਤ ਵਿਸ਼ਿਆ ਬਾਰੇ ਬਹੁਤ ਕੁਝ ਲਿਖਿਆ ਵੀ ਹੈ ਤੇ ਲੋਕਾਂ ਵਿਚ ਇਸ ਸਬੰਧੀ ਚੇਤਨਾ ਲਿਆਉਣ ਲਈ ਸਰਗਰਮੀ ਨਾਲ ਕੰਮ ਵੀ ਕੀਤਾ ਹੈ। ਏਸੇ ਤਰ੍ਹਾਂ ਦਲਿਤ ਲਹਿਰ ਨਾਲ ਸਬਧੰਤ ਵੀ ਕੁਝ ਲੋਕ ਇਸ ਪਾਸੇ ਯਤਨਸ਼ੀਲ ਹਨ।

5. Bertrand Russel - the Portable Atheist - p.183

ਲੇਖ

### ਅਸਲ ਲੋਕ ਕਵੀ

# ਸੰਤ ਰਾਮ ਉਦਾਸੀ

## ਸੁਖਦੇਵ ਸਿੱਧੂ

ਉਦਾਸੀ ਮਾਲਵੇ ਦੇ ਜੰਗਲ਼ ਦਾ ਸੀ, ਅਸੀਂ ਅੰਬੀਆਂ ਵਾਲੇ ਦੇਸ ਦੁਆਬੇ ਦੇ। ਇਹ ਸਾਰੇ ਪੰਜਾਬ 'ਚ ਘੁੰਮਿਆਂ-ਫਿਰਿਆ ਸੀ। ਪੰਜਾਬ ਤੋਂ ਬਾਹਰ ਵੀ। ਨਕਸਲਬਾੜੀ ਲਹਿਰ ਸਦਕਾ, ਇਹਦਾ ਨਾਂ ਪੂਰਾ ਚਮਕਿਆ ਹੋਇਆ ਸੀ। ਲਹਿਰ ਮੱਠੀ ਪਈ ਤੋਂ ਵੀ ਇਹਦੀ ਕਵਿਤਾ ਦੀ ਭੱਲ ਬਣੀ ਰਹੀ। ਲਹਿਰ ਦੇ ਨਾਮੀ ਸ਼ਾਇਰਾਂ 'ਚ ਇਹਦਾ ਨਾਂ ਸੀ। ਤੱਟਫੱਟ ਸਮਝ ਆਉਣ ਵਾਲੀ ਸ਼ਾਇਰੀ ਕਰਕੇ ਇਹਦੀ ਪੂਰੀ ਚੜ੍ਹਾਈ ਸੀ। ਕਵਿਤਾ ਚ ਲੈਅ ਵੀ ਸੀ ਤੇ ਉੱਤੋਂ ਇਹਦੀ ਪੰਚਮ ਸੁਰ ਵੀ ਜੋਸ਼ ਭਰ ਦਿੰਦੀ ਸੀ। ਜਦ ਇਹ ਆਪ ਗਾਉਂਦਾ, ਤਾਂ ਠੁੱਕ ਬੰਨ੍ਹ ਦਿੰਦਾ। ਕੀਲ ਕੇ ਬਿਠਾ ਲੈਣ ਦੀ ਇਹਦੀ ਗੱਲ ਮਸ਼ਹੂਰ ਸੀ। ਇਨਕਲਾਬ ਨੂੰ ਉਡੀਕ-ਉਡੀਕ ਅੱਕੇ ਹੋਏ ਕਾਹਲ਼ਿਆਂ ਲਈ ਇਹ ਹੋਰ ਗਰਮਾਇਸ਼ ਪੈਦਾ ਕਰ ਦਿੰਦਾ ਸੀ। ਇਹੋ ਇਹਦਾ ਮਕਸਦ ਸੀ। ਉਦਾਸੀ ਕਲਾ ਵਾਸਤੇ ਕਲਾ ਦਾ ਹਾਮੀ ਨਹੀਂ ਸੀ। ਮੰਗ ਤਾਂ ਭਾਵੇ ਹੋਰਾਂ ਦੀ ਵੀ ਬਥੇਰੀ ਸੀ। ਪਰ ਉਦਾਸੀ ਦੀ ਵਧੇਰੇ ਸੀ। ਜਿੱਥੇ ਇਹ ਜਾਂਦਾ, ਲੋਕਾਂ ਵਹੀਰਾਂ ਘੱਤ ਓਥੇ ਹੀ ਇਹਨੂੰ ਸੁਣਨ ਪਹੁੰਚ ਜਾਂਦੇ।

ਪੰਜਾਬ ਰਹਿੰਦਿਆਂ ਮੈਂ ਇਹਨੂੰ ਮਿਲ਼ਿਆ ਨਹੀਂ ਸੀ। ਸਿਰਫ਼ ਦੋ ਵਾਰੀ ਹੀ ਦੇਖਿਆ-ਸੁਣਿਆ ਸੀ।ਦੋਵੇਂ ਵਾਰ ਟੀਚਰਾਂ ਦੇ ਮੁਜ਼ਾਹਰਿਆਂ 'ਤੇ। ਇਕ ਵਾਰੀ ਚੰਡੀਗੜ੍ਹ ਤੇ ਦੂਜੀ ਵਾਰੀ ਨਵੇਂ ਸ਼ਹਿਰ। ਮੈਂ ਆਪ ਤਾਂ ਟੀਚਰ ਨਹੀਂ ਸੀ, ਨਾਂ ਹੀ ਜੱਥੇਬੰਦੀ ਦਾ ਮੈਂਬਰ; ਪਰ ਮੇਰੇ ਪਿੰਡ ਦੇ ਸਕੂਲੇ ਨਵੇਂ-ਨਵੇਂ ਮਾਸਟਰ ਆਏ ਸੀ। ਚੜ੍ਹਦੀ ਮਾਲੀ ਸੱਜਦੇ ਫਬਦੇ ਜੁਆਨ ਮਾਸਟਰਾਂ ਦੀਆਂ ਦੋ ਟੋਲੀਆਂ। ਉਨ੍ਹਾਂ 'ਚ ਕੁਛ ਸਟੇਟ ਲੈਵਲ ਦੇ ਵਧੀਆ ਖਿਡਾਰੀ ਸੀ, ਕੁਛ ਖੱਬੀ ਸੁਰ ਵਾਲੇ ਸੋਚਵਾਨ ਵੀ ਸੀ। ਇਨ੍ਹਾਂ ਮਾਸਟਰਾਂ ਨਾਲ਼ ਮੇਰਾ ਨੇੜ ਹੋ ਜਾਣਾ ਬੜਾ ਸੁਭਾਵਕ ਹੀ ਸੀ। ਅਸੀਂ ਰਲ਼ ਕੇ ਸਿਆਸੀ ਪਰਚੇ ਵੀ ਪੜ੍ਹਦੇ। ਮੈਂ ਉਨ੍ਹਾਂ ਨਾਲ਼ ਹੀ ਟਰੱਕਾਂ 'ਤੇ ਬਹਿ ਕੇ ਮੁਜ਼ਾਹਰਿਆਂ 'ਤੇ ਚਲੇ ਜਾਂਦਾ ਸੀ।

ਉਦਾਸੀ ਨੇ ਪਹਿਲਾਂ ਸਾਫ਼ ਸੁੱਥਰੇ ਗੀਤ ਲਿਖੇ। ਬਾਅਦ ਚ ਚੱਕਵੇਂ ਗੀਤ ਗਾ ਕੇ ਦਿਲ ਲੁੱਟ ਲੈਂਦਾ ਸੀ। ਏਸੇ ਕਰਕੇ ਇਹਦਾ ਨਾਂ ਵੱਡਾ ਸੀ। ਇਹਨੂੰ ਦੇਖ ਕੇ ਲੱਗਦਾ ਸੀ ਜਿਵੇਂ ਇਹ ਹਵਾ ਚ ਤੁਰਿਆ-ਫਿਰਦਾ ਸੀ। ਇਹਦੇ ਪਾਠਕ ਸਰੋਤੇ ਆਪ ਵੀ ਤਾਂ ਇਨਕਲਾਬੀ ਤਾਅ 'ਚ ਤਪੇ ਹੋਏ ਸੀ। ਲੋਹਾ ਗਰਮ ਸੀ ਉਦਾਸੀ ਦੇ ਗੀਤ ਬਰਾਬਰ ਸੱਟ ਮਾਰੀ ਜਾਂਦੇ ਸੀ:

ਦਬਾ ਦਬ ਚਲ ਮੇਰੇ ਬੈਲਾਂ ਦੀਏ ਜੋੜੀਏ ਨੀ,
ਬੀਜਣੇ ਨੇ ਅਸੀਂ ਹਥਿਆਰ।
ਮੁੜ੍ਹਕੇ ਦਾ ਵੱਤਰ ਮੈਂ ਮਸਾਂ ਹੈ ਸੰਭਾਲ਼ਿਆ ਨੀ,
ਪਵੇ ਨਾ ਚੌਮਾਸਿਆਂ ਦੀ ਮਾਰ।

ਉਦਾਸੀ ਦੀ ਕਵਿਤਾ ਕਿਰਤੀ ਵਰਗ ਨੂੰ ਹਲੂਣਾ ਦਿੰਦੀ ਸੀ। ਇਹਦੇ ਗੀਤ ਲੋਕਾਂ ਨੂੰ ਉਦਾਸ ਨਹੀਂ ਕਰਦੇ; ਉੱਠ ਕੇ ਹਿੰਮਤ ਕਰਨ ਲਈ ਉਕਸਾਉਂਦੇ:

ਲੋਕੋ ਬਾਜ ਆ ਜਾਓ ਝੂਠੇ ਲੀਡਰਾਂ ਤੋਂ,
ਏਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣਾ।
ਏਨਾਂ ਦੇਸ਼ ਦਾ ਕੁਝ ਵੀ ਛੱਡਿਆ ਨਹੀਂ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣਾ।
ਏਹਨਾਂ ਰੱਜ ਕੇ ਸਾਡੇ ਅਰਮਾਨ ਖੋਹੇ,
ਰਤਾ ਹੱਥ ਵੀ ਇਹਨਾਂ ਦਾ ਰੁੱਕਿਆ ਨਾ।
ਬਾਹਾਂ ਚੁੱਕ ਕੇ ਅਸੀਂ ਜਦ ਹੱਕ ਮੰਗੇ,
ਇਹਨਾਂ ਸਾਡਿਆਂ ਹੱਥਾਂ ਤੇ ਥੁੱਕਿਆ ਨਾ।

ਉਦਾਸੀ ਦੀ ਸ਼ਾਇਰੀ ਨੂੰ ਸਿੱਖੀ ਦੀ ਪਾਣ ਵੀ ਚੜ੍ਹੀ ਹੋਈ ਸੀ। ਇਹਦਾ ਪਰਿਵਾਰ ਨਾਮਧਾਰੀ ਲਹਿਰ ਦਾ ਪੈਰੋਕਾਰ ਸੀ। ਇਹਦੀਆਂ ਪਹਿਲ ਉਮਰ ਦੀਆਂ ਕਵਿਤਾਵਾਂ ਨਿਰੋਲ ਧਾਰਮਿਕ ਜਾਂ ਨਾਮਧਾਰੀ ਰੰਗ ਦੀਆਂ ਹੀ ਨੇ। ਬੰਦਾ ਅਪਣੇ ਪਿੱਛੇ ਨਾਲ਼ੋਂ ਟੁੱਟਦਾ-ਟੁੱਟਦਾ ਹੀ ਟੁੱਟ ਸਕਦਾ ਹੁੰਦਾ। ਨਾਮਧਾਰੀ ਸਤਿਗੁਰੂ ਦੀ ਮਹਿਮਾ ਵਾਲ਼ੀ ਇਹਦੀ ਸ਼ਾਇਰੀ ਵੀ ਮਿਲਦੀ ਹੈ। ਇਹ ਚੜ੍ਹਦੀ ਉਮਰ ਦੀਆਂ ਗੱਲਾਂ ਸੀ। ਫਿਰ ਇਹਨੇ ਦੇਸ-ਭਗਤੀ ਦੇ ਗੀਤ ਵੀ ਲਿਖੇ। ਇਹ ਹੈਰਾਨੀ ਦੀ ਗੱਲ ਨਹੀਂ ਕਿ 60-61 ਚ ਹੀ ਲੋਕ ਰੰਗ ਦੇ ਸਾਹਿਤਕ ਗੀਤ ਰੇਡੀਓ ਸਟੇਸ਼ਨ ਤੇ ਵੀ ਗਾ ਆਇਆ ਸੀ। ਵੰਨਗੀ ਦੇਖੋ:

ਜਦ ਤਕ ਪੰਜ ਦਰਿਆ ਨਾ ਥੰਮ੍ਹਣ,
ਵਗਦਾ ਰਹੇ ਤੇਰਾ ਖੂਹ ਮਿੱਤਰਾ

ਵਧੇਂ ਫੁੱਲੇਂ ਤੇ ਮਾਣੇ ਜੁਆਨੀ,
ਵਸਦੀ ਰਹੇ ਤੇਰੀ ਰੂਹ ਮਿੱਤਰਾ।

ਅਤੇ

ਬਾਜਰੇ ਦਾ ਸਿੱਟਾ ਉੱਤੇ ਬੂਰ ਚਿੱਟਾ ਚਿੱਟਾ,
ਵਿਚ ਪੈਂਦਾ ਜਾਂਦਾ ਦਾਣਾ ਏ।
ਬਾਜਰੇ ਦਾ ਦਾਣਾ ਦਾਣਾ,
ਮੋਤੀ ਬਣ ਜਾਣਾ ਏ।

ਏਦੂੰ ਮਗਰਲੀ ਸਾਰੀ ਦੀ ਸਾਰੀ ਕਵਿਤਾ ਆਮ ਨਿਮਨ ਬੰਦੇ - ਮਜ਼ਦੂਰ ਕਿਸਾਨ- ਦੇ ਦੁੱਖਾਂ ਦੀ ਕਵਿਤਾ ਸੀ। ਜੱਟ-ਸੀਰੀ ਦਾ ਦੁੱਖ। ਗ਼ੁਰਬਤ ਦੇ ਮਾਰੇ ਦਰੜੇ ਕਾਮਿਆਂ ਦੇ ਹਾਲ ਬਿਆਨ ਕਰਕੇ ਉਦਾਸੀ ਨੇ ਅਜਿਹੇ ਇਸ਼ਤਿਆਰੇ ਪਹਿਲੀ ਵਾਰ ਸਾਹਿਤ ’ਚ ਲਿਆਂਦੇ: ਦੰਦ ਕਰੇੜੇ, ਚੁੰਨ੍ਹੀਆਂ ਅੱਖਾਂ, ਖਾਲੀ ਖੀਸੇ ਜੇਬਾਂ, ਗਲ਼ ਚੀਥੜੇ, ਕੰਮੀਆਂ ਦੀ ਜੀਤੋ, ਭੁੱਖੀ ਪਤਨੀ ਨੂੰ ਉਤਰੇ ਨਾ ਦੁੱਧ, ਮੁੜਕੇ ਦਾ ਮੋਹ, ਸੀਰੀ ’ਤੇ ਤੜੀ, ਗ਼ਮਾਂ ਦੀ ਪੰਡ। ਇਸੇ ਤਰ੍ਹਾਂ ਸਿੱਖ ਇਤਿਹਾਸ ’ਚੋਂ ਵੀ ਬਿੰਬ ਲਏ, ਜਿਹਦੇ ਕਰਕੇ ਉਦਾਸੀ ’ਤੇ ਸਿੱਖ ਉਲਾਰੂ ਹੋਣ ਦਾ ਫਤਵਾ ਵੀ ਲੱਗਦਾ ਰਿਹਾ। ਉਦਾਸੀ ’ਤੇ, ਜਾਂ ਕਿਸੇ ਹੋਰ ’ਤੇ, ਵੀ ਸਿੱਖ ਪਰਿਵਾਰ ’ਚੋਂ ਆਉਣ ਕਰਕੇ ਮੁੱਢਲੇ ਸੰਸਕਾਰਾਂ ਦਾ ਅਸਰ ਹੋਣਾ ਹੀ ਸੀ। ਉਦਾਸੀ ਆਪ ਸਰਵਹਾਰਿਆਂ ’ਚੋ ਸੀ - ਦਲਿੱਤਾਂ ਭਾਈਚਾਰੇ ’ਚੋਂ। ਮਾਲਵੇ ਵੱਲ ਇਨ੍ਹਾਂ ਨੂੰ ਮਜ਼੍ਹਬੀ ਵੀ ਕਹਿੰਦੇ ਨੇ। ਪਾਸ਼ ਇਹਨੂੰ ਸ਼ੁੱਧ ਮਜ਼ਦੂਰ ਜਮਾਤ ਕਹਿੰਦਾ ਹੁੰਦਾ ਸੀ ਤੇ ਉਦਾਸੀ ਨੂੰ ਅਸਲ ਲੋਕ ਕਵੀ। ਉਦਾਸੀ, ਪਾਸ਼ ਤੇ ਕਈ ਹੋਰ ਨਾਂ ਵਾਲ਼ੇ ਪਹਿਲੀ ਵਾਰ ਅਮਰਜੀਤ ਚੰਦਨ ਦੇ ਅੰਡਰਗਰਾਊਂਡ ਪਰਚੇ ਦਸਤਾਵੇਜ਼ ’ਚ ਛਪੇ। ਫਿਰ ਤਾਂ ਜਾਣੋ ਇਹ ਸਾਰੇ ਇਕਦਮ ਛਾ ਹੀ ਗਏ ਸੀ; ਹੋਰ ਤਰ੍ਹਾਂ ਦੀਆਂ ਲਿਖਤਾਂ ਇਕਦਮ ਨਕਾਰ ਦਿੱਤੀਆਂ ਗਈਆਂ। ਥਾਂ-ਥਾਂ ਉਦਾਸੀ ਦੀਆਂ ਲਿਖਤਾਂ ’ਚੋਂ ਅਪਣੇ ਪਿਛੋਕੜ ਦੇ ਝਲਕਾਰੇ ਮਿਲ ਜਾਂਦੇ ਨੇ। ਸਿੱਖ ਇਤਿਹਾਸ ਦੇ ਹਵਾਲਿਆਂ ਨਾਲ ਉਦਾਸੀ ਗੱਲ ਤਾਂ ਇਨਕਲਾਬ ਦੀ ਹੀ ਕਰਦਾ ਸੀ। ਸਰਕਾਰਾਂ ਵੀ ਏਨੀਆਂ ਸਿੱਧਰੀਆਂ ਤਾਂ ਨਹੀਂ ਹੁੰਦੀਆਂ। ਪਰ ਇਹ ਲੁਕੋ ਵੀ ਨਹੀਂ ਸੀ ਰੱਖਦਾ। ਏਦੂੰ ਸਿੱਧੀ ਗੱਲ ਹੋਰ ਭਲਾ ਕੀ ਹੋ ਸਕਣੀ ਹੈ:

ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ ਨੂੰ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆ ਦੇ ਵਿਹੜੇ।
ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ,
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ।
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ,
ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ...

ਸੁਣਨ ਦੀ ਤਾਂਘ ਸੀ। ਨਾਲ਼ੇ ਇਹ ਲਾਟ ਮਘਦੀ ਰੱਖਣ ਦਾ ਵਸੀਲਾ ਵੀ ਸੀ। ਕਨੇਡੇ-ਅਮਰੀਕਾ-ਵਲੈਤ ਵਸਦੇ ਅੱਗੇ ਵਧੂਆਂ ਨੇ ਰਲ਼ ਕੇ ਉਦਾਸੀ ਨੂੰ ਸੱਦਣ ਦਾ ਪ੍ਰੋਗਰਾਮ ਬਣਾ ਲਿਆ। ਉਦਾਸੀ ਦੇ ਦੱਸਣ ਮੁਜਬ ਜਗਮੋਹਨ ਜੋਸ਼ੀ ਦੀਆਂ ਉਦਾਸੀ ਨੂੰ ਚਿੱਠੀਆਂ ਵੀ ਗਈਆਂ ਸੀ। ਇਹ ਆਪ ਓਦੋਂ ਜੇਲ੍ਹ ’ਚ ਸੀ। ਜਗਮੋਹਨ ਜੋਸ਼ੀ ਭਾਰਤੀ ਮਜ਼ਦੂਰ ਸਭਾ ਦਾ ਜਨਰਲ ਸਕੱਤਰ ਵੀ ਸੀ ਤੇ ਉਰਦੂ ਦਾ ਸ਼ਾਇਰ ਵੀ। ਜਦੋਂ ਤਾਈਂ ਉਦਾਸੀ ਆਇਆ ਜੋਸ਼ੀ ਆਪ ਨਾ ਰਿਹਾ। ਲੰਡਨ ’ਚ ਨਸਲਵਾਦ ਦੇ ਵਿਰੁੱਧ ਮੁਜ਼ਾਹਿਰੇ ਦੀ ਅਗਵਾਈ ਕਰਦਾ ਦਿਲ ਦੇ ਦੌਰੇ ਨਾਲ਼ ਪੂਰਾ ਹੋ ਗਿਆ ਸੀ।

ਉਦਾਸੀ 1979 ਚ ਇਪਾਨਾ (ਇੰਡੀਅਨ ਪੀਪਲਜ਼ ਐਸੋਸੀਏਸ਼ਨ ਆਫ ਨੌਰਥ ਅਮੈਰਿਕਾ) ਤੇ ਆਈ ਡਬਲਿਊ ਏ (ਇੰਡੀਅਨ ਵਰਕਰਜ਼ ਐਸੋਸੀਏਸ਼ਨ) ਦੇ ਸਾਂਝੇ ਸੱਦੇ ’ਤੇ ਆਇਆ। ਓਦੋਂ ਸਾਂਝੇ ਪ੍ਰੋਗਰਾਮ ਏਦਾਂ ਹੀ ਤੈਅ ਹੁੰਦੇ ਸੀ। ਪੰਜਾਬ ਤੋਂ ਆਉਣ ਵਾਲ਼ੇ ਕਲਾਕਾਰ, ਲੇਖਕ, ਸਿਆਸੀ ਕਾਰਕੁਨ ਪਹਿਲਾਂ ਕਨੇਡਾ-ਅਮਰੀਕਾ ਜਾਂਦੇ ਤੇ ਫਿਰ ਵਾਪਸੀ ’ਤੇ ਵਲੈਤ ਦਾ ਫੇਰਾ ਲੱਗਦਾ ਸੀ। ਉਦਾਸੀ ਦਾ ਪ੍ਰੋਗਰਾਮ ਵੀ ਏਦਾਂ ਹੀ ਬਣਿਆ। ਦਿੱਲੀਓਂ ਇਹ ਸਿੱਧਾ ਕਨੇਡੇ ਪਹੁੰਚ ਗਿਆ। ਇਹਨੇ ਓਥੇ ਜਾ ਕੇ ਬੜਾ ਠੁਕ ਬੰਨ੍ਹਿਆ ਸੀ। ਇਹਦੇ ਚਹੇਤੇ-ਪਾਠਕ ਓਥੇ ਵੀ ਬਥੇਰੇ ਸੀ। ਇਪਾਨਾ ਵਾਲ਼ਿਆਂ ਨੇ ਇਹਦੀ ਆਵਦੀ ਆਵਾਜ਼ ’ਚ ਤਵੇ ਵੀ ਭਰਾਏ ਸੀ। ਓਦੋਂ ਤਵੇ ਹੀ ਭਰਾਏ ਜਾਂਦੇ ਸੀ। ਅਜੇ ਵੀ ਸਾਨੂੰ ਲੋਕ ਪੁੱਛਦੇ ਰਹਿੰਦੇ ਨੇ ਕਿ ਉਦਾਸੀ ਦੇ ਗਾਏ ਗੀਤ ਕਿਤਿਓਂ ਮਿਲ ਸਕਦੇ ਨੇ।

ਵਲੈਤ ਆ ਕੇ ਇਹ ਥੋੜ੍ਹਾ-ਥੋੜ੍ਹਾ ਸਭ ਸ਼ਹਿਰੀਂ ਰਿਹਾ। ਬਹੁਤਾ ਚਿਰ ਸਾਡੇ ਕੋਲ਼ ਬੈਡਫ਼ਰਡ ਰਿਹਾ। ਜਿਸ ਸ਼ਹਿਰ ਵੀ ਪ੍ਰੋਗਰਾਮ ਹੋਣਾ, ਅਸੀਂ ਉਦਾਸੀ ਨੂੰ ਓਥੇ ਪਹੁੰਚਦਾ ਕਰ ਦੇਣਾ। ਬੈਡਫ਼ਰਡ ਦੀ ਬਰਾਂਚ ਯੰਗ (ਜੁਆਨਾਂ ਦੀ) ਬਰਾਂਚ ਮੰਨੀ ਜਾਂਦੀ ਸੀ। ਸਾਰੇ ਪੱਚੀਆਂ-ਪੱਚੀਆਂ ਤੀਹਾਂ-ਤੀਹਾਂ ਸਾਲਾਂ ਦੇ ਚੜ੍ਹਦੀ ਮਾਲੀ ਮੁੰਡੇ। ਕੰਮ ਕਰਨ ਨੂੰ ਵੀ ਧੱਕੜ। ਜਿਹੜੇ ਕੰਮ ਨੂੰ ਹੱਥ ਪਾਉਂਦੇ ਫ਼ਤਿਹ ਪਾ ਕੇ ਛੱਡਦੇ। ਉਦਾਸੀ ਕੰਨ ’ਤੇ ਹੱਥ ਰੱਖ ਕੇ ਉੱਚੀ ਹੇਕ ਲਾਉਂਦਾ। ਆਪ ਵੀ ਖ਼ੁਸ਼ ਗਾਹਕ ਵੀ ਖ਼ੁਸ਼। ਉਦੋਂ ਕੁ ਹੀ ਪ੍ਰਿਥੀਪਾਲ ਰੰਧਾਵੇ ਦਾ ਕਤਲ ਹੋਇਆ ਸੀ: ਲਹਿਰ ਦੇ ਹਮਾਇਤੀ ਵੀ ਅੰਬੇ ਹੋਏ ਸੀ। ਰੰਧਾਵੇ ਦੇ ਹਮਦਰਦ ਏਥੇ ਵੀ ਬਹੁਤ ਸੀ। ਲੋਕ ਹਿਰਖ ’ਚ ਵੀ ਸੀ ਤੇ ਉੱਤੋਂ ਉਦਾਸੀ ਨੇ ਜੋਸ਼ ਭਰੇ ਗੀਤ ਗਾਉਣੇ। ਬੜੇ ਵੱਡੇ-



ਵੱਡੇ ਕੱਠ ਹੋਏ। ਉਦਾਸੀ ਗਾਉਂਦਾ: ਜੱਟ ਤੇ ਸੀਰੀ ਦਾ ਹਾਲ, ਸਾਡਾ ਅੰਮੀਓਂ ਰਤਾ ਨਾ ਕਰੋ ਝੋਰਾ, ਮੇਰੇ ਮਿੱਤਰਾਂ ਨੂੰ, ਡੋਲੀ, ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼, ਕੰਮੀਆਂ ਦਾ ਵਿਹੜਾ, ਦੇਸ਼ ਹੈ ਪਿਆਰਾਂ ਸਾਨੂੰ, ਉੱਠਣ ਦਾ ਵੇਲਾ।

ਸਾਡੇ ਕੋਲ ਆ ਕੇ ਉਦਾਸੀ ਨੇ ਦੱਸਿਆ ਸੀ ਕਿ ਉਹ ਸਾਡੇ ਪਿੰਡਾਂ ਵੱਲ ਵੀ ਲੁਕ-ਲੁਕਾ ਕੇ ਵਿਚਰਦਾ ਰਿਹਾ ਸੀ। ਪਰਲੇ ਪਾਸਿਓਂ ਆ ਕੇ ਨਸੀਰੇਵਾਲਾ, ਕਿਸ਼ਨਪੁਰਾ, ਪੱਤੀ ਮੁਲਤਾਨੀ, ਤਰਫ ਕੋਟਲੀ, ਤਿਹਾੜਾ ਜਾਂ ਕੰਨੀਆਂ ਕੋਲੋਂ ਦੀ ਹੋ ਕੇ ਸਤਲੁਜ ਨੂੰ ਵੇਲੇ ਕੁਵੇਲੇ ਪਾਰ ਕਰਦੇ। ਫਿਰ ਏਧਰਲੇ ਪਿੰਡਾਂ ਚ ਵਿਚਰਦੇ, ਮੀਟਿੰਗਾਂ ਕਰ ਕਰਾ ਕੇ ਵਾਪਸ ਚਲੇ ਜਾਂਦੇ।

ਉਦਾਸੀ ਬਹੁਤਾ ਪਰੇਸ਼ਾਨ ਉਦੋਂ ਹੁੰਦਾ ਸੀ, ਜਦ ਕਿਸੇ ਸੰਗੀ-ਸਾਥੀ ਦਾ ਝੂਠੇ ਪੁਲਸ ਮੁਕਾਬਲੇ ਚ ਕਤਲ ਹੋ ਜਾਂਦਾ ਸੀ। ਸਾਰਾ ਜਹਾਨ ਜਾਣਦਾ ਸੀ ਕਿ ਮੁਕਾਬਲਾ-ਮਕੂਬਲਾ ਕੋਈ ਨਹੀਂ ਸੀ ਹੁੰਦਾ। ਬਹੁਤੇ ਸੰਗੀ ਸਾਥੀ ਤਾਂ ਅਣਜਾਣ ਹੀ ਫੜੇ ਜਾਂਦੇ ਸੀ ਜਾਂ ਮੁਖ਼ਬਰੀ ਕਾਰਣ ਪੁਲਸ ਦੇ ਅੜਿੱਕੇ ਆ ਜਾਂਦੇ ਸੀ ਜਾਂ ਫਿਰ ਜੁਆਨੀ ਦੇ ਜੋਸ਼ ਦੀ ਬੇਲੋੜੀ ਫੂਕ ਫੜਵਾ-ਮਰਵਾ ਦਿੰਦੀ ਸੀ। ਪੁਲਸ ਵੀ ਉਰ੍ਹੇ-ਪਰ੍ਹੇ ਕਰਕੇ ਮਾਰ ਦਿੰਦੀ ਸੀ। ਅਖ਼ਬਾਰਾਂ ਚ ਖ਼ਬਰ ਮੁਕਾਬਲੇ ਦੀ ਬਣਾ ਕੇ ਲਵਾ ਦਿੰਦੀ। ਬਹੁਤਾ ਇਹ ਉਦੋਂ ਤੜਫਦਾ ਸੀ ਜਦੋਂ ਅਪਣੇ ਹੀ ਜਾਂ ਅਪਣਿਆਂ ਨੂੰ ਮਾਰ ਦਿੰਦੇ ਸੀ ਜਾਂ ਕੁੱਟ ਤੋਂ ਡਰਦੇ ਬਕ ਪੈਂਦੇ ਸੀ। ਸਾਰਾ ਭੇਤ ਖੁੱਲ੍ਹ ਜਾਂਦਾ ਸੀ। ਲਗਦੇ ਹੱਥ ਹੋਰ ਸੰਗੀ-ਸਾਥੀ ਫੜੇ ਵੀ ਜਾਂਦੇ। ਪਰ ਇਹ ਏਸ ਪਾਸੇ ਤੁਰੇ ਰਹਿਣ ਦਾ ਅਹਿਦ ਕਰੀ ਰੱਖਦਾ ਹੈ:

ਸਾਡਾ ਅੰਮੀਓਂ ਜਰਾ ਨਾ ਕਰੋ ਝੋਰਾ,
ਸਾਨੂੰ ਜ਼ਿੰਦਗੀ ਸੁਰਖ਼ਰੂ ਕਰਨ ਦੇਵੇ।
ਅਸੀਂ ਜੰਮੇ ਹਾਂ ਹਉਕੇ ਦੀ ਲਾਟ ਵਿੱਚੋਂ,
ਸਾਨੂੰ ਸੇਕ ਜੁਦਾਈ ਦਾ ਜਰਨ ਦੇਵੋ।
ਸਾਡੇ ਸਿਰਾਂ ਉੱਤੇ ਨੇਹਚਾ ਰੱਖ ਬਾਪੂ,
ਨੰਗੀ ਹੋਣ ਨਾ ਦਿਆਂਗੇ ਕੰਡ ਤੇਰੀ।
ਤਿਪ ਤਿਪ ਜੁਆਨੀ ਦੀ ਡੋਹਲ ਕੇ ਵੀ,
ਹੌਲੀ ਕਰਾਂਗੇ ਗ਼ਮਾਂ ਦੀ ਪੰਡ ਤੇਰੀ।

ਵਰ ਕਿ ਸਰਾਪ ਕਵਿਤਾ ਵਿਚ ਉਦਾਸੀ ਦੱਸਦਾ ਹੈ ਕਿ ਜੇ ਉਹ ਕਿਸੇ ਸਰਦੇ-ਪੁੱਜਦੇ ਘਰ ਦਾ ਹੁੰਦਾ ਤਾਂ ਗੱਲ ਹੋਰ ਹੋਣੀ ਸੀ। ਜੇ ਉਹ ਸਰਕਾਰੀ ਧੂਤੂ ਹੁੰਦਾ ਤਾਂ ਵੀ ਕਈ ਨੇਹਮਤਾਂ ਉਤਰਨੀਆਂ ਸੀ। ਜੇ ਉਹ ਧਰਮ ਪ੍ਰਚਾਰ ਹੀ ਕਰਦਾ ਤਾਂ ਵੀ ਮਿਹਰਾਂ ਦੀਆਂ ਬਰਸਾਤਾਂ ਹੋਣੀਆਂ ਸੀ। ਪਰ ਉਹ ਲੋਕਾਂ ਦਾ ਦਰਦ ਬਿਆਨਦਾ ਹੈ; ਇਸੇ ਲਈ ਔਖਿਆਈਆਂ ਤਾਂ ਝੱਲਣੀਆਂ ਹੀ ਪੈਣੀਆ ਨੇ। ਉਦਾਸੀ ਨੂੰ ਇਸ ਗੱਲ ਦਾ ਖ਼ਿਆਲ ਸੀ ਕਿ ਇਹਨੇ ਰਸਤਾ ਔਖਾ ਚੁਣਿਆ ਹੈ। ਵਿਅੰਗ 'ਚ ਇਹ ਲਿਖਦਾ ਹੈ:

ਨਾਲੇ ਪਿੰਡ ਦੇ ਚੌਧਰੀ ਖ਼ੁਸ਼ ਰਹਿੰਦੇ,
ਕੀ ਕਹਿਣਾ ਸੀ ਨਾਲੇ ਸਰਕਾਰ ਮੈਨੂੰ।
ਤਿੰਨ ਬਾਂਦਰਾਂ ਦੇ ਮਹਾਂ ਕਾਵਿ ਲਿਖਕੇ,
ਹੁਣ ਨੂੰ ਕੋਈ ਕਿਤਾਬ ਛਪਵਾਈ ਹੁੰਦੀ।
ਜਿਹੜੀ ਆਪ ਵਿਕਦੀ ਆਪੇ ਵੇਚ ਲੈਂਦੇ,
ਰਹਿੰਦੀ ਵਿਚ ਸਕੂਲਾਂ ਲਗਵਾਈ ਹੁੰਦੀ।

ਸੰਤ ਰਾਮ ਉਦਾਸੀ ਦੇ ਜੀਂਦੇ-ਜੀਅ ਤਿੰਨ ਕਾਵਿ ਸੰਗ੍ਰਹਿ ਛਪੇ - ਲਹੂ ਭਿੱਜੇ ਬੋਲ (1972), ਸੈਨਤਾਂ (1977), ਚੌਨੁਕਰੀਆਂ ਸੀਖਾਂ (1978)। ਮਗਰੋਂ ਇਹਦੀ ਸਾਰੀ ਕਵਿਤਾ ਚੀ ਇਕ ਥਾਂ ਪ੍ਰਕਾਸ਼ਿਤ ਕਰ ਦਿੱਤੀ ਗਈ। ਪਹਿਲੀਆਂ ਕਿਤਾਬਾਂ ਦੇ ਤਿੰਨ-ਤਿੰਨ, ਚਾਰ ਚਾਰ ਐਡੀਸ਼ਨ ਵੀ ਛਪੇ।

ਉਦਾਸੀ ਪੈੱਗ ਦਾ ਸ਼ੌਕੀਨ ਸੀ। ਆਪਣੇ ਜੁਜ ਵਾਲਿਆਂ ਨਾਲ਼ ਰਲ਼ ਕੇ ਹੀ ਪੀਂਦਾ ਸੀ। ਪਰ ਵੱਤ 'ਚ ਰਹਿ ਕੇ। ਤਾਂ ਵੀ ਪੰਜਾਬ ਵਿਚ ਸ਼ਰਾਬ ਬਾਰੇ ਤੋਹਮਤਾਂ ਹੋਰ ਤਿੱਖੀਆਂ ਹੋ ਗਈਆਂ। ਅਸੀਂ ਇਹਨੂੰ ਕਦੇ ਪੀ ਕੇ ਖ਼ਰਾਬ ਹੁੰਦਾ ਨਹੀਂ ਦੇਖਿਆ। ਅਪਣੇ ਕਹਿੰਦੇ ਨੇ ਕਿ ਆਵਦਿਆਂ ਦੇ ਮਾਰੇ ਫੁੱਲਾਂ ਦਾ ਦੁੱਖ ਦੁਸ਼ਮਣਾਂ ਦੇ ਮਾਰੇ ਪੱਥਰਾਂ ਤੋਂ ਵੱਧ ਹੁੰਦਾ ਹੈ। ਉਦਾਸੀ ਕੋਲ ਸੀਮਿਤ ਸਰੋਤ ਸੀ ਤੇ ਜੱਥੇਬੰਦੀਆਂ ਚ ਸਰਗਰਮੀ ਕਾਰਣ ਆਰਥਿਕ ਬੋਝ ਵਧੀ ਜਾਂਦਾ ਸੀ। ਬੱਚੇ ਵੱਡੇ ਹੋ ਰਹੇ ਸੀ। ਟੱਬਰ ਦਾ ਖ਼ਰਚ ਵੀ ਫ਼ਿਕਰ ਸੀ। ਲਹਿਰ ਵੀ ਮੱਠੀ ਪੈ ਗਈ ਸੀ।

ਕਈਆਂ ਨੂੰ ਉਦਾਸੀ ਦੀ ਹਸਤੀ ਦਾ ਪਤਾ ਹੀ ਨਹੀਂ ਸੀ। ਪਹਿਲਾਂ ਦੇ ਬਣੇ ਸੰਸਕਾਰਾਂ ਦੀ ਅਪਣੀ ਥਾਂ ਸੀ। ਕਿਸੇ ਸਾਥੀ ਨੇ ਅਪਣੇ ਬਾਪ ਨੂੰ ਕਿਹਾ: ਉਦਾਸੀ ਦੇ ਗੀਤ ਸੁਣਨ ਚੱਲੇ ਆਂ ਤੂੰ ਵੀ ਜਾਣਾ ਤਾਂ ਚਲੇ ਚੱਲ। ਬਜ਼ੁਰਗ ਮੋੜ ਕੇ ਕਹਿੰਦਾ: ਇਨ੍ਹਾਂ ਨੂੰ ਕੀ ਪਤਾ ਕਿੱਦਾਂ ਗਾਈਦਾ। ਤੇ

ਜਦੋਂ ਉਦਾਸੀ ਨੂੰ ਗਾਂਉਂਦੇ ਨੂੰ ਸੁਣਿਆ, ਤਾਂ ਬਜ਼ੁਰਗ ਹੈਰਾਨ ਰਹਿ ਗਿਆ। ਉਦਾਸੀ ਦੀ ਲੰਮੀ ਦਰਦੀਲੀ ਹੇਕ ਨੇ ਉਹਨੂੰ ਮੋਹ ਲਿਆ ਸੀ। ਗੀਤਾਂ ਵਿਚਲੇ ਸਿੱਖ ਹਵਾਲਿਆਂ ਨੇ ਹੋਰ ਖਿੱਚਿਆ। ਉਹ ਉਦਾਸੀ ਦੇ ਬਲਿਹਾਰੇ ਜਾਣ ਲੱਗ ਪਿਆ।

ਭਾਰਤੀ ਮਜ਼ਦੂਰ ਸਭਾ ਦਾ ਪ੍ਰਧਾਨ ਤੇਜਾ ਸਿੰਘ ਸਹੋਤਾ ਇਹਦੀ ਮਾਰਕਸਜ਼ਿਮ ਬਾਰੇ ਸਮਝ ਪਰਖਣ ਲੱਗ ਪਿਆ। ਮਖੌਲ ਕਰਦਾ ਤੇਜਾ ਸਭ ਨਾਲ ਇਓਂ ਹੀ ਕਰਦਾ ਹੁੰਦਾ ਸੀ। ਉਦਾਸੀ ਨੂੰ ਛੇਤੀ ਪਤਾ ਲੱਗ ਗਿਆ ਕਿ ਵਿਚਲੀ ਗੱਲ ਕੀ ਆ। ਉਦਾਸੀ ਮੋਹਰਿਓਂ ਕਹਿੰਦਾ: ਦੇਖੋ ਹਿੰਦੋਸਤਾਨ ਦੇ ਅਸਲੀ ਬਸ਼ਿੰਦੇ ਅਸੀਂ ਆਂ। ਇਨਕਲਾਬ ਵੀ ਸਾਨੂੰ ਹੀ ਲਿਆਉਣਾ ਪੈਣਾ।

ਸਿੱਥੇ ਪ੍ਰੋਗਰਾਮ ਅਨੁਸਾਰ ਉਦਾਸੀ ਨੂੰ ਬੈਡਫਰਡ ਵਾਲੇ ਸਾਥੀ ਲੰਡਨ ਲੈ ਕੇ ਗਏ। ਗੱਲਾਂਬਾਤਾਂ ਹੁੰਦੀਆਂ ਗਈਆਂ। ਜਿਸ ਸਾਥੀ ਕੋਲ ਗਏ ਓਥੇ ਵੀ ਖ਼ੁਸ਼ੀ 'ਚ ਗੱਲਾਂ ਹੀ ਕਰਦੇ ਰਹੇ। ਕਿਸੇ ਨੂੰ ਵੀ ਨਾ ਸਮੇਂ ਦਾ ਤੇ ਨਾ ਹੀ ਖਾਣ ਪੀਣ ਦਾ ਧਿਆਨ ਰਿਹਾ। ਅਖ਼ੀਰ ਤੇ ਉਦਾਸੀ ਆਪ ਹੀ ਕਹਿੰਦਾ: ਮੈਨੂੰ ਸੁਪਰਮੈਨ ਨਾ ਸਮਝੋ, ਕੋਈ ਰੋਟੀ ਪਾਣੀ ਦਾ ਪ੍ਰੋਗਰਾਮ ਵੀ ਕਰੋ। ਜਦੋ ਰੋਟੀ ਪਾਣੀ ਦਾ ਬੰਦੋਬਸਤ ਹੋ ਰਿਹਾ ਸੀ, ਤਾਂ ਉਹਨੂੰ ਯਾਦ ਆ ਗਿਆ ਕਿ ਲੰਡਨ ਤਾਂ ਮਾਰਕਸ ਦੀ ਸਮਾਧ 'ਤੇ ਜਾਣ ਦਾ ਕਰਕੇ ਆਏ ਸੀ। ਕਹਿੰਦਾ: ਰੋਟੀ ਫਿਰ ਖਾਣੀ ਹੈ ਪਹਿਲਾਂ ਸਮਾਧ 'ਤੇ ਜਾਣਾ ਹੈ। ਕੁਵੇਲਾ ਹੋਣ ਦੇ ਬਾਵਜੂਦ ਵੀ ਸਾਰਾ ਦਿਨ ਰੋਟੀ ਨਾ ਖਾਧੀ। ਸਮਾਧ ਦੇ ਦੇਖ ਕੇ ਹੀ ਖਾਧੀ।



(ਬਲਦੇਵ ਕਲੇਰ, ਉਦਾਸੀ ਤੇ ਬਲਵੀਰ ਦੱਤ - ਲੰਡਨ)

ਉਦਾਸੀ ਦੇ ਮਨ ਚ ਨਵਾਂ ਜਾਣਨ ਦੀ ਪ੍ਰਬਲ ਚਾਹ ਸੀ। ਬੈਠਿਆਂ-ਬੈਠਿਆਂ ਤੋਂ ਕਹਿੰਦਾ: ਮੈਨੂੰ ਐਟਮ ਬਾਰੇ ਸਮਝਾਓ, ਇਹ ਕੀ ਹੁੰਦਾ? ਕਿੱਦਾਂ ਕੰਮ ਕਰਦਾ। ਪਿੰਡਾਂ ਵਾਲ਼ੇ ਅੱਧਪੜ੍ਹ ਕਾਮਰੇਡ ਆਪ ਏਨੀ ਜੋਗੇ ਨਹੀਂ ਸੀ। ਉਨ੍ਹਾਂ ਨੇ ਊਟ-ਪਟਾਂਗ ਜਵਾਬ ਦੇ ਕੇ ਹਾਸੇ ਠੱਠੇ ਚ ਉਦਾਸੀ ਦਾ ਮਜ਼ਾਕ ਉਡਾਇਆ। ਏਨਾ ਅਣਜਾਣ ਤਾਂ ਉਹ ਵੀ ਨਾ ਸੀ; ਉਹਨੂੰ ਪਤਾ ਲੱਗ ਗਿਆ। ਉਦਾਸੀ ਨੇ ਐਸਾ ਮੋੜਵਾਂ ਵਾਰ ਕੀਤਾ ਕਿ ਸਭ ਦੀਆ ਬੋਲਤੀਆਂ ਬੰਦ ਹੋ ਗਈਆਂ। ਸਾਰੇ ਹੈਰਾਨ ਰਹਿ ਗਏ ।

ਉਦਾਸੀ ਅਪਣੇ ਪਰਿਵਾਰ ਦੀਆਂ ਗੱਲਾਂ ਕਰਦਾ। ਧੀਆਂ ਪੁੱਤਾਂ ਦਾ ਦੱਸਦਾ। ਮਨੋਂ ਇਹ ਚਾਹੁੰਦਾ ਸੀ ਕਿ ਇਹਦੇ ਕਿਸੇ ਧੀ-ਪੁੱਤ ਦਾ ਰਿਸ਼ਤਾ ਬਾਹਰ ਹੋ ਜਾਏ। ਇਹ ਕੋਈ ਨਿਆਰੀ ਗੱਲ ਨਹੀਂ। ਸਾਰੇ ਏਦਾਂ ਹੀ ਚਾਹੁੰਦੇ ਹੁੰਦੇ ਆ। ਪਰ ਇਹਦੇ ਲਈ ਉਹਨੇ ਕੋਈ ਖ਼ਾਸ ਉਚੇਚ ਨਹੀਂ ਸੀ ਕੀਤੀ। ਏਦਾਂ ਗੱਲ ਬਣਨੀ ਵੀ ਕਿੱਥੇ ਸੀ; ਨਾ ਹੀ ਬਣੀ। ਇਹਦੀ ਮਾਲੀ ਹਾਲਤ ਪਤਲੀ ਸੀ। ਪਤਲੀ ਹੀ ਰਹਿਣੀ ਸੀ। ਪਤਲੀ ਹੀ ਰਹੀ। ਸੀਮਿਤ ਆਮਦਨ ਤੇ ਸੰਗੀਆਂ-ਸਾਥੀਆਂ ਦਾ ਆਉਣ ਜਾਣ। ਖਾਣ-ਪੀਣ ਸਾਰਾ ਬੋਝ ਹੀ ਸੀ। ਵਲੈਤ ਵਾਲ਼ੇ ਥੋੜ੍ਹੇ ਬਹੁਤ ਸੰਗੀ ਸਾਥੀ ਵੇਲੇ ਕੁਵੇਲੇ ਮਦਦ ਕਰ ਦਿੰਦੇ ਸੀ। ਉਦਾਸੀ ਨੇ ਆਪ ਕਦੇ ਕਿਸੇ ਤੋਂ ਮੰਗ ਨਹੀਂ ਕੀਤੀ।

ਸਾਡੇ ਸ਼ਹਿਰ ਵਾਲਾ ਪ੍ਰੋਗਰਾਮ ਸਾਰਿਆਂ ਤੋਂ ਅਖ਼ੀਰਲਾ ਸੀ। ਬੜਾ ਵੱਡਾ 'ਕੱਠ ਹੋਇਆ। ਹਾਲ ਤੂੜਿਆ ਹੋਇਆ ਸੀ। ਤਿਲ਼ ਸੁੱਟਣ ਨੂੰ ਥਾਂ ਨਹੀਂ ਸੀ। ਸ਼ਹਿਰ ਦੇ ਬਸ਼ਿੰਦਿਆਂ ਤੋਂ ਬਿਨਾਂ ਲਾਗੇ ਬੰਨੇ ਦੇ ਬੰਦੇ ਵੀ 'ਕੱਠੇ ਹੋਏ ਸੀ ਤੇ ਸਭ ਬਰਾਂਚਾਂ ਵਾਲੇ ਵੀ ਹਾਜ਼ਰ ਸੀ। ਓਦੋਂ ਤਕ ਪੂਰੀ ਵਲੈਤ 'ਚ ਉਦਾਸੀ ਦੀ ਖ਼ਬਰ ਧੁੰਮੀ ਹੋਈ ਸੀ। ਏਨਾ 'ਕੱਠ ਬਹੁਤ ਘੱਟ ਦੇਖਿਆ ਸੀ। ਅਸੀਂ ਵੀ ਖ਼ੁਸ਼ ਸੀ, ਉਦਾਸੀ ਵੀ ਉੱਡਿਆ ਫਿਰਦਾ ਸੀ। ਲੋਕਾਂ ਉਦਾਸੀ ਨੂੰ ਖ਼ੁਸ਼ ਹੋ ਕੇ ਬੜੇ ਪੈਸੇ ਦਿੱਤੇ। ਧੰਨਵਾਦ ਕਰਦਿਆਂ ਜਿੰਨੇ ਪੈਸੇ ਹੋਏ ਉਦਾਸੀ ਨੇ ਸਾਰੇ ਆਈ ਡਬਲਿਊ ਏ ਨੂੰ ਦੇ ਦਿੱਤੇ। ਹੋਰ ਬਰਾਂਚਾਂ ਵਾਲਿਆਂ ਵੀ ਤੋਹਫ਼ੇ ਦਿੱਤੇ। ਪਰ ਇਹ ਕੀ-ਕੀ ਲੈ ਜਾ ਸਕਦਾ ਸੀ। ਭਾਰ ਲਿਆਉਣ-ਲੈ ਜਾਣ ਦੇ ਹੱਦ ਬੰਨੇ ਹੁੰਦੇ ਨੇ। ਉਦਾਸੀ ਕਨੇਡੇ ਤੋਂ ਹੋ ਕੇ ਇੰਗਲੈਡ ਆਇਆ ਸੀ। ਓਥੋਂ ਵੀ ਸਾਥੀਆਂ ਨੇ ਮਾਣ ਕੀਤਾ ਸੀ।

ਵਾਪਿਸ ਗਏ ਤੋਂ ਵੀ ਕੁਝ ਚਿੱਠੀ-ਪੱਤਰ ਚਲਦਾ ਰਿਹਾ ਸੀ। ਏਧਰੋਂ ਕੋਈ ਜਾਂਦਾ, ਤਾਂ ਮੇਲ਼-ਮਿਲਾਪ ਹੁੰਦਾ ਰਿਹਾ। ਹੌਲ਼ੀ-ਹੌਲ਼ੀ ਰੁਝੇਵਿਆਂ ਨਮਿੱਤ ਇਹ ਘਟਦਾ-ਘਟਦਾ ਘਟ ਵੀ ਗਿਆ। ਉਦਾਸੀ ਵੀ ਹੋਰਾਂ ਬਹੁਤਿਆਂ ਵਾਂਗ ਅਖੀਰਲੇ ਦਿਨਾਂ 'ਚ ਉਦਾਸ ਸੀ। ਕੁੰਠਾ ਪ੍ਰਬਲ ਹੋ ਰਹੀ ਸੀ- ਹੋਣੀ ਸੀ। ਆਉਂਦਾ-ਆਉਂਦਾ ਦਿਸਦਾ ਇਨਕਲਾਬ ਫਿਰ ਤਿਲਕ ਗਿਆ ਸੀ। ਇਨਕਲਾਬ ਦਾ ਭਰਮ ਨੰਗਾ ਹੋ ਗਿਆ ਸੀ। ਹੁਣ ਕੀ ਕੀਤਾ ਜਾ ਸਕਦਾ ਸੀ। ਵੱਡੇ-ਵੱਡੇ ਦਮਗੱਜੇ ਮਾਰੇ ਸੀ। ਆਸਾਂ ਨੂੰ ਬੂਰ ਪੈਣ ਦੀ ਪੂਰੀ ਆਸ ਲਾਈ ਹੋਈ ਸੀ। ਸਰਦੇ-ਪੁੱਜਦੇ ਅਪਣੇ-ਅਪਣੇ ਹੀਲੇ ਮਾਰ ਕੇ ਕਨੇਡੇ ਅਮਰੀਕਾ ਚਲੇ ਗਏ ਸੀ। ਜ਼ਮੀਨ ਭਾਂਡੇ ਵਾਲ਼ਿਆਂ ਨੂੰ ਫ਼ਿਕਰ ਹੀ ਨਹੀਂ ਸੀ। ਤੇ ਕੁਝ ਹੋਰ ਰਾਹੀਂ ਤੁਰ ਪਏ ਸੀ। ਇਹ ਕੀ ਕਰਦਾ।

ਉਦਾਸੀ ਨੇ ਥੋੜ੍ਹੀਆਂ ਕੁ ਗ਼ਜ਼ਲਾਂ ਵੀ ਲਿਖੀਆਂ। ਗ਼ਜ਼ਲਾਂ ਦਾ ਵਿਸ਼ਾ ਤਾਂ ਕੀ ਬਦਲਣਾ ਸੀ। ਸਭ ਇਨਕਲਾਬੀ ਸੁਰ ਵਾਲ਼ੀਆਂ ਹੀ ਸੀ। ਇਕ ਸਾਧੂ ਸਿੰਘ ਹਮਦਰਦ ਦੀ ਘੜੰਮ-ਚੌਧਰ ਦੀ ਲਾਲਸਾ ਤੋਂ ਅੱਕ ਕੇ ਲਿਖੀ ਸੀ। ਹਮਦਰਦ ਆਪੇ ਹੀ ਗ਼ਜ਼ਲ ਦਾ ਉਸਤਾਦ ਬਣਦਾ ਫਿਰਦਾ ਸੀ। ਪੰਜਾਬੀ ਗ਼ਜ਼ਲ ਦੀ ਸਾਰੀ ਦੀ ਸਾਰੀ ਤਰੱਕੀ ਦਾ ਸਿਹਰਾ ਅਪਣੇ ਸਿਰ ਬੰਨ੍ਹਦਾ ਸੀ। ਉਦਾਸੀ ਨੇ ਚੋਭ ਲਾ ਕੇ ਉਹਦੇ ਮੂੰਹੋ ਅਖਵਾਇਆ ਸੀ:

ਕਿਹੜਾ ਮੈਨੂੰ ਮੰਨਦਾ ਨਹੀਂ ਸਰਦਾਰ ਗ਼ਜ਼ਲ ਦਾ
ਮੇਰੇ ਹੱਥ ਵਿਚ ਸਾਰਾ ਕਾਰੋਬਾਰ ਗ਼ਜ਼ਲ ਦਾ।
ਤੁਸੀਂ ਤਾਂ ਦੂਰੋਂ ਨੇੜਿਓਂ ਅੰਗਲੀ ਸੰਗਲੀ ਲੱਭਦੇ
ਮੈਂ ਹਾਂ ਸੱਭ ਤੋਂ ਨੇੜੇ ਰਿਸ਼ਤੇਦਾਰ ਗ਼ਜ਼ਲ ਦਾ।
ਜੇ ਪਾਉਣਾ ਕੋਈ ਰੁਤਬਾ ਚਰਨੀਂ ਮੇਰੇ ਲੱਗ
ਲਾ ਦੇਵਾਂਗਾ ਤੈਨੂੰ ਚੌਕੀਦਾਰ ਗ਼ਜ਼ਲ ਦਾ।

ਫਿਰ ਅਚਾਨਕ ਉਦਾਸੀ ਦੇ ਵਿਛੋੜੇ ਦੀ ਖ਼ਬਰ ਆ ਗਈ। ਉਹ ਵੀ ਘਰੋਂ ਸੈਆਂ ਮੀਲ ਦੂਰ। ਨਾ ਘਰਦਿਆਂ ਆਖ਼ਿਰੀ ਵਾਰ ਮੂੰਹ ਦੇਖਿਆ; ਨਾ ਸੰਗੀਆਂ-ਸਾਥੀਆਂ ਤੇ ਨਾ ਹੀ ਪਾਠਕਾਂ ਪ੍ਰਸੰਸਕਾਂ ਨੇ। ਸਭ ਨੂੰ ਇਸ ਗੱਲ ਦਾ ਝੋਰਾ ਰਿਹਾ। ਮੈਨੂੰ ਯਾਦ ਹੈ ਵਲੈਤ ਦੌਰੇ ਵੇਲੇ ਉਦਾਸੀ ਨੇ ਜਗਮੋਹਣ ਜੋਸ਼ੀ ਦਾ ਮਰਸੀਆ ਬਹੁਤ ਵਾਰੀ ਪੜ੍ਹਿਆ ਸੀ। ਹਰ ਵਾਰੀ ਵਧ ਕੇ ਦਾਦ ਮਿਲੀ ਸੀ। ਲੋਕਾਂ ਦੇ ਹਜੂਮ ਵਿਚ ਹੋਈ ਮੌਤ ਨੂੰ ਉੱਤਮ ਕਿਹਾ ਸੀ। (ਆਈ ਡਬਲਿਊ ਏ ਦੇ ਲੀਡਰ ਜਗਮੋਹਨ ਜੋਸ਼ੀ ਮੁਜ਼ਾਹਿਰੇ ਦੀ ਅਗਵਾਈ ਕਰਦਿਆਂ ਦਿਲ ਦੇ ਦੌਰੇ ਨਾਲ਼ 1979 ਲੰਡਨ ਚ ਪੂਰੇ ਹੋਏ ਸੀ) ਹੱਕਾਂ ਲਈ ਘੋਲ ਕਰਦਿਆਂ। ਜਗਮੋਹਣ ਜੋਸ਼ੀ ਲਈ ਉਦਾਸੀ ਦੇ ਵਿਰਲਾਪ ਦੇ ਬੋਲ ਸੀ:

ਚੰਨ ਧੁੱਪ ਦੇ ਵਿੱਚ ਹੈ ਸੌਂ ਗਿਆ, ਹੈ ਨੀ ਸਿਖਰ ਦੁਪਹਿਰੇ
ਕਿਰਨਾਂ ਹੋਈਆਂ ਸੌਲੀਆਂ , ਅੱਜ ਸਿਖਰ ਦੁਪਹਿਰੇ।

ਜੋ ਸੈਆਂ ਦੀ ਹਾਜ਼ਰੀ ਵਿਚ ਤੁਰਦਾ ਬੰਦਾ
ਓਹਦੇ ਵਰਗੀ ਮੌਤ ਨੂੰ ਹਰ ਝੁਰਦੈ ਬੰਦਾ

ਪਲ ਦੀ ਪਲ ਤੁਸੀਂ ਤਾਰਿਓ, ਸਿਰ ਨੀਵੇਂ ਕਰਲੋ
ਸਿਜਦਾ ਕਰਕੇ ਤੋਰ ਨੂੰ ਹੋਰ ਤਿੱਖੀ ਕਰਲੋ

ਉਦਾਸੀ ਦੇ ਪਰਿਵਾਰ ਵਾਲ਼ੇ ਏਸ ਗੱਲੋਂ ਨਾਰਾਜ਼ ਨੇ ਕਿ ਇਹਨੂੰ ਬਿਨ੍ਹਾਂ ਵਜਾਹ ਭੰਡਿਆ ਗਿਆ ਹੈ। ਅਪਣਿਆਂ ਵੀ ਤੇ ਬੇਗ਼ਾਨਿਆਂ ਵੀ। ਲਹਿਰ ਦਾ ਸੇਕ ਨਾ ਝੱਲਦੇ ਜਿਹੜੇ ਭੱਜ ਗਏ ਸੀ, ਉਹ ਹੁਣ ਫਿਰ ਲਾਡਲੇ ਹੋ ਗਏ ਨੇ। ਸਨਮਾਨਾਂ ਦੇ ਹੱਕਦਾਰ ਹੋ ਗਏ ਤੇ ਉਦਾਸੀ ਤ੍ਰਿਸਕਾਰ ਦਾ ਭਾਗੀ। ਉਦਾਸੀ ਦੀ ਧੀ ਦਾ ਕਹਿਣਾ ਹੈ: ਜੇ ਚਾਹੁੰਦੇ ਤਾਂ ਪਾਪਾ ਜੀ ਹੋਰ ਬਹੁਤੇ ਕਵੀਆਂ ਵਾਂਗ, ਗੀਤ ਲਿਖਕੇ ਜਾਂ ਗਾ ਕੇ ਹੀ ਅਪਣਾ ਚੰਮ ਵੀ ਬਚਾ ਸਕਦੇ ਸਨ ਤੇ ਅਪਣਾ ਨਾਂ ਵੀ ਚਮਕਾ ਸਕਦੇ ਸਨ। ਸਭਿਆਚਾਰਕ ਮੇਲਿਆਂ ’ਤੇ ਉਨ੍ਹਾਂ ਦੇ ਗਲ਼ ’ਚ ਨੋਟਾਂ ਦੇ ਹਾਰ ਵੀ ਪਾਏ ਜਾਣੇ ਸਨ; ਉਨ੍ਹਾਂ ਦੇ ਥੱਲੇ ਮਹਿੰਗੀ ਕਾਰ ਹੋਇਆ ਕਰਨੀ ਸੀ, ਸਰਕਾਰੇ-ਦਰਬਾਰੇ ਪੁੱਛਗਿੱਛ ਹੋਇਆ ਕਰਨੀ ਸੀ, ਉਨ੍ਹਾਂ ਦੇ ਬੱਚੇ ਕਨੇਡਾ-ਅਮਰੀਕਾ ਵਿੱਚ ਸੈੱਟ ਹੋਣੇ ਸਨ। ਚਾਰੇ ਪਾਸੇ ਬੱਲੇ ਬੱਲੇ ਹੋਇਆ ਕਰਨੀ ਸੀ। ਇਹ ਨਹੀਂ ਸੀ ਕਿ ਉਨ੍ਹਾਂ ਨੇ ਜੋ ਰਾਹ ਚੁਣਿਆ, ਉਨ੍ਹਾਂ ਨੇ ਐਵੇਂ ਵਿਸਰ ਭੋਲ ਹੀ ਚੁਣ ਲਿਆ। ਉਨ੍ਹਾਂ ਦੇ ਸਾਹਮਣੇ ਦੋਵਾਂ ਰਾਹਾਂ ਦੀ ਚੋਣ ਖੜ੍ਹੀ ਸੀ, ਇਕ ਰਾਹ ਤੁਰਿਆਂ ਮੂਹਰੇ ਸੂਲ਼ੀ ਗੱਡੀ ਨਜ਼ਰ ਆਉਂਦੀ ਸੀ; ਖੋਪੜੀਆਂ ਲਾਹੁਣ ਵਾਲੀਆਂ ਰੰਬੀਆਂ ਪਈਆਂ ਸਨ; ਬੰਦ ਬੰਦ ਕੱਟਣ ਵਾਲ਼ੇ ਟੋਕੇ ਪਏ ਸਨ; ਵਿਚਕਾਰੋਂ ਚੀਰਨ ਵਾਲ਼ੇ ਆਰੇ ਖੜ੍ਹੇ ਸਨ; ਦਰ-ਦਰ ਰੁਲ਼ਦਾ ਪਰਿਵਾਰ ਦਿਸਦਾ ਸੀ; ਦੂਜੇ ਰਾਹ ਪਿਆਂ ਜਿਵੇਂ ਕਹਿੰਦੇ ਹਨ ਕਿ ਜੰਨਤ ਦੀਆਂ ਹੂਰਾਂ ਮਿਲਣੀਆਂ ਸਨ, ਕੋਠੀਆਂ ਮਿਲਣੀਆਂ ਸਨ, ਕਾਰਾਂ ਮਿਲਣੀਆਂ ਸਨ। ਪਰ ਪਾਪਾ ਜੀ ਨੇ ਅਪਣੇ ਪੁਰਖੇ, ਸ਼ਹੀਦਾਂ ਸੂਰਮਿਆਂ ਵਾਲ਼ਾ ਰਾਹ ਚੁਣਨ ਦਾ ਸੁਚੇਤ ਫ਼ੈਸਲਾ ਕੀਤਾ। ਉਹ ਕਹਿੰਦੇ ਸਨ ਕਿ ਮੈਂ ਦਿਓਰ ਭਾਬੀਆਂ, ਜੀਜੇ ਸਾਲ਼ੀਆਂ, ਛੜਿਆਂ ਜੇਠਾਂ ਤੇ ਮੁੰਡਿਆਂ ਕੁੜੀਆਂ ਦੇ ਗੀਤ ਲਿਖਕੇ ਜ਼ਿੰਦਗੀ ਦਾ ਸੁੱਖ ਆਰਾਮ ਤਾਂ ਹਾਸਿਲ ਕਰ ਸਕਦਾ ਸੀ, ਸਾਧਾਰਣ ਲੋਕਾਂ ਦਾ ਮਨ ਪਰਚਾਵਾ ਤਾਂ ਕਰ ਸਕਦਾ ਸੀ, ਪਰ ਮੈਂ ਉਨ੍ਹਾਂ ਦੀ ਗ਼ੁਲਾਮੀ ਦੇ ਸੰਗਲ ਕੱਟਣ ਦਾ ਅਹਿਸਾਸ ਨਹੀਂ ਕਰਵਾ ਸਕਦਾ ਸੀ, ਜਿਸ ਨੇ ਉਨ੍ਹਾਂ ਨੂੰ ਸਦੀਆਂ ਤੋਂ ਬੰਦੇ ਹੀ ਨਹੀਂ ਰਹਿਣ ਦਿੱਤਾ, ਜਿਨ੍ਹਾਂ ਦੀਆਂ ਸਿਰਫ਼ ਸ਼ਕਲਾਂ ਹੀ ਬੰਦਿਆਂ ਵਰਗੀਆਂ ਲੱਗਦੀਆਂ ਹਨ। ਉਨ੍ਹਾਂ ਨੇ ਦੋ ਰਾਹਾਂ ’ਚੋਂ ਇਕ ਦੀ ਚੋਣ ਬਾਰੇ ਅਪਣੀ ਕਵਿਤਾ 'ਵਰ ਕਿ ਸਰਾਪ' ਵਿਚ ਪੂਰੀ ਤਰ੍ਹਾਂ ਜ਼ਿਕਰ ਕੀਤਾ ਹੈ:

ਮੇਰੇ ਰੱਬਾ ਜੇ ਮੇਰੇ ’ਤੇ ਮਿਹਰ ਕਰਦਾ
ਘਰੇ ਕਿਰਤੀ ਦੇ ਦਿੰਦਾ ਨਾ ਜਨਮ ਮੈਨੂੰ।

ਉਦਾਸੀ ਨੇ ਜ਼ਿੰਦਗੀ ਵਿਚ ਬੜੇ ਉਤਰਾਅ-ਚੜ੍ਹਾਅ ਦੇਖੇ। ਇਹਦੀ ਕਵਿਤਾ ਦਾ ਮੁੱਲ ਰਿਹਾ ਵੀ ਹੈ ਤੇ ਰਹਿਣਾ ਵੀ ਹੈ। ਇਹਦੀ ਨਿਵੇਕਲੀ ਸਾਦਾ ਸ਼ੈਲੀ ਤੇ ਸੁਹਜ ਉਹਦਾ ਅਪਣਾ ਹੈ, ਜੋ ਪਹਿਲਾਂ ਨਹੀਂ ਸੀ ਦੇਖਿਆ ਗਿਆ। ਤਾਂ ਹੀ ਸੰਤ ਰਾਮ ਉਦਾਸੀ ਵਰਗਾ ਕਵੀ ਲੋਕਾਂ ਦੇ ਦਿਲਾਂ ’ਤੇ ਰਾਜ ਕਰਦਾ ਹੈ:

ਮੇਰੀ ਮੌਤ ’ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ, ਰੇਤੇ ’ਚ ਨਾ ਰਲ਼ਾਇਓ।
ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ,
ਜਿਸਦਾ ਹੈ ਪੰਧ ਬਿਖੜਾ, ਉਸੇ ਹੀ ਰਾਹ ਲਿਜਾਇਓ।

ਊਠ ਦਾ ਬੁੱਲ੍ਹ ਬਣਿਆ ਇਨਕਲਾਬ ਭਾਰਤ ਚ ਜਦੋਂ ਵੀ ਆਵੇ, ਉਹਦੀ ਉਡੀਕ ਹੈ। ਉਦਾਸੀ ਦੀ ਸ਼ਾਇਰੀ ਦਾ ਅਪਣਾ ਮੁਕਾਮ ਹੈ। ਲਿਖਤ ਲੇਖਕ ਦਾ ਹਲਫ਼ੀਆ ਬਿਆਨ ਹੀ ਹੁੰਦੀ ਹੈ। ਉਦਾਸੀ ਦੇ ਗੀਤ ਜੀਅ ਰਹੇ ਹਨ; ਜੀਉਂਦੇ ਜਗਦੇ ਰਹਿਣਗੇ। ●

ਪੁਸਤਕ ਰਿਵੀਊ

# ਸਕੀਨਾ

## (ਫੌਜੀਆ ਰਫੀਕ ਦਾ ਨਾਵਲ)




**ਰਿਵੀਊਕਾਰ: ਸਾਧੂ ਬਿਨਿੰਗ**

ਫ਼ੌਜ਼ੀਆ ਰਫ਼ੀਕ ਦਾ ਨਾਵਲ 'ਸਕੀਨਾ' ਸੋਚ ਨੂੰ ਹਲੂਣਾ ਦੇਣ ਵਾਲਾ ਇਕ ਬੇਹੱਦ ਸ਼ਕਤੀਸ਼ਾਲੀ ਅਤੇ ਪੜ੍ਹਨਯੋਗ ਨਾਵਲ ਹੈ।

ਇਹ ਨਾਵਲ ਪਹਿਲਾਂ 2007 ਵਿਚ ਲਾਹੌਰ ਤੋਂ ਸ਼ਾਹਮੁਖੀ ਵਿਚ ਛਪਿਆ ਸੀ ਤੇ ਹੁਣ ਇਹ ਸਰ੍ਹੀ ਤੋਂ ਗੁਰਮੁਖੀ ਵਿਚ ਉਡਾਰੀ ਬੁੱਕਸ ਵਲੋਂ ਤੇ ਵੈਨਕੂਵਰ ਤੋਂ ਲਿਬਰੋਜ਼ ਲਿਬਰੇਟਡ ਪਬਲਿਸ਼ਿੰਗ ਵਲੋਂ ਅੰਗ੍ਰੇਜ਼ੀ ਵਿਚ ਛਾਪਿਆ ਗਿਆ ਹੈ।

ਫ਼ੌਜ਼ੀਆ ਰਫ਼ੀਕ ਸਰ੍ਹੀ, ਕਨੇਡਾ ਵਿੱਚ ਰਹਿ ਰਹੀ ਪਾਕਿਸਤਾਨੀ ਪਿਛੋਕੜ ਦੀ ਲੇਖਿਕਾ ਹੈ ਜੋ ਅੰਗ੍ਰੇਜ਼ੀ ਅਤੇ ਪੰਜਾਬੀ ਦੋਵਾਂ ਜ਼ਬਾਨਾਂ ਵਿਚ ਲਿਖਦੀ ਏ। ਆਪਣੇ ਅਗਾਂਹਵਧੂ ਖਿਆਲਾਂ ਨੂੰ ਅਮਲੀ ਜਾਮਾ ਪਹਿਨਾਉਣ ਵਾਲੀ ਫ਼ੌਜ਼ੀਆ ਮਨੁੱਖੀ ਹੱਕਾਂ ਲਈ ਹੋਣ ਵਾਲੀਆਂ ਸਰਗਰਮੀਆਂ ਦਾ ਹਮੇਸ਼ਾਂ ਹਿੱਸਾ ਹੁੰਦੀ ਏ।

ਨਾਵਲ ਸਕੀਨਾ ਪੜ੍ਹਦਿਆਂ ਪਾਠਕ ਇਹ ਮਹਿਸੂਸ ਕਰਨੋ ਨਹੀਂ ਰਹਿ ਸਕਦਾ ਕਿ ਇਸਦੀ ਲੇਖਿਕਾ ਆਪਣੇ ਸਮਾਜ ਦੇ ਲੋਕਾਂ ਬਾਰੇ ਹੀ ਡੂੰਘੀ ਤੇ ਹਮਦਰਦੀ ਵਾਲੀ ਜਾਣਕਾਰੀ ਹੀ ਨਹੀਂ ਰੱਖਦੀ ਸਗੋਂ ਇਸ ਦੇ ਨਾਲ ਨਾਲ ਉਹ ਸਮਾਜ ਦੀਆਂ ਆਰਥਿਕ, ਸਿਆਸੀ ਤੇ ਧਾਰਮਿਕ ਸਥਿਤੀਆਂ ਨੂੰ ਵੀ ਵਿਗਿਆਨਕ ਅਤੇ ਅਲੋਚਨਾਤਮਿਕ ਨਜ਼ਰੀਏ ਤੋਂ ਦੇਖਣ ਦੀ ਗੰਭੀਰ ਜਾਣਕਾਰੀ ਵੀ ਰੱਖਦੀ ਹੈ। ਇਸ ਦੇ ਨਾਲ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਉਸ ਨੂੰ ਸਾਹਿਤਕ ਕਲਾ ਦੀ ਵੀ ਪੂਰੀ ਸਮਝ ਹੈ।

ਨਾਵਲ ਦੀ ਹੀਰੋਇਨ ਸਕੀਨਾ ਜਗੀਰਦਾਰ ਪਰਵਾਰ ਦੀ ਕੁੜੀ ਹੈ ਜੋ ਅਣਸੁਖਾਵੇਂ ਹਾਲਾਤ ਵਿਚ ਰਹਿੰਦੀ ਹੋਈ ਵੀ ਉਨ੍ਹਾਂ ਨਾਲ ਪੂਰੀ ਤਰ੍ਹਾਂ ਸਮਝੌਤਾ ਨਹੀਂ ਕਰਦੀ। ਪਰ ਉਹ ਕੋਈ ਬਹਾਦਰ ਜਾਂ ਇਨਕਲਾਬੀ ਕੁੜੀ ਨਹੀਂ ਸਗੋਂ ਇਕ ਆਮ ਇਨਸਾਨ ਹੈ ਜੋ ਇਕ ਸਾਵੀਂ ਪੱਧਰੀ ਜ਼ਿੰਦਗੀ ਜੀਣ ਦੀ ਚਾਹਵਾਨ ਹੈ। ਉਹ ਬਚਪਨ ਵਿਚ ਡਾਕਟਰ ਜਾਂ ਅਧਿਆਪਕਾ ਬਣਨ ਦੇ ਸੁਪਨੇ ਦੇਖਦੀ ਹੈ। ਪਰ ਸਮਾਜ ਦੀਆਂ ਕਦਰਾਂ ਕੀਮਤਾਂ ਅਜਿਹੀਆਂ ਹਨ ਕਿ ਉਸ ਨੂੰ ਆਪਣੀ ਮਨ ਮਰਜ਼ੀ ਦੀ ਆਰਾਮ ਦੀ ਜ਼ਿੰਦਗੀ ਹਾਸਲ ਨਹੀਂ ਹੁੰਦੀ।

ਨਾਵਲ ਦਾ ਪਹਿਲਾ ਹਿੱਸਾ ਜਿਸ ਵਿਚ ਪਾਕਿਸਤਾਨੀ ਪੰਜਾਬੀ ਸਮਾਜ ਦੇ ਜਗੀਰਦਾਰੀ ਢਾਂਚੇ ਅੰਦਰ ਜਗੀਰਦਾਰ ਤੇ ਉਸ ਦੇ ਕਰਿੰਦਿਆਂ ਦੀਆਂ ਜੀਵਨੀਆਂ ਅਤੇ ਇਕ ਦੂਜੇ ਨਾਲ ਅਦਾਨ ਪ੍ਰਦਾਨ ਨੂੰ ਦਰਸਾਇਆ ਗਿਆ ਹੈ, ਬਹੁਤ ਹੀ ਰੋਚਕ ਹੈ। ਫ਼ੌਜ਼ੀਆ ਨੇ ਧਰਮ ਤੇ ਜਗੀਰੂ ਕਦਰਾਂ ਕੀਮਤਾਂ ਵਿਚ ਜਕੜੇ ਪੰਜਾਬੀ ਸਮਾਜ ਦੀ ਬਹੁਤ ਸਹੀ ਤਸਵੀਰ ਪੇਸ਼ ਕੀਤੀ ਹੈ। ਜਗੀਰਦਾਰੀ ਸਮਾਜ ਅੰਦਰ ਜ਼ਮੀਨਾਂ ਦੇ ਮਾਲਕ ਅਤੇ ਉਨ੍ਹਾਂ ਦੇ ਕਰਿੰਦਿਆਂ ਦੇ ਆਪਸੀ ਰਿਸ਼ਤੇ ਬਹੁਤ ਬਰੀਕੀ ਨਾਲ ਚਿਤਰੇ ਹਨ। ਇਹ ਸਭ ਕੁਝ ਪਹਿਲਾਂ ਅਸੀਂ ਇਕ ਸੱਤ ਸਾਲ ਦੀ ਨੰਨੀ ਕੁੜੀ ਦੀਆਂ ਨਜ਼ਰਾਂ ਰਾਹੀਂ ਦੇਖਦੇ ਹਾਂ। ਨਾਵਲ ਸ਼ੁਰੂ ਵਿਚ ਹੀ ਪਾਠਕ ਨੂੰ ਪੂਰੀ ਤਰ੍ਹਾਂ ਆਪਣੇ ਨਾਲ ਤੋਰ ਲੈਂਦਾ ਹੈ ਅਤੇ ਅੱਗੇ ਜਾਨਣ ਦੀ ਖਿੱਚ ਅਖੀਰ ਤੱਕ ਕਾਇਮ ਰਹਿੰਦੀ ਹੈ।

ਨਾਵਲ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲਾ ਜਦੋਂ ਸੱਤ ਸਾਲ ਦੀ ਸਕੀਨਾ ਆਪਣੀ ਮਾਂ ਅਤੇ ਭਰਾ ਨਾਲ ਪਿੰਡ ਰਹਿੰਦੀ ਹੈ। ਫੇਰ ਲਾਹੌਰ, ਟਰਾਂਟੋ ਤੇ ਸਰ੍ਹੀ। ਇਨ੍ਹਾਂ ਵੱਖ ਵੱਖ ਥਾਵਾਂ ਤੇ ਸਮਿਆਂ ਵਿਚ ਸਕੀਨਾ ਨੂੰ ਵੱਖਰੀਆਂ ਵੱਖਰੀਆਂ ਸਥਿਤੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ। ਅਸੀਂ ਪਹਿਲਾਂ ਸਕੀਨਾ ਨੂੰ ਪਿੰਡ ਦੇ ਹਾਲਤ ਵਿਚ ਦੇਖਦੇ ਹਾਂ, ਫੇਰ ਇਕ ਕਾਲਜ ਦੀ ਵਿਦਿਆਰਥਣ ਤੇ ਹਾਕੀ ਦੀ ਖਿਡਾਰਨ ਵਜੋਂ, ਫੇਰ ਪਿੰਡ ਘਰ ਦੀ ਕੈਦ ਵਿਚ ਤੇ ਫੇਰ ਟਰਾਂਟੋ ਅਤੇ ਸਰ੍ਹੀ ਵਿਚ। ਉਸ ਦੀ ਇਕ ਆਮ ਇਨਸਾਨ ਵਾਂਗ ਜੀਣ ਦੀ ਖਾਹਿਸ਼ 'ਤੇ ਹਰ ਪੜ੍ਹਾਅ ਤੇ ਧਾਰਮਿਕ, ਪਰਿਵਾਰਕ, ਸਿਆਸੀ ਤੇ ਸਮਾਜਿਕ ਬੰਦਸ਼ਾਂ ਰੋਕ ਲਾਉਂਦੀਆਂ ਹਨ। ਸਕੀਨਾ ਆਪਣੀ ਸਹੇਲੀ ਰੱਫੋ ਵਾਂਗ ਬਹਾਦਰ ਜਾਂ ਇਨਕਲਾਬੀ ਨਹੀਂ। ਪਰ ਹਾਲਤਾਂ ਨਾਲ ਸਮਝੌਤਾ ਨਾ ਕਰਨ ਦੀ ਜਾਂ ਕੁਝ ਹੱਦ ਤੱਕ ਹੀ ਸਮਝੌਤਾ ਕਰਨ ਦੀ ਕੋਸ਼ਸ਼ ਉਸ ਨੂੰ ਵੱਖਰੇ ਵੱਖਰੇ ਹਾਲਤਾਂ ਵਿਚ ਪਾਉਂਦੀ ਹੈ ਤੇ ਕੱਢਦੀ ਹੈ। ਘਰਦਿਆਂ ਦੀ ਮਰਜ਼ੀ ਅਨੁਸਾਰ ਨਾ ਜੀਣ ਬਦਲੇ ਉਸ ਨੂੰ ਲਾਹੌਰ ਤੋਂ ਪਿੰਡ ਲਿਜਾ ਕੇ ਘਰ ਵਿਚ ਹੀ ਕੈਦ ਕਰ ਦਿੱਤਾ ਜਾਂਦਾ ਹੈ। ਫੇਰ ਟਰਾਂਟੋ ਆਪਣੇ ਮਰਦ ਇਹਤਸ਼ਾਮ ਤੇ ਉਹਦੀ ਮਾਂ ਦਾ ਉਹ ਲੰਮਾ ਸਮਾਂ ਤਸ਼ੱਦਦ ਸਹਿੰਦੀ ਹੈ। ਇਸ ਸਭ ਕਾਸੇ

ਦੇ ਬਾਵਜੂਦ ਉਸ ਵਿਚ ਜੀਣ ਦੀ ਖਾਹਿਸ਼ ਨਹੀਂ ਮਰਦੀ ਅਤੇ ਉਹਨੂੰ ਜਦ ਵੀ ਮੌਕਾ ਮਿਲਦਾ ਹੈ ਉਹ ਆਪਣੇ ਆਲੇ ਦੁਆਲੇ ਲੱਗੀਆਂ ਵਾੜਾਂ ਨੂੰ ਤੋੜਨਾ ਚਾਹੁੰਦੀ ਹੈ, ਕੁਝ ਵੱਖਰਾ ਕਰਨਾ ਚਾਹੁੰਦੀ ਹੈ। ਤੇ ਹੌਲੀ ਹੌਲੀ ਉਹ ਇਸ ਵਿਚ ਕਾਮਯਾਬ ਵੀ ਹੁੰਦੀ ਹੈ।

ਵਿਗਿਆਨਕ ਜਾਂ ਮਾਰਕਸੀ ਨਜ਼ਰੀਏ ਅਨੁਸਾਰ ਇਹ ਮੰਨਿਆਂ ਜਾਂਦਾ ਹੈ ਕਿ ਇਨਸਾਨ ਦੇ ਜੀਵਨ ’ਤੇ ਸਭ ਤੋਂ ਵੱਧ ਅਸਰ ਬਾਹਰਲੇ ਹਾਲਾਤ ਪਾਉਂਦੇ ਹਨ। ਕੋਈ ਵੀ ਇਨਸਾਨ ਨਾ ਚੰਗਾ ਜੰਮਦਾ ਹੈ ਤੇ ਨਾ ਮਾੜਾ। ਜੀਵਨ ਵਿਚ ਇਨਸਾਨ ਜੋ ਵੀ ਬਣਦਾ ਹੈ ਉਹ ਉਸ ਦੇ ਸਮਾਜ ਦੀ ਉਪਜ ਹੁੰਦਾ ਹੈ। ਜਿਵੇਂ ਜੰਮਣ ਵੇਲੇ ਭਾਸ਼ਾ ਬੋਲ ਸਕਣ ਦੀ ਯੋਗਤਾ ਉਸ ਵਿਚ ਹੁੰਦੀ ਹੈ ਨਾ ਕਿ ਕੋਈ ਵਿਸ਼ੇਸ਼ ਭਾਸ਼ਾ ਅਤੇ ਉਹ ਜਿਸ ਵੀ ਪਰਵਾਰ ਵਿਚ ਜੰਮਦਾ ਹੈ ਉੱਥੇ ਬੋਲੀ ਜਾਂਦੀ ਬੋਲੀ ਹੀ ਸਿੱਖਦਾ ਹੈ, ਇਸੇ ਤਰ੍ਹਾਂ ਉਹ ਜਿਨ੍ਹਾਂ ਹਾਲਤਾਂ ਵਿਚ ਪੈਦਾ ਹੁੰਦਾ ਅਤੇ ਰਹਿੰਦਾ ਹੈ ਉਨ੍ਹਾਂ ਅਨੁਸਾਰ ਹੀ ਉਸ ਦਾ ਜੀਵਨ ਢਲਦਾ ਹੈ। ਜੇ ਹਾਲਤ ਬਦਲ ਜਾਣ ਤਾਂ ਵਿਕਅਤੀ ਵਿਚ ਵੀ ਬਦਲ ਸਕਣ ਦੀ ਸੰਭਾਵਨਾ ਹੁੰਦੀ ਹੈ। ਇਸ ਵਿਗਿਅਨਕ ਨਜ਼ਰੀਏ ਨੂੰ ਇਹ ਨਾਵਲ ਪੂਰੀ ਤਰ੍ਹਾਂ ਸਹੀ ਸਿੱਧ ਕਰਦਾ ਹੈ। ਉਦਹਰਨ ਵਜੋਂ, ਗਾਮੂ ਜਿਹੜਾ ਜਗੀਰੂ ਢਾਂਚੇ ਅੰਦਰ ਆਪਣੀਆ ਗੁਲਾਮੀ ਵਾਲੀਆਂ ਹਾਲਤਾਂ ਦਾ ਮਾਰਿਆ ਆਪਣੀ ਘਰ ਵਾਲੀ ਜੀਨੋ ਨੂੰ ਮਾਰਦਾ ਕੁੱਟਦਾ ਹੈ ਤੇ ਫੇਰ ਬਦਲਾ ਲੈਣ ਲਈ ਅਯੋ ਦਾ ਖ਼ੂਨ ਕਰ ਦਿੰਦਾ ਹੈ, ਜਦੋਂ ਉਸ ਨੂੰ ਵੱਖਰੇ ਹਾਲਤਾਂ ਵਿਚ ਜੀਣ ਦਾ ਮੌਕਾ ਮਿਲਦਾ ਹੈ ਤਾਂ ਉਹ ਇਕ ਵਧੀਆ ਇਨਸਾਨ ਬਣ ਜਾਂਦਾ ਹੈ। ਏਸੇ ਤਰ੍ਹਾਂ ਜੀਨੋ ਹੈ। ਉਹਨੂੰ ਪਿੰਡ ਦੇ ਜੀਵਨ ਤੋਂ ਸ਼ਹਿਰ ਆ ਕੇ ਵਸਣ ਦਾ ਮੌਕਾ ਮਿਲਦਾ ਹੈ ਅਤੇ ਉਸ ਦਾ ਜੀਵਨ ਵੀ ਬਦਲ ਜਾਂਦਾ ਹੈ ਜੇ ਉਹ ਪਿੰਡ ਹੀ ਰਹਿੰਦੀ ਤਾਂ ਉਸ ਵਿਚ ਇਹ ਤਬਦੀਲੀ ਆਉਣ ਦੀ ਸੰਭਾਵਨਾ ਨਹੀਂ ਸੀ। ਸਕੀਨਾ ਇਸ ਦੀ ਵੱਡੀ ਮਿਸਾਲ ਹੈ। ਕਨੇਡਾ ਵਿਚ ਮਿਲਦੇ ਮੌਕਿਆਂ ਕਾਰਨ ਹੁਣ ਉਹ ਕਿਸੇ ਹੋਰ ਦੀ ਮੁਥਾਜ ਨਹੀਂ। ਇਸ ਤਰ੍ਹਾਂ ਕਹਾਣੀ ਦੇ ਅੰਤ ਵਾਲੀ ਸਕੀਨਾ ਇਕ ਵੱਖਰੀ ਔਰਤ ਹੈ, ਖੁਦ ਕਮਾਉਣ ਵਾਲੀ, ਆਪਣੇ ਪੈਰਾਂ ’ਤੇ ਖੜ੍ਹੀ। ਜਿਹਦੀ ਜ਼ਿੰਦਗੀ ਹੁਣ ਕਾਫੀ ਹੱਦ ਤੱਕ ਉਹਦੇ ਆਪਣੇ ਕਬਜ਼ੇ ਵਿਚ ਹੈ। ਸਕੀਨਾ ਨੇ ਏਨੀਆਂ ਔਖੀਆਂ ਸਥਿਤੀਆਂ ਵਿਚ ਵੀ ਬੜਾ ਲੰਮਾ ਚੌੜਾ ਪੈਂਡਾ ਤਹਿ ਕੀਤਾ ਹੈ। ਇਹ ਠੀਕ ਹੈ ਕਿ ਨਾਵਲ ਦਾ ਅਖੀਰਲਾ ਕਾਂਡ ‘*ਮੇਰੀ ਕੋਈ ਤਾਰੀਖ਼ ਨਹੀਂ*’ ਵਿਚ ਸਕੀਨਾ ਆਪਣੇ ਘਰ ਦੀ ਕੈਦ ਵਿਚੋਂ ਭੱਜਣ ਤੇ ਖੁਦਕਸ਼ੀ ਬਾਰੇ ਸੋਚ ਰਹੀ ਜਾਪਦੀ ਹੈ। ਸੰਭਵ ਹੈ ਕਿ ਮੈਨੂੰ ਸਮਝਣ ਵਿਚ ਗਲਤੀ ਲੱਗੀ ਹੋਵੇ, ਪਰ ਮੈਨੂੰ ਨਾਵਲ ਦੀ ਕਹਾਣੀ ਦਾ ਅੰਤ ਉੱਥੇ ਜਾਪਦਾ ਏ ਜਿੱਥੇ ਇਸ ਤੋਂ ਪਹਿਲੇ ਕਾਂਡ ਦਾ ਅਖੀਰਲਾ ਅੱਧਾ ਵਾਕ ਹੈ ਜਦੋਂ ਸਕੀਨਾ ਕਹਿੰਦੀ ਹੈ ਕਿ “ਮੈਨੂੰ ਆਪਦੇ ਆਪ ਵਿਚ ਜ਼ੋਰ ਉੱਠਦਾ ਜਾਪਦਾ ਏ”। ਮੈਨੂੰ ਲੱਗਾ ਕਿ ਏਨੀਆਂ ਭਿਆਨਕ ਸਥਿਤੀਆਂ ਦੇ ਬਾਵਜੂਦ ਸਕੀਨਾ ਵਿਚ ਜੀਣ ਦੀ ਖਾਹਿਸ਼ ਤੇ ਤਾਕਤ ਪੂਰੀ ਕਾਇਮ ਹੈ।

ਸਕੀਨਾ ਵਿਚ ਕਹਾਣੀ ਸਿਰਫ ਪਾਤਰਾਂ ਜਾਂ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਦੁਆਲੇ ਹੀ ਨਹੀਂ ਘੁੰਮਦੀ ਇਸ ਵਿਚ ਸਮੇਂ ਤੇ ਸਥਾਨ ਦੀਆਂ ਘਟਨਾਵਾਂ ਤੇ ਸਿਆਸਤ ਨੂੰ ਵੀ ਬਾਖੂਬੀ ਚਿਤਰਿਆ ਗਿਆ ਹੈ। ਅਸਲ ਵਿਚ ਤਾਂ ਇਹ ਨਾਵਲ ਸਹੀ ਅਰਥਾਂ ਵਿਚ ਇਕ ਸਿਆਸੀ ਤੇ ਇਨਕਲਾਬੀ ਨਾਵਲ ਹੈ। ਜਿਸ ਵਿਚ ਔਰਤ ਦੀ ਆਪਣੀ ਹਸਤੀ ਵਾਸਤੇ ਜੱਦੋਜਹਿਦ ਬਹੁਤ ਹੀ ਕਲਾਤਮਿਕ ਤਰੀਕੇ ਨਾਲ ਦਰਸਾਈ ਗਈ ਹੈ। ਪਹਿਲੇ ਹਿੱਸੇ ਵਿਚ ਹਿੰਦ ਪਾਕਿ ਦੀ 1971 ਵਾਲੀ ਲੜਾਈ ਦਾ ਜ਼ਿਕਰ ਇਸ ਹੁਨਰ ਨਾਲ ਕੀਤਾ ਗਿਆ ਹੈ ਕਿ ਪਤਾ ਹੀ ਨਹੀਂ ਚਲਦਾ ਕਿ ਸਾਨੂੰ ਦੋਂਹ ਮੁਲਕਾਂ ਦੀ ਲੜਾਈ ਬਾਰੇ ਦੱਸਿਆ ਜਾ ਰਿਹਾ ਹੈ। ਏਸੇ ਤਰ੍ਹਾਂ ਅਮਰੀਕਾ ਵਿਚ ਹੋਏ ਨੌਂ ਗਿਆਰਾਂ ਦੇ ਅੱਤਵਾਦੀ ਹਮਲੇ ਦਾ ਜ਼ਿਕਰ ਵੀ ਪਾਤਰਾਂ ਦੇ ਜੀਵਨ ਦਾ ਇਸ ਤਰ੍ਹਾਂ ਹਿੱਸਾ ਬਣਾਇਆ ਹੈ ਕਿ ਇਹ ਕਿਸੇ ਤਰ੍ਹਾਂ ਵੀ ਗੈਰ-ਸੁਭਾਵਿਕ ਨਹੀਂ ਲਗਦਾ। ਇਸ ਸਮੇਂ ਇਕ ਪਾਸੇ ਸਕੀਨਾ ਦੇ ਆਪਣੇ ਜੀਵਨ ਵਿਚ ਵੱਡੀਆਂ ਘਟਨਾਵਾਂ ਵਾਪਰਦੀਆਂ ਹਨ। ਉਸ ਨੂੰ ਪਤਾ ਲਗਦਾ ਹੈ ਕਿ ਉਸ ਦਾ ਇਕਬਾਲ ਅਸਲ ਵਿਚ ਉਸ ਦੇ ਪਿੰਡ ਵਾਲਾ ਗਾਮੂ ਏਂ। ਤੇ ਫੇਰ ਇਕਬਾਲ ਤੇ ਮਹਿੰਗਾ ਸਿੰਘ ਦਾ ਕਤਲ। ਇਨ੍ਹਾਂ ਘਟਨਾਵਾਂ ਦੇ ਨਾਲ ਹੀ ਨੌਂ ਗਿਆਰਾਂ ਦੀ ਘਟਨਾ ਅਤੇ ਸਕੀਨਾ ਨੂੰ ਵੀ ਅੱਤਵਾਦੀ ਸਮਝਿਆ ਜਾ ਰਿਹਾ ਹੈ। ਇਹ ਸਭ ਕੁਝ ਇਸ ਨਾਵਲ ਨੂੰ ਇਕ ਬਹੁਤ ਦਿਲਚਸਪ ਰਚਨਾ ਬਣਾਉਂਦਾ ਹੈ ਤੇ ਨਾਲ ਹੀ ਗੰਭੀਰ ਮਸਲੇ ਉਭਾਰਨ ਵਾਲੀ ਲਿਖਤ ਵੀ।

ਨਾਵਲ ਵਿਚ ਹੋਰ ਵੀ ਬਹੁਤ ਕੁਛ ਹੈ ਜਿਹੜਾ ਇਸ ਨੂੰ ਇਕ ਵੱਡੀ ਰਚਨਾ ਬਣਾਉਂਦਾ ਹੈ। ਉਦਾਹਰਨ ਵਜੋਂ ਇਸ ਵਿਚ ਪੇਸ਼ ਕੀਤਾ ਸਮਲਿੰਗਤਾ ਦਾ ਮਸਲਾ। ਜਿੱਥੇ ਕਨੇਡੀਅਨ ਸਮਾਜ ਵਿਚ ਇਹ ਹੁਣ ਆਮ ਜਾਣੀ ਜਾਂਦੀ ਗੱਲ ਹੈ ਪਰ ਪੰਜਾਬੀ ਭਾਈਚਾਰੇ ਵਿਚ ਇਸ ਦਾ ਰੂਪ ਅਤੇ ਇਸ ਵੱਲ ਲੋਕਾਂ ਦਾ ਨਜ਼ਰੀਆ ਵੱਖਰਾ ਹੈ, ਕਾਫੀ ਹੱਦ ਤੱਕ ਨਾਂਹਪੱਖੀ ਹੈ ਵਿਸ਼ੇਸ਼ ਕਰਕੇ ਧਾਰਮਿਕ ਲੋਕਾਂ ਵਿਚ। ਫੌਜ਼ੀਆ ਜੀ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਪਾਕਿਸਤਾਨੀ ਭਾਈਚਾਰੇ ਵਿਚ ਇਸ ਦਾ ਰੂਪ ਸਾਡੇ ਸਾਹਮਣੇ ਲਿਆਂਦਾ ਹੈ ਅਤੇ ਜਿਸ ਤਰੀਕੇ ਨਾਲ ਕਨੇਡੀਅਨ ਲਿਜ਼ਬੀਅਨ ਜੋੜੇ ਜੋਇਨੀ ਤੇ ਮੈਗੀ ਨੂੰ ਪੇਸ਼ ਕੀਤਾ ਹੈ ਉਹ ਸਾਡੇ ਮਨਾਂ ਵਿਚ ਇਨ੍ਹਾਂ ਲਈ ਸਤਿਕਾਰ ਪੈਦਾ ਕਰਦਾ ਹੈ ਅਤੇ ਇਸ ਤਰ੍ਹਾਂ ਇਹ ਇਸ ਵੱਲ ਸਾਡੇ ਨਜ਼ਰੀਏ ਨੂੰ ਇਕ ਹਾਂ-ਪੱਖੀ ਨਜ਼ਰੀਏ ਵਿਚ ਬਦਲਣ ਦੀ ਯੋਗਤਾ ਰੱਖਦਾ ਹੈ। ਇਹ ਆਪਣੇ ਆਪ ਦੇ ਵਿਚ ਇਕ ਵੱਡੀ ਤੇ ਹੌਂਸਲੇ ਵਾਲੀ ਗੱਲ ਏ।

ਏਸੇ ਤਰ੍ਹਾਂ ਇਸ ਨਾਵਲ ਵਿਚ ਧਾਰਮਿਕ ਆਗੂਆਂ ਦੀ ਕੋਝੀ ਅਸਲੀਅਤ ਨੂੰ ਵੀ ਮੌਲਵੀ ਦੇ ਪਾਤਰ ਰਾਹੀਂ ਅਤੇ ਹੋਰ ਬਹੁਤ ਥਾਂਵੀਂ ਵੱਖਰੇ ਵੱਖਰੇ ਰੂਪਾਂ ਵਿਚ ਪੇਸ਼ ਕੀਤਾ ਗਿਆ ਹੈ। ਅਜਿਹਾ ਕਰਕੇ ਫੌਜ਼ੀਆ ਨੇ ਸਮਾਜ ਦੇ ਇਸ ਕੋਹੜ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਇਹ ਵੀ ਕੋਈ ਘੱਟ ਜ਼ੁਅਰਤ ਵਾਲੀ ਗੱਲ ਨਹੀਂ।

ਨਾਵਲ ਦੀ ਪਾਤਰ ਉਸਾਰੀ ਅਤੇ ਇਸ ਵਿਚ ਵਰਤੀ ਬੋਲੀ ਬਹੁਤ ਪ੍ਰਭਾਵਸ਼ਾਲੀ ਹਨ। ਨਾਵਲ ਦਾ ਬਹੁਤਾ ਹਿੱਸਾ ਪਾਤਰਾਂ ਦੇ ਸੰਵਾਦ ਰਾਹੀਂ ਦਰਸਾਇਆ ਗਿਆ ਹੈ। ਇਨ੍ਹਾਂ ਪਾਤਰਾਂ ਦੀ ਬੋਲੀ ਪੰਜਾਬੀ ਪਾਠਕ ਨੂੰ ਆਪਣੀ ਮਿਠਾਸ ਦੇ ਜਾਦੂ ਨਾਲ ਕੀਲ ਲੈਂਦੀ ਹੈ। ਮੈਂ ਇਹ ਨਾਵਲ ਕੁਝ ਸਾਲ ਪਹਿਲਾਂ ਸ਼ਾਹਮੁਖੀ ਵਿਚ ਪੜ੍ਹਿਆ ਸੀ। ਹੁਣ ਇਸ ਨੂੰ ਗੁਰਮੁਖੀ ਲਿੱਪੀ ਵਿਚ ਪੜ੍ਹਨ ਦਾ ਵੱਖਰਾ ਸੁਆਦ ਆਇਆ ਹੈ। ਪਰ ਗੁਰਮੁਖੀ ਵਾਲੀ ਛਾਪ ਵਿਚ ਕੁਝ ਗੰਭੀਰ ਸਮੱਸਿਆਵਾਂ ਵੀ ਹਨ। ਕੁਝ ਸ਼ਬਦਜੋੜ ਗਲਤ ਜਾਪਦੇ ਨੇ ਤੇ ਲਿੱਪੀ ਦੇ ਅੰਤਰ ਕਾਰਨ ਕੁਝ ਸ਼ਬਦ ਅਤੇ ਵਾਕ ਸਮਝਣ ਵਿਚ ਮੁਸ਼ਕਲ ਆਉਂਦੀ ਹੈ।

ਅਖੀਰ ਵਿਚ ਮੈਂ ਫੌਜ਼ੀਆ ਜੀ ਨੂੰ ਇਹ ਨਾਵਲ ਲਿਖਣ ਦੀ ਤੇ ਨਾਲ ਹੀ ਹੁਣ ਇਸ ਨੂੰ ਗੁਰਮੁਖੀ ਤੇ ਅੰਗ੍ਰੇਜ਼ੀ ਵਿਚ ਛਪਵਾਉਣ ਵਾਸਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ। ਸਕੀਨਾ ਦੇ ਇਸ ਨਾਵਲ ਨਾਲ ਸਾਡਾ ਪੰਜਾਬੀ ਸਾਹਿਤ ਹੋਰ ਅਮੀਰ ਹੋਇਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਬੋਲੀ ਤੇ ਸਾਹਿਤ ਨਾਲ ਨਾਤਾ ਰੱਖਣ ਵਾਲੇ ਲੋਕਾਂ ਵਲੋਂ ਫੌਜ਼ੀਆ ਜੀ ਹੋਰਾਂ ਦੀ ਇਸ ਰਚਨਾ ਲਈ ਧੰਨਵਾਦ ਕਰਨਾ ਚਾਹੀਦਾ ਹੈ। ਹੁਣ ਇਹ ਰਚਨਾ ਅੰਗ੍ਰੇਜ਼ੀ ਤੇ ਪੰਜਾਬੀ ਦੀਆਂ ਦੋਵਾਂ ਲਿਪੀਆਂ ਵਿਚ ਉਪਲੱਬਧ ਹੈ ਤੇ ਉਮੀਦ ਹੈ ਪਾਠਕ ਇਸ ਨਾਵਲ ਨੂੰ ਚਾਅ ਨਾਲ ਪੜ੍ਹਨਗੇ।

(ਨਾਵਲ ਪ੍ਰਾਪਤ ਕਰਨ ਲਈ ਫੌਜ਼ੀਆ ਰਫੀਕ ਨਾਲ uddari@live.ca ’ਤੇ ਸੰਪਰਕ ਕੀਤਾ ਜਾ ਸਕਦਾ ਹੈ।)

ਰਿਪੋਰਟ

# ਕਾਫ਼ਲੇ ਵਲੋਂ 'ਜ਼ੰਗਾਲਿਆ ਕਿੱਲ' ਅਤੇ 'ਤੜਪਦੇ ਅਹਿਸਾਸ ਦੀ ਮਹਿਕ' 'ਤੇ ਭਰਵੀਂ ਗੋਸ਼ਟੀ

## ਡਾ: ਦਰਸ਼ਨ ਗਿੱਲ ਅਤੇ ਜਸਵੰਤ ਸਿੰਘ ਵਿਰਦੀ ਨੂੰ ਭਾਵ-ਭਿੰਨੀ ਸ਼ਰਧਾਂਜ਼ਲੀ ਭੇਂਟ।

ਨਿਰੋਲ ਸਾਹਿਤਕ ਲੋਕ ਜਥੇਬੰਦੀ 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਵਲੋਂ, ਨਵ-ਪ੍ਰਕਾਸ਼ਿਤ ਪੁਸਤਕਾਂ ਨੂੰ ਉਸਾਰੂ ਪੜਚੋਲ ਮੰਚ ਪ੍ਰਦਾਨ ਕਰਨ ਦੇ ਅਪਣੇ ਉਦੇਸ਼ ਤਹਿਤ ਇੱਕ ਗੋਸ਼ਟੀ ਸਮਾਗਮ 9 ਜੁਲਾਈ 2011 ਨੂੰ ਸੰਤ ਸਿੰਘ ਸੇਖੋਂ ਹਾਲ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਕਾਫ਼ਲਾ ਮੈਂਬਰ ਗੁਰਦਾਸ ਮਿਨਹਾਸ ਹੁਰਾਂ ਦੀ ਕਾਵਿ-ਪੁਸਤਕ 'ਤੜਪਦੇ ਅਹਿਸਾਸ ਦੀ ਮਹਿਕ' ਅਤੇ ਬਲਬੀਰ ਸਿਕੰਦ ਹੁਰਾਂ ਦੀ ਸਵੈ-ਜੀਵਨੀ ਪੁਸਤਕ 'ਜ਼ੰਗਾਲਿਆਂ ਕਿੱਲ' ਤੇ ਵਿਚਾਰ ਗੋਸ਼ਟੀ ਦੇ ਨਾਲ ਨਾਲ ਸ਼ਾਇਰਾਂ ਨੇ ਅਪਣਾ ਕਲਾਮ ਵੀ ਪੇਸ਼ ਕੀਤਾ।

ਇਸ ਸਮਾਗਮ ਦੀ ਸ਼ੁਰੂਆਤ ਕਰਦਿਆਂ ਪ੍ਰੋਗ੍ਰਾਮ ਸੰਚਾਲਕ ਉਂਕਾਰਪ੍ਰੀਤ ਵਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰ ਡਾ: ਦਰਸ਼ਨ ਗਿੱਲ ਅਤੇ ਉੱਘੇ ਕਹਾਣੀਕਾਰ ਜਸਵੰਤ ਸਿੰਘ ਵਿਰਦੀ ਨੂੰ ਯਾਦ ਕਰਨ ਨਾਲ ਹੋਈ। ਉਹਨਾਂ ਕਿਹਾ ਕਿ ਡਾ: ਦਰਸ਼ਨ ਗਿੱਲ ਜਿੱਥੇ ਪੰਜਾਬੀ ਦੇ ਉੱਘੇ ਕਵੀ ਸਨ ਓਥੇ ਉਹਨਾਂ ਦਾ ਪੰਜਾਬੀ ਆਲੋਚਨਾ, ਸੰਪਾਦਨਾ ਅਤੇ ਅਨੁਵਾਦਕ ਤੌਰ ਤੇ ਯੋਗਦਾਨ ਵੱਡਮੁੱਲਾ ਸੀ। ਪੰਜਾਬੀ ਦੇ ਵਧੀਆ ਸਾਹਿਤ ਨੂੰ ਸਨਮਾਨਣ ਲਈ ਉਹ ਹਮੇਸ਼ਾ ਤਤਪਰ ਰਹੇ, ਇਸ ਸੰਦਰਭ ਵਿੱਚ ਉਹਨਾਂ ਵਲੋਂ ਕਾਇਮ ਕੀਤਾ ਗਿਆ 'ਮਨਜੀਤ ਯਾਦਗਾਰੀ' ਪੁਰਸਕਾਰ ਅਤੇ ਇਸ ਪੁਰਸਕਾਰ ਲਈ ਸਮੇਂ ਸਮੇਂ ਕੀਤੀ ਗਈ ਚੋਣ ਹਮੇਸ਼ਾ ਗੌਲਣਯੋਗ ਰਹੇਗੀ। ਜਸਵੰਤ ਸਿੰਘ ਵਿਰਦੀ ਨੂੰ ਅਪਣੇ ਸ਼ੁਰੂਆਤੀ ਦੌਰ ਦਾ ਰਹਿਨੁਮਾ ਦੱਸਦਿਆਂ ਉਹਨਾਂ ਨਾਲ ਜੁੜੀਆਂ ਅਪਣੀਆਂ ਨਿੱਜੀ ਯਾਦਾਂ ਦੀ ਸਾਂਝ ਵੀ ਪਾਈ।

ਸਮਾਗਮ 'ਚ ਸ਼ਾਮਿਲ ਲੋਕਾਂ ਨੇ ਦੋਹਾਂ ਵਿਛੜੇ ਸਾਹਿਤਕਾਰਾਂ ਦੀ ਯਾਦ 'ਚ ਮੌਨ ਖੜੇ ਹੋ ਕੇ ਉਹਨਾਂ ਦੀ ਸਾਹਿਤਕ ਘਾਲਣਾ ਨੂੰ ਯਾਦ ਕੀਤਾ।

ਇਸ ਮੌਕੇ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਡਾ: ਵਰਿਆਮ ਸੰਧੂ ਹੁਰਾਂ ਨੇ ਅਪਣੇ ਸਮਕਾਲੀ ਕਹਾਣੀਕਾਰ ਦੋਸਤ ਜਸਵੰਤ ਵਿਰਦੀ ਜੀ ਨੂੰ ਭਾਵਪੂਰਤ ਸ਼ਰਧਾਜ਼ਲੀ ਭੇਂਟ ਕਰਦਿਆਂ ਉਹਨਾਂ ਨੂੰ ਜੀਵਨ ਭਰ ਸਵੈਮਾਣ ਨਾਲ ਸਾਹਿਤ ਰਚਨਾ ਕਰਨ ਵਾਲਾ ਮਹੱਤਵਪੂਰਨ ਯੋਧਾ ਲੇਖਕ ਦੱਸਿਆ। ਉਹਨਾਂ ਕਿਹਾ ਕਿ ਵਿਰਦੀ ਜੀ ਨੇ ਅਪਣੀ ਸਾਹਿਤਕ ਘਾਲਣਾ ਲਈ ਇਨਾਮ ਸਨਮਾਨ ਲੈਣ ਵਾਸਤੇ ਕਦੇ ਵੀ ਕਿਸੇ ਅੱਗੇ ਸਿਰ ਨਹੀਂ ਝੁਕਾਇਆ। ਉਹਨਾਂ ਕਿਹਾ ਕਿ ਫੈਂਟਸੀ ਕਹਾਣੀ ਵਿਧਾ 'ਚ ਪੰਜਾਬੀ ਦੇ ਇੱਕੋ ਇੱਕ ਅਤੇ ਵਿਲੱਖਣ ਹਸਤਾਖਰ ਵਿਰਦੀ ਜੀ ਹਮੇਸ਼ਾ ਨਵੇਂ ਲਿਖਣ ਵਾਲਿਆਂ ਲਈ ਖਾਸ ਪਿਆਰ ਨਾਲ ਓਤਪੋਤ ਚਾਨਣ ਮੁਨਾਰੇ ਲੇਖਕ ਸਨ।

ਸਮਾਗਮ ਦਾ ਪਹਿਲਾ ਗੋਸ਼ਟੀ ਸੈਸ਼ਨ ਉੱਘੇ ਫਿਲਮਸਾਜ਼ ਅਤੇ ਲੇਖਕ ਬਲਬੀਰ ਸਿਕੰਦ ਹੁਰਾਂ ਦੀ ਸਵੈ ਜੀਵਨੀ ਜ਼ੰਗਾਲਿਆ ਕਿੱਲ ਤੇ ਅਧਾਰਿਤ ਸੀ। ਇਸ ਪੁਸਤਕ ਤੇ ਦੋ ਪਰਚੇ ਪੜ੍ਹੇ ਗਏ। ਪਹਿਲਾ ਪਰਚਾ ਮਹਿੰਦਰਦੀਪ ਗਰੇਵਾਲ ਜੀ ਦਾ ਅਤੇ ਦੂਸਰਾ ਕੁਲਜੀਤ ਮਾਨ ਜੀ ਦਾ।

ਮਹਿੰਦਰਦੀਪ ਗਰੇਵਾਲ ਨੇ ਅਪਣੇ ਪਰਚੇ ਵਿੱਚ ਲੇਖਕ ਦੀ ਭਾਵੁਕਤਾਵਾਦੀ ਮਾਨਸਿਕਤਾ ਦਾ ਉਲੇਖ ਕਰਦਿਆਂ ਉਸਨੂੰ ਮਨੋਵਿਗਿਆਨਕ ਵਗਾਰ ਦਾ ਸ਼ਿਕਾਰ ਦੱਸਿਆ। ਮਾਪਿਆਂ ਵਲੋਂ ਬੱਚਿਆਂ ਨੂੰ ਅਪਣੇ ਮਨਪਸੰਦ ਖੇਤਰ ਤੋਂ ਜ਼ਬਰੀ ਪਰ੍ਹੇ ਧੱਕੇ ਜਾਣ ਨੂੰ ਦੂਹਰੀ ਮਾਨਸਿਕਤਾ ਦਾ ਕਾਰਨ ਦੱਸਦਿਆ ਉਹਨਾਂ ਕਿਹਾ ਕਿ ਅਜਿਹੀ ਮਾਨਸਿਕਤਾ ਵੱਡੇ ਪੱਧਰ ਤੇ ਜੀਵਨ 'ਚ ਅਸਫ਼ਲਤਾ ਦਾ ਕਾਰਨ ਬਣਦੀ ਹੈ। ਉਹਨਾ ਬਲਬੀਰ ਸਿਕੰਦ ਨੂੰ ਭਾਵੁਕਤਾ 'ਚੋਂ ਉਪਜੇ ਦੁਖਾਂਤ ਦਾ ਪਾਤਰ ਦੱਸਦਿਆਂ ਕਿਹਾ ਕਿ ਉਹ ਪ੍ਰੀਤਮਾ ਦੀ ਅਸਲੀਅਤ ਜਾਣ ਕੇ ਵੀ ਸਬਕ ਨਹੀਂ ਸਿੱਖਦਾ ਅਤੇ ਪਾਠਕ ਦੇ ਉਲਾਂਭੇ ਦਾ ਪਾਤਰ ਬਣਦਾ ਹੈ। ਇਸਦੇ ਨਾਲ ਨਾਲ ਉਹਨਾਂ ਧਨੀ ਮਾਪਿਆਂ ਵਲੋਂ ਬੱਚਿਆਂ ਨੂੰ ਜ਼ਰੂਰਤ ਤੋਂ ਵੱਧ ਪੈਸਾ ਦੇ ਕੇ ਉਹਨਾਂ ਨੂੰ ਜੀਵਨ ਸੰਘਰਸ਼ ਦੀ ਲੀਹ ਤੋਂ ਲਾਹੇ ਜਾਣ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਇਸ ਸਮਾਜਿਕ ਵਿਗਾੜ ਦਾ ਸ਼ਿਕਾਰ ਮੁੰਡੇ ਕੁੜੀਆਂ ਦੋਨੋਂ ਹੋ ਰਹੇ ਹਨ ਅਤੇ ਬਲਬੀਰ ਸਿਕੰਦ ਵਾਂਗ ਉਲਾਰ ਮਮਤਾ 'ਚ ਪਿਸਦੇ ਮਾਨਸਿਕ ਅਸਥਿਰਤਾ ਦਾ ਸ਼ਿਕਾਰ ਹੋ ਜਾਂਦੇ ਹਨ।

ਕੁਲਜੀਤ ਮਾਨ ਨੇ ਅਪਣੇ ਪਰਚੇ ਵਿੱਚ ਬਲਬੀਰ ਸਿਕੰਦ ਦੀ ਜੀਵਨੀ ਦੀ ਗੱਲ ਕਰਦਿਆਂ ਕਿਹਾ ਕਿ, ਭਾਵੁਕ ਹੋਣਾ ਕੋਈ ਚੰਗੀ ਗੱਲ ਨਹੀਂ ਸਮਝੀ ਜਾਦੀ ਜੇਕਰ ਉਸਦੀ ਉਮਰ ਜ਼ਿੰਦਗੀ ਦੇ ਪੈਂਡੇ ਜਿੰਨੀ ਲੰਮੀ ਹੋ ਜਾਵੇ। ਭਾਵੁਕ ਹੋ ਕੇ ਸਤਹੀ ਤੌਰ ਤੇ ਡੂੰਘੀਆਂ ਟੁੱਭੀਆਂ ਲਾਉਣਾ ਹੀ ਆਮ ਵਰਤਾਰਾ ਹੈ। ਇਸ ਟੁੱਭੀ 'ਚ ਅਕਸਰ ਗ਼ਾਰ ਹੀ ਹੱਥ ਆਉਂਦੀ ਹੈ। ਗ਼ਾਰ ਤੋ ਅਗਲੀ ਧਰਤ ਫਰੋਲਣ ਲਈ ਬਲਬੀਰ ਸਿਕੰਦ ਜਿਤਨਾ ਜਿਗ਼ਰਾ ਚਾਹੀਦਾ ਹੈ। ਉਹਨਾਂ ਜ਼ੰਗਾਲਿਆ ਕਿੱਲ੍ਹ ਚੋਂ ਉਭਰਦੇ ਬਲਬੀਰ ਸਿਕੰਦ ਦੇ ਸਮੁੱਚ ਨੂੰ ਰੂਪਮਾਨ ਕਰਦਿਆਂ ਕਿਹਾ ਕਿ, ਅੱਜ ਮੰਡੀ ਦਾ ਦੌਰ ਹੈ ਜਿੱਥੈ ਕਾਰਪੋਰੇਸ਼ਨ ਨੇ ਵਿਆਪਕ ਝੰਡਾ ਗੱਡਿਆ ਹੈ ਅਤੇ ਹਰ ਚੀਜ਼ ਨੂੰ ਪੈਸੇ ਦੀ ਕਿੱਲੀ ਤੇ ਟੰਗ ਦਿੱਤਾ ਹੈ ਤੇ ਸਾਨੂੰ ਵੀ ਓਹੀ ਪੈਮਾਨਾ ਵਰਤਣਾ ਚਾਹੀਦਾ ਹੈ। ਉਸੇ ਸਮਾਜ ਦੇ ਆਰਥਿਕ ਸ਼ਬਦਾਂ ਨੂੰ ਵਰਤਦਾ ਹੋਇਆ ਮੈਂ ਕਹਿ ਸਕਦਾ ਹਾਂ ਕਿ ਬਲਬੀਰ ਸਿਕੰਦ ਇੱਕ ਕਰੋੜਪਤੀ 'ਸ਼ਾਨੇ ਦਰਵੇਸ਼' ਹੈ।

ਪਰਚਿਆਂ ਤੋਂ ਬਾਦ ਇਹਨਾਂ ਤੇ ਬਹਿਸ ਦਾ ਆਰੰਭ ਕਰਦਿਆਂ ਬ੍ਰਜਿੰਦਰ ਗੁਲਾਟੀ ਹੁਰਾਂ ਨੇ ਕਿਹਾ ਕਿ ਕੋਮਲ ਸੁਭਾਅ ਦੇ ਬਲਬੀਰ ਨੂੰ ਘਰ ਵੱਲੋਂ ਕਲਾ ਵੱਲ ਦੀ ਇਜਾਜ਼ਤ ਨਾ ਮਿਲੀ ਅਤੇ ਮਜਬੂਰਨ ਮਕੈਨੀਕਲ ਇੰਜਨੀਅਰਿੰਗ ਵੱਲ ਜਾਣਾ ਪਿਆ। ਰੇਲ ਹਾਦਸੇ ਵਕਤ ਮੌਤ ਨੂੰ ਨੇੜਿਓਂ ਦੇਖ ਉਸ ਦਾ ਦਿਲ ਦਹਿਲ ਗਿਆ। ਜਦ ਪਿਆਰ ਕੀਤਾ ਤਾਂ ਵੀ ਬੇਵਫ਼ਾਈ ਹੀ ਮਿਲੀ। ਬ੍ਰਜਿੰਦਰ ਜੀ ਨੇ ਬਲਬੀਰ ਸਿਕੰਦ ਬਾਰੇ ਦੱਸਿਆ ਕਿ ਜੋ ਕਮੀ ਜ਼ਿੰਦਗੀ ਵਿੱਚ ਪਾਈ ਜੋ ਦਰਦ ਪਾਇਆ, ਉਸ ਨੂੰ 'ਜ਼ੰਗਾਲਿਆ ਕਿੱਲ' ਵਿੱਚ ਸਮੇਟਿਆ। ਇਹ ਵੀ ਦੱਸਿਆ ਕਿਵੇਂ ਉਸ ਨੇ ਮਾਂ ਦੀਆਂ ਪੀੜਾਂ ਨੂੰ ਲੈ ਕੇ ਜੀਵਨ ਵਿੱਚ ਆਈਆਂ ਮਾਂ-ਰੂਪੀ ਔਰਤਾਂ ਬਾਰੇ ਇੱਕ ਕਿਤਾਬ 'ਦਰਵੇਸ਼ ਬੀਬੀਆਂ' ਵੀ ਲਿਖੀ ਹੈ।

ਇਸ ਮੌਕੇ ਹਾਜ਼ਰ ਲੇਖਕਾਂ, ਪਾਠਕਾਂ ਅਤੇ ਚਿੰਤਕਾਂ ਵਲੋਂ ਆਪੋ ਅਪਣੇ ਵਿਚਾਰ ਪੇਸ਼ ਕੀਤੇ ਗਏ। ਜਿਹਨਾਂ ਚੋਂ ਨੀਟਾ ਬਲਵਿੰਦਰ, ਸੁਦਾਗਰ ਬਰਾੜ, ਬਲਬੀਰ ਸਿੰਘ ਗਿੱਲ, ਬਲਬੀਰ ਸਿਕੰਦ ਅਤੇ ਪਰਮਜੀਤ ਸੰਧੂ (ਖ਼ਬਰਨਾਮਾ) ਦੇ ਨਾਮ ਖਾਸ ਵਰਨਣਯੋਗ ਹਨ।

ਚਾਹ ਦੀ ਛੋਟੀ ਜਿਹੀ ਬਰੇਕ ਉਪਰੰਤ ਗੋਸ਼ਟੀ ਸਮਾਗਮ ਦਾ ਅਗਲਾ ਭਾਗ ਆਰੰਭ ਹੋਇਆ। ਸਮਾਗਮ ਦਾ ਇਹ ਗੋਸ਼ਟੀ ਸੈਸ਼ਨ ਉੱਘੇ ਹਾਸ-ਵਿਅੰਗ ਸ਼ਾਇਰ ਅਤੇ ਸੀਨਅਰ ਕਾਫ਼ਲਾ ਮੈਂਬਰ ਗੁਰਦਾਸ ਮਿਨਹਾਸ ਹੁਰਾਂ ਦੀ ਕਾਵਿ-ਪੁਸਤਕ 'ਤੜਪਦੇ ਅਹਿਸਾਸ ਦੀ ਮਹਿਕ' ਤੇ ਅਧਾਰਿਤ ਸੀ। ਇਸ ਪੁਸਤਕ ਤੇ ਬ੍ਰਜਿੰਦਰ ਗੁਲਾਟੀ ਜੀ ਵਲੋਂ ਇੱਕ ਪਰਚਾ ਪੜ੍ਹਿਆ ਗਿਆ। ਆਪਣੇ ਪਰਚੇ ਵਿੱਚ ਉਹਨਾਂ ਨੇ ਕਿਹਾ ਕਿ ਮਿਨਹਾਸ ਜੀ ਦੀ ਸ਼ਾਇਰੀ ਵਿੱਚ ਹਾਸ ਵਿਅੰਗ ਬਰਨਾਰਡ ਸ਼ਾਅ ਦੇ ਅੰਦਾਜ਼ ਵਰਗਾ ਲੱਗਦਾ ਹੈ। ਜਿੱਥੇ ਆਮ ਪਾਠਕ ਕੋਈ ਗੰਭੀਰ ਖ਼ਬਰ ਪੜ੍ਹ ਕੇ ਥੋੜ੍ਹੀ ਦੇਰ ਉਸ ਬਾਰੇ ਸੋਚ ਕੇ ਉਸ ਨੂੰ ਉਥੇ ਹੀ ਛੱਡ ਅੱਗੇ ਵਧ ਜਾਂਦਾ ਹੈ, ਮਿਨਹਾਸ ਜੀ ਉਸ ਤੇ ਮਿੰਨ੍ਹਾ ਜਿਹਾ ਹੱਸਦੇ ਹੋਏ ਚੋਟ ਕਰ ਜਾਂਦੇ ਹਨ। ਉਨ੍ਹਾਂ ਨੇ ਘਰੇਲੂ ਮਾਹੌਲ ਹੋਵੇ ਜਾਂ ਰਾਜਨੀਤਕ ਹਰ ਇੱਕ ਤੇ ਵਿਅੰਗ ਕੱਸਿਆ ਹੈ। ਮਿਨਹਾਸ ਜੀ ਦੀ ਕਲਪਨਾ ਦੀ ਦੌੜ ਵੀ ਚੰਗੀ ਹੈ ਅਤੇ ਉਹ ਰੱਬ ਨੂੰ ਬਾਬੇ ਦੇ ਭੇਸ ਵਿੱਚ ਲੈ ਕੇ ਦਿੱਲੀ ਦਾ ਭੀੜ ਭੜੱਕਾ, ਪੁਲਿਸ ਦੇ ਨਿੱਘਰਦੇ ਹਾਲਾਤ ਬਾਰੇ ਨਜ਼ਰ ਦੌੜਾਂਦੇ ਹਨ। ਬਗਦਾਦ ਦੇ ਅਤੇ ਟਵਿੱਨ ਟਾਵਰਜ਼ ਤੇ ਵਾਪਰੇ ਦੁਖਾਂਤ ਜਾਂ ਫਿਰ ਕਸ਼ਮੀਰ ਦੀ ਵਾਦੀ ਵਿੱਚ ਮੌਤ ਦੇ ਦ੍ਰਿਸ਼ ਦਿਖਾਉਂਦਿਆਂ ਉਹ ਆਮ ਆਦਮੀ ਦੀ ਗੱਲ ਕਰਦੇ ਹਨ। ਅੱਤਵਾਦ, ਔਰਤਾਂ ਦੇ ਦੁਖੜੇ ਗੱਲ ਕੀ ਹਰ ਪਾਸੇ ਨੂੰ ਵਾਚਿਆ ਹੈ ਅਤੇ ਹੱਸਦਿਆਂ ਹੱਸਦਿਆਂ ਵੱਡੇ ਮਸਲਿਆਂ ਤੇ ਝਾਤ ਮਾਰੀ ਹੈ॥

ਇਸ ਮੌਕੇ ਹਾਜ਼ਰ ਲੇਖਕਾਂ, ਪਾਠਕਾਂ ਅਤੇ ਚਿੰਤਕਾਂ ਵਲੋਂ ਇਸ ਪੁਸਤਕ ਬਾਰੇ ਆਪੋ ਅਪਣੇ ਵਿਚਾਰ ਪੇਸ਼ ਕੀਤੇ ਗਏ। ਜਿਹਨਾਂ ਚੋਂ ਹਰਮੋਹਨ ਲਾਲ ਛਿੱਬੜ, ਸੁਦਾਗਰ ਬਰਾੜ, ਰਾਜਪਾਲ ਬੋਪਾਰਾਏ, ਨਵਤੇਜ ਭਾਰਤੀ, ਰਛਪਾਲ ਕੌਰ, ਬਲਰਾਜ ਚੀਮਾਂ, ਕੁਲਜੀਤ ਮਾਨ,ਗੁਰਦਾਸ ਮਿਨਹਾਸ ਅਤੇ ਸਰਗਮ ਰੇਡੀਓ/ ਪੰਜਾਬੀ ਡੇਲੀ ਤੋਂ ਡਾ: ਬਲਵਿੰਦਰ ਦੇ ਨਾਮ ਖਾਸ ਵਰਨਣਯੋਗ ਹਨ।

ਉਪਰੰਤ ਦੋਹਾਂ ਗੋਸ਼ਟੀ ਸੈਸ਼ਨਾਂ ਬਾਰੇ ਅਪਣੇ ਕੁੰਜੀਵਤ ਵਿਚਾਰ ਪੇਸ਼ ਕਰਦਿਆਂ ਡਾ: ਵਰਿਆਮ ਸੰਧੂ ਹੁਰਾਂ ਨੇ ਕਿਹਾ ਕਿ, ਗੁਰਦਾਸ ਮਿਨਹਾਸ ਅਤੇ ਬਲਬੀਰ ਸਿਕੰਦ ਦੀਆਂ ਲਿਖ਼ਤਾਂ ਦੇ ਵੱਖਰੇ ਵੱਖਰੇ ਰੰਗ ਹਨ। ਇੱਕ ਕਵਿਤਾ ਹੈ ਤੇ ਇਕ ਵਾਰਤਕ। ਜਿੱਥੇ ਗੁਰਦਾਸ ਦੀ ਕਿਤਾਬ 'ਚ ਖੇੜਾ ਹੈ ਓਥੇ ਸਿਕੰਦ ਦੀ ਕਿਤਾਬ 'ਚ ਗਹਿਰੀ ਉਦਾਸੀ। ਮਿਨਹਾਸ ਹਸਾਉਣੇ ਤੇ ਕਾਟਵੇਂ ਅੰਦਾਜ਼ ਵਿੱਚ ਚੌਗਿਰਦੇ ਸੰਸਾਰ ਨਾਲ ਸੰਵਾਦ ਰਚਾਉਂਦਾ ਹੈ ਜਦ ਕਿ ਬਲਬੀਰ ਸਿਕੰਦ ਦਾ ਸੰਵਾਦ ਆਤਮਮੁਖੀ ਹੈ ਤੇ ਉਹ ਕਰੁਣਾ ਤੇ ਸਵੈਅ-ਤਰਸ ਨੂੰ ਜੁਗਤ ਵਜੋਂ ਵਰਤਦਾ ਹੈ। ਮਿਹਨਾਸ ਦੀ ਰਚਨਾ ਭਰੇ-ਪੂਰੇ ਉਤਸ਼ਾਹ ਅਤੇ ਚਾਅ ਨਾਲ ਜ਼ਿੰਦਗੀ ਨੂੰ ਵੇਖਣ ਤੇ ਮਾਨਣ ਦੀ ਰਾਹ ਦਰਸਾਉਂਦੀ ਹੈ ਜਦ ਕਿ ਸਿਕੰਦ ਦੀ ਰਚਨਾ ਦੁੱਖ ਨੂੰ ਸਮਝਣ ਤੇ ਸਹਿਣ ਕਰਨ ਵਿੱਚ ਸਹਾਈ ਹੁੰਦੀ ਹੈ। ਉਦਾਸੀ,ਨਿਰਾਸ਼ਾ ਤੇ ਅਸਫਲਤਾ ਵੀ ਜ਼ਿੰਦਗੀ ਦੀਆਂ ਹਕੀਕਤਾਂ ਹਨ ਪਰ ਦੁੱਖ ਨੂੰ ਖਲੁਦ ਭੱਜ ਕੇ ਗੁਲੇ ਲਗਾਉਣ ਦੀ ਥਾਂ ਇਸ ਬਿਰਤੀ ਤੋਂ ਪਾਸਾ ਮੋੜ ਕੇ ਸਿਕੰਦ ਜ਼ਿੰਦਗੀ ਨੂੰ ਵੇਖਣ ਲਈ ਸੱਜਰੀ ਤੇ ਉਤਸ਼ਾਹੀ ਨਜ਼ਰ ਮਿਨਹਾਸ ਕੋਲੋਂ ਲੈ ਲਵੇ ਤਾਂ ਉਸਦੀ ਲਿਖਤ ਦਾ ਰੰਗ ਗੰਭੀਰ ਤੇ ਗੂੜ੍ਹਾ ਹੋ ਸਕਦਾ ਹੈ। ਇੰਝ ਹੀ ਗੁਰਦਾਸ ਮਿਨਹਾਸ ਵੀ ਕਵਿਤਾ ਨੂੰ ਹੋਰ ਥੋੜਾ ਸ਼ਿੰਗਾਰ ਲਵੇ ਤਾਂ ਕਵਿਤਾ ਦਾ ਕੁਝ ਸੌਰ ਜਾਵੇਗਾ।

ਗੋਸ਼ਟੀ ਸਮਾਗਮ ਦੇ ਅੰਤ 'ਤੇ ਹਾਜ਼ਰ ਸ਼ਾਇਰਾਂ ਨੇ ਅਪਣਾ ਕਲਾਮ ਪੇਸ਼ ਕੀਤਾ, ਜਿਹਨਾਂ 'ਚੋਂ ਕਾਫ਼ਲੇ ਨਾਲ ਪਹਿਲੀ ਵੇਰ ਜੁੜੀ ਨਵੀਂ ਪੰਜਾਬੀ ਕਵਿਤਾ ਦੀ ਉਭਰਦੀ ਸ਼ਾਇਰਾ ਨੀਰੂ ਅਸੀਮ ਦਾ ਨਾਮ ਖਾਸ ਤੌਰ ਤੇ ਵਰਨਣਯੋਗ ਹੈ। ਉਹਨਾਂ ਨੇ ਅਪਣੀ ਪੁਸਤਕ 'ਸਿਫ਼ਰ' ਚੋਂ ਦੋ ਨਜ਼ਮਾਂ 'ਮਿਲਨ' ਅਤੇ 'ਵਜੂਦ' ਸਾਂਝੀਆਂ ਕੀਤੀਆਂ। ਨੀਰੂ ਜੀ ਤੋਂ ਇਲਾਵਾ ਇਸ ਮੌਕੇ ਬਲਦੇਵ ਸਿੱਧੂ, ਰਾਜਪਾਲ ਬੋਪਾਰਾਏ ਅਤੇ ਮਹਿੰਦਰਦੀਪ ਗਰੇਵਾਲ ਜੀ ਨੇ ਵੀ ਅਪਣਾ ਕਲਾਮ ਪੇਸ਼ ਕੀਤਾ ਅਤੇ ਸਰੋਤਿਆਂ ਦੀ ਭਰਪੂਰ ਦਾਦ ਲਈ।

ਇਸ ਭਰਵੀਂ ਸਾਹਿਤਕ ਮੀਟਿੰਗ ਵਿੱਚ ਭਾਗ ਲੈਣ ਵਾਲਿਆਂ ਦੀ ਗਿਣਤੀ 60 ਤੋਂ ਵੱਧ ਸੀ ਜਿਨ੍ਹਾਂ ਵਿੱਚ ਕੁਲਵੰਤ ਸਿੰਘ ਕੰਮੋਹ, ਵਕੀਲ ਸਿੰਘ ਕਲੇਰ, ਪੂਰਨ ਸਿੰਘ ਪਾਂਧੀ, ਤਿਲਕ ਰਾਜ ਸ਼ਰਮਾ, ਹਰੀ ਕ੍ਰਿਸ਼ਨ ਸ਼ਰਮਾ, ਬਰਖਾ ਰਾਮ ਸੈਨੀ, ਕਸ਼ਮੀਰ ਸਿੰਘ ਬੈਂਸ, ਗੁਰਮੇਲ ਪਵਾਰ, ਕ੍ਰਿਪਾਲ ਸਿੰਘ ਪੰਨੂੰ, ਤ੍ਰਿਲੋਚਨ ਸਿੰਘ ਆਸੀ, ਹਰਬੰਸ ਸਿੰਘ ਪੁਰੇਵਾਲ, ਅਮਰਜੀਤ ਮਿਨਹਾਸ, ਰਾਵੀ ਮਿਨਹਾਸ, ਸੁਰਿੰਦਰ ਮਿਨਹਾਸ, ਮਿੰਨੀ ਗਰੇਵਾਲ, ਅਨੀਤ, ਅਜੀਤ ਰੇਖਾ, ਗੁਰਬੰਤ ਮਾਨ, ਗੁਰਦਿਆਲ ਮਿਨਹਾਸ, ਹਰਜੀਤ ਸਿੰਘ ਬਾਜਵਾ (ਅਜੀਤ,ਪੰਜਾਬ),ਇਕਬਾਲ ਬਰਾੜ, ਸੁਖਵਿੰਦਰ ਘੁੰਮਣ, ਮਲੂਕ ਸਿੰਘ ਕਾਹਲੋਂ, ਪਰਮਿੰਦਰ ਮਿਨਹਾਸ, ਪਰਮਜੀਤ ਢਿੱਲੋਂ, ਗੁਰਬਖ਼ਸ਼ ਸਿੰਘ ਭੰਡਾਲ (ਪੰਜਾਬੀ ਪੋਸਟ), ਸ਼ਿਵ ਰਾਜ ਸੰਨੀ, ਸੁਰਿੰਦਰ ਭਾਰਤੀ, ਮਨਮੋਹਣ ਗੁਲਾਟੀ, ਅਜੇ ਸਹੋਤਾ-ਹਰਪ੍ਰੀਤ ਸਹੋਤਾ (ਪੰਜਾਬੀ ਕੁਨੈਕਸ਼ਨ ਰੇਡੀਓ), ਇਕਬਾਲ ਸੁੰਬਲ, ਅਤੇ ਅਮਰ ਸਿੰਘ ਢੀਂਡਸਾ ਵੀ ਹਾਜ਼ਰ ਸਨ। (ਉਂਕਾਰਪ੍ਰੀਤ)

# ਇਕ ਤਰਕਸ਼ੀਲ ਵਿਆਹ

(ਸਰ੍ਹੀ 17 ਜੁਲਾਈ 2011 ): ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ ਕੈਨੇਡਾ ਨੇ ਨਵਾਂ ਸਮਾਜ ਸਿਰਜਣ ਵੱਲ ਇੱਕ ਹੋਰ ਪੁਲਾਂਘ ਓਦੋਂ ਪੁੱਟੀ ਜਦੋਂ ਸੁਸਾਇਟੀ ਦੇ ਮੈਂਬਰ ਸਰਬਜੀਤ ਉੱਖਲਾ ਦੀ ਬੇਟੀ ਮਨਦੀਪ ਕੌਰ ਉੱਖਲਾ ਦਾ ਵਿਆਹ ਸ: ਸੁਰਜੀਤ ਸਿੰਘ ਚੱਠਾ ਦੇ ਸਪੁੱਤਰ ਕੁਲਵਿੰਦਰ ਸਿੰਘ ਚੱਠਾ ਨਾਲ ਤਰਕਸ਼ੀਲ ਰਸਮਾਂ ਅਨੁਸਾਰ ਸੰਪਨ ਕੀਤਾ ਗਿਆ। ਚੱਠਾ ਪਰਵਾਰ ਅਤੇ ਉੱਖਲਾ ਪਰਵਾਰ ਦੇ ਰਿਸ਼ਤੇਦਾਰਾਂ ਅਤੇ ਸਨੇਹੀਆਂ ਨੇ ਇਸ ਵਿਆਹ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਵਧ ਚੜ੍ਹਕੇ ਸਹਿਯੋਗ ਦਿੱਤਾ ਅਤੇ ਰੱਜ ਕੇ ਵਿਆਹ ਦਾ ਅਨੰਦ ਮਾਣਿਆ। ਤਰਕਸ਼ੀਲ ਸਭਿਆਚਾਰਕ ਸੁਸਾਇਟੀ ਕੈਨੇਡਾ ਵੱਲੋਂ ਤਿਆਰ ਕੀਤੀਆਂ ਗਈਆਂ ਇੰਨ੍ਹਾਂ ਵਿਆਹ ਦੀਆਂ ਰਸਮਾਂ ਮੁਤਾਬਕ ਕੈਨੇਡਾ ਵਿੱਚ ਕੀਤਾ ਜਾਣ ਵਾਲਾ ਇਹ ਦੂਸਰਾ ਵਿਆਹ ਸੀ। ਇਸ ਤੋਂ ਪਹਿਲਾਂ ਵੀ ਸਰਬਜੀਤ ਉੱਖਲਾ ਜੀ ਦੀ ਵੱਡੀ ਬੇਟੀ ਸੁਖਵੀਰ ਉੱਖਲਾ ਅਤੇ ਜਗਵਿੰਦਰ ਸਿੰਘ ਸਹੋਤਾ ਦੇ ਵਿਆਹ ਸਮੇਂ ਇਹ ਰਸਮਾਂ ਪਹਿਲੀ ਵਾਰ ਅਮਲ ਵਿੱਚ ਲਿਆਂਦੀਆਂ ਗਈਆਂ ਸਨ। ਅੱਜ ਦੇ ਵਿਆਹ ਨੂੰ ਉਦੋਂ ਚਾਰ ਚੰਨ ਹੋਰ ਲੱਗ ਗਏ ਜਦੋਂ ਉਪਰੋਕਤ ਜੋੜੀ ਆਪਣੇ ਨਵ-ਜਨਮੇ ਪੁੱਤਰ ਅਰਮਾਨ ਨਾਲ ਇਸ ਵਿਆਹ ਵਿੱਚ ਸ਼ਾਮਲ ਹੋਈ।

ਬਰਾਤ ਦੀ ਆਮਦ ਤੇ ਉਨ੍ਹਾਂ ਦਾ ਸਵਾਗਤ ਬੜੇ ਹੀ ਸਾਦਾ ਅਤੇ ਪ੍ਰਭਾਵਸ਼ਾਲ਼ੀ ਢੰਗ ਨਾਲ ਕੀਤਾ ਗਿਆ। ਚਾਹ ਪਾਣੀ ਛਕਣ ਉਪਰੰਤ ਲੜਕੇ ਅਤੇ ਲੜਕੀ ਦੇ ਮਾਤਾ ਪਿਤਾ ਨੂੰ ਸਟੇਜ ਉੱਪਰ ਬਿਠਾਇਆ ਗਿਆ। ਤਰਕਸ਼ੀਲ ਵਿਆਹ ਦੀਆਂ ਰਸਮਾਂ ਦਾ ਵੇਰਵਾ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਅਵਤਾਰ ਬਾਈ ਨੇ ਦੱਸਿਆ ਕਿ ਵਿਆਹ ਇੱਕ ਸਮਾਜਿਕ ਰਸਮ ਹੈ, ਜੋ ਦੋ ਜ਼ਿੰਦਗੀਆਂ ਦਾ ਹੀ ਨਹੀਂ ਸਗੋਂ ਦੋ ਪਰਵਾਰਾਂ ਸਮੇਤ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਸਨੇਹੀਆਂ ਦਾ ਮੇਲ ਵੀ ਹੈ। ਵਿਆਹ ਸਮਾਜ ਨੂੰ ਅੱਗੇ ਤੋਰਨ ਲਈ ਬਹੁਤ ਹੀ ਜ਼ਰੂਰੀ ਲੋੜ ਹੈ। ਵਿਆਹ ਨੂੰ ਸਹੀ ਢੰਗ ਨਾਲ ਨਿਭਾਉਣ ਲਈ ਸਮਾਜਿਕ ਸਦਾਚਾਰ ਵੀ ਉਂਨਾ ਹੀ ਜ਼ਰੂਰੀ ਹੈ। ਇਸੇ ਕਰਕੇ ਇਸ ਵਿਆਹ ਨੂੰ ਸਮਾਜਿਕ ਤੌਰ ਤੇ ਸੰਪੂਰਨ ਕਰਨ ਲਈ ਇਹ ਰਸਮਾਂ ਤਿਆਰ ਕੀਤੀਆਂ ਗਈਆਂ ਹਨ। ਲੜਕੇ ਅਤੇ ਲੜਕੀ ਨੂੰ ਆਪਣਾ ਜੀਵਨ ਸਾਥੀ ਚੁਣਨ ਦੀ ਪੂਰੀ ਖੁੱਲ੍ਹ ਦਿੱਤੀ ਗਈ ਹੈ। ਉਨ੍ਹਾਂ ਉੱਪਰ ਕਿਸੇ ਕਿਸਮ ਦਾ ਕੋਈ ਵੀ ਦਾਬਾ ਨਹੀਂ ਪੈਣ ਦਿੱਤਾ ਗਿਆ ਹੈ ਬਲਕਿ ਬੱਚਿਆਂ ਨੂੰ ਇਸ ਵਿਆਹ ਬਾਰੇ ਪੂਰੀ ਜਾਣਕਾਰੀ ਦੇ ਕੇ ਉਨ੍ਹਾਂ ਦੀ ਸਹਿਮਤੀ ਲੈ ਕੇ ਇਹ ਵਿਆਹ ਕੀਤਾ ਜਾ ਰਿਹਾ ਹੈ। ਅੱਜ ਇਨ੍ਹਾਂ ਰਸਮਾਂ ਰਾਹੀਂ ਜੋੜੀ ਜਿੱਥੇ ਆਪਣੇ ਮਾਤਾ ਪਿਤਾ ਅਤੇ ਬਜ਼ੁਰਗਾਂ ਤੋਂ ਇਸ ਵਿਆਹ ਦੀ ਆਗਿਆ ਲਵੇਗੀ ਉੱਥੇ ਜੋੜੀ ਵੱਲੋਂ ਸਮਾਜਿਕ ਤੌਰ ਤੇ ਸਭ ਦੇ ਸਾਹਮਣੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ, ਅਤੇ ਗ੍ਰਹਿਸਤ ਜੀਵਨ ਦੀ ਸ਼ੁਰੂਆਤ ਦਾ ਐਲਾਨ ਵੀ ਹੋਵੇਗਾ।

ਮਿੱਥੇ ਹੋਏ ਪ੍ਰੋਗਰਾਮ ਅਨੁਸਾਰ ਲੜਕਾ ਅਤੇ ਲੜਕੀ ਆਪਣੇ ਬਜ਼ੁਰਗਾਂ ਤੋਂ ਆਗਿਆ ਲੈਣ ਲਈ ਅੱਗੇ ਵੱਲ ਵਧਦੇ ਹਨ। ਗੀਤ ਗਾਇਆ ਜਾਂਦਾ ਹੈ: "ਲੱਗੇ ਹਾਂ ਵਾਟ ਤੁਰਨ ਅਸੀਂ ਪੰਧ ਲਮੇਰਿਆਂ ਦੀ, ਆਏ ਹਾਂ ਲੈਣ ਆਗਿਆ.."। ਮਨਦੀਪ ਉੱਖਲਾ ਅਤੇ ਕੁਲਵਿੰਦਰ ਚੱਠਾ ਦੇ ਖਾਣਾ ਪੀਣਾ ਰੈਸਟੋਰੈਂਟ ਸਰ੍ਹੀ ਵਿਖੇ ਹੋਏ ਇਸ ਵਿਆਹ ਸਮਾਗਮ ਸਮੇਂ ਇਹ ਗੀਤ ਜਗਵਿੰਦਰ ਸਿੰਘ ਸਹੋਤਾ ਅਤੇ ਮੇਜਰ ਸਿੰਘ ਬੋਪਾਰਾਏ ਨੇ ਬੜੀ ਹੀ ਜੋਸ਼ੀਲੀ ਅਤੇ ਸੁਰੀਲੀ ਅਵਾਜ਼ ਵਿੱਚ ਗਾਇਆ। ਗੀਤ ਪੂਰਾ ਹੋਣ ਉਪਰੰਤ ਲਾੜੇ ਅਤੇ ਲਾੜੀ ਦੇ ਦੇ ਮਾਤਾ ਪਿਤਾ ਸੁਰਜੀਤ ਸਿੰਘ ਚੱਠਾ, ਸ਼੍ਰੀਮਤੀ ਚਰਨਜੀਤ ਕੌਰ ਚੱਠਾ, ਸਰਬਜੀਤ ਉੱਖਲਾ ਅਤੇ ਲਖਵੀਰ ਕੌਰ ਉੱਖਲਾ ਨੇ ਜੋੜੀ ਦੇ ਗਲਾਂ ਵਿੱਚ ਹਾਰ ਪਾਕੇ ਜੀਵਨ ਸਾਥੀ ਬਣਨ ਦੀ ਇਜਾਜ਼ਤ ਦਿੱਤੀ, ਉਪਰੰਤ ਲਾੜੇ ਅਤੇ ਲਾੜੀ ਨੇ ਵਰ ਮਾਲਾ ਪਾਕੇ ਇੱਕ ਦੂਜੇ ਨੂੰ ਜੀਵਨ ਸਾਥੀ ਅਪਣਾ ਲਿਆ। ਲਾੜੇ ਅਤੇ ਲਾੜੀ ਦੇ ਮਾਤਾ ਪਿਤਾ ਨੇ ਜੋੜੀ ਨੂੰ ਇੱਕ ਸੂਹੀ ਫੁਲਕਾਰੀ ਨਾਲ ਢਕ ਕੇ ਉਨ੍ਹਾਂ ਨੂੰ ਪਤੀ ਪਤਨੀ ਵਜੋਂ ਵਿਚਰਨ ਲਈ ਅਸ਼ੀਰਵਾਦ ਦਿੱਤਾ। ਇਸ ਤੋਂ ਬਾਅਦ ਜੋੜੀ ਨੇ ਪੰਡਾਲ ਵਿੱਚ ਹਾਜ਼ਰ ਰਿਸ਼ਤੇਦਾਰਾਂ ਤੇ ਸਨੇਹੀਆ ਪਾਸੋਂ ਸਹਿਮਤੀ ਲੈਣ ਲਈ ਹਾਲ ਵਿੱਚ ਇੱਕ ਫੇਰਾ ਪਾਇਆ ਜਿਸ ਦੌਰਾਨ ਸਾਰੇ ਹੀ ਹਾਜ਼ਰ ਸਨੇਹੀਆਂ ਵੱਲੋਂ ਜੋੜੀ ਉੱਪਰ ਫੁੱਲ ਪੱਤੀਆਂ ਦੀ ਵਰਖਾ ਕਰਕੇ ਸਹਿਮਤੀ ਦਿੱਤੀ ਗਈ। ਇਹ ਰਸਮ ਪੂਰੀ ਹੋਣ ਉਪਰੰਤ ਹਰ ਇੱਕ ਨੇ ਜੋੜੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਗੀਤ ਸੰਗੀਤ ਸ਼ੁਰੂ ਹੋ ਗਿਆ। ਭੰਗੜੇ, ਗਿੱਧੇ ਅਤੇ ਧਮਾਲ ਵਿੱਚ ਸ਼ਾਮਲ ਹੋ ਕੇ ਹਰ ਇੱਕ ਨੇ ਖੁਸ਼ੀ ਮਨਾਈ ਅਤੇ ਇਹ ਦੌਰ ਕਾਫੀ ਲੰਮਾ ਚੱਲਿਆ। ਮਾਹੌਲ ਇਸ ਕਦਰ ਰੰਗੀਨ ਬਣ ਗਿਆ ਕਿ ਲਾੜਾ ਲਾੜੀ ਉਨ੍ਹਾਂ ਦੇ ਮਾਤਾ ਪਿਤਾ ਅਤੇ ਹੋਰ ਬਜ਼ੁਰਗ ਵੀ ਨੱਚਣੋਂ ਨਾ ਰਹਿ ਸਕੇ।

ਇਹ ਗੱਲ ਵਿਸ਼ੇਸ਼ ਜ਼ਿਕਰਯੋਗ ਹੈ ਕਿ ਤਰਕਸ਼ੀਲ ਮੈਂਬਰ ਆਪਣੇ ਅਤੇ ਆਪਣੇ ਬੱਚਿਆਂ ਦੇ ਵਿਆਹ ਸਮੇਂ ਜੀਵਨ ਸਾਥੀ ਦੀ ਚੋਣ ਵੇਲੇ ਜਾਤ ਪਾਤ, ਧਰਮ, ਨਸਲ ਆਦਿ ਦੀਆਂ ਵਲਗਣਾਂ ਤੋਂ ਉੱਪਰ ਉੱਠਕੇ ਇਨਸਾਨੀਅਤ ਦੇ ਅਧਾਰ ਤੇ ਫੈਸਲੇ ਕਰਦੇ ਹਨ। ਹਾਣ ਪ੍ਰਵਾਣ ਅਤੇ ਵਿਦਿਅਕ ਯੋਗਤਾ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਇੱਥੇ ਇਹ ਗੱਲ ਵੀ ਵਰਨਣ ਯੋਗ ਹੈ ਕਿ ਵਿਆਹ ਦੀਆਂ ਇੰਨ੍ਹਾਂ ਰਸਮਾਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵੀ ਪ੍ਰਵਾਨ ਕਰ ਲਿਆ ਗਿਆ ਹੈ ਤੇ ਪੰਜਾਬ ਵਿੱਚ ਵੀ ਅਜਿਹੇ ਤਰਕਸ਼ੀਲ਼ ਵਿਆਹਾਂ ਦੀ ਸ਼ੁਰੂਆਤ ਹੋ ਚੁੱਕੀ ਹੈ।

ਬਹੁਤ ਹੀ ਜਲਦੀ...। ਅਗਲਾ ਵਿਆਹ...। ਤਰਕਸ਼ੀਲ ਵਿਆਹ। - (ਪ੍ਰਮਿੰਦਰ ਕੌਰ ਸਵੈਚ) ●